ਸੱਚੀ ਕਿਰਤ

ਗਿ: ਮਾਨ ਸਿੰਘ 'ਝੌਰ' ਦੇ ਚੋਣਵੇਂ ਲੇਖ



੧ੴ ਸਤਿਗੁਰ ਪ੍ਰਸਾਦਿ ॥

ਸੱਚੀ ਕਿਰਤ

ਗਿਆਨੀ ਮਾਨ ਸਿੰਘ ਝੌਰ

ਦੇ ਚੋਣਵੇਂ ਲੇਖ

ਪ੍ਰਕਾਸ਼ਕ
ਭਾ: ਚਤਰ ਸਿੰਘ ਜੀਵਨ ਸਿੰਘ
ਅੰਮ੍ਰਿਤਸਰ

Sachee Kirat

Selected Lecture by Giani Maan Singh Jhaur

ISBN : 81-7601-432-X

ਤੀਜੀ ਐਡੀਸ਼ਨ : ਦਸੰਬਰ 2003

ਚੌਥੀ ਐਡੀਸ਼ਨ : ਜੂਨ 2013

ਮੁੱਲ : 75-00

ਸੰਪਾਦਕ:
ਗਿਆਨੀ ਹਰਦੀਪ ਸਿੰਘ

An ISO 9001:2008 Certified Publishing House
No. 101809-A01

ਪ੍ਰਕਾਸ਼ਕ :-

ਭਾ: ਚਤਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)।
ਫੋਨ : (0183) 2542346, 2547974, ਫੈਕਸ : 5017488
E-mail : csjssales@hotmail.com
: csjspurchase@yahoo.com
Visit our Website : www.csjs.com

(Printed in India)

ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫੋਨ : 2705003, 5095774

ਦੋ ਸ਼ਬਦ

ਗੁਰੂ-ਪਾਤਿਸ਼ਾਹਾਂ ਨੇ ਗੁਰਵਾਣੀ ਦਾ ਜੋ ਅਮੋਲਕ ਖਜ਼ਾਨਾ ਮਨੁੱਖ-ਮਾਤਰ ਵਾਸਤੇ ਬਖਸ਼ਿਸ਼ ਕੀਤਾ, ਉਹ ਉਦੋਂ ਤੋਂ ਹੀ ਵਰਤਦਾ ਆ ਰਿਹਾ ਹੈ। ਲੋਕ ਪ੍ਰਲੋਕ ਵਿਚ ਸਹਾਈ ਗੁਰਬਾਣੀ ਵਿਚ ਵਿਦਮਾਨ ਗੁਰਮਤਿ ਫਲਸਫੇ ਤੇ ਅਨੁਭਵ ਨੂੰ ਗੁਰੂ ਘਰ ਦੇ ਗ੍ਰੰਥੀ-ਪਾਠੀ-ਜਨ, ਗੁਰਮਤਿ, ਕੀਰਤਨੀਏਂ, ਲੈਕਚਰ ਕਰਨ ਵਾਲੇ ਗੁਰੂ ਪਿਆਰੇ, ਲਿਖਾਰੀ ਲੇਖਕ ਤੇ ਕਵੀ ਜਨ, ਸਟੀਕ-ਕਰਤਾ ਭਾਵ ਟੀਕਾਕਾਰ, ਕਥਾਕਾਰ ਤੇ ਵਖਿਆਨ ਦੇਣ ਵਾਲੇ ਗੁਰਮੁਖ ਪਿਆਰੇ ਆਪਣੇ-ਆਪਣੇ ਢੰਗ ਅਥਵਾ ਜੁਗਤ ਦਾ ਸਦਕਾ ਗੁਰੂ-ਪਿਆਰੀਆਂ ਸਿੱਖ ਸੰਗਤਾਂ ਨਾਲ ਸਾਂਝਾ ਕਰ ਰਹੇ ਹਨ। ਗੁਰੂ-ਘਰ ਦੇ ਪ੍ਰਵਾਨਿਤ ਵਖਿਆਨ ਦੇਣ ਵਾਲੇ ਕਥਾਕਾਰ ਗਿਆਨੀ ਮਾਨ ਸਿੰਘ ਝੌਰ ਗੁਰੂ-ਘਰ ਦੇ ਅਕਾਸ਼ ਦੇ ਐਸੇ ਹੀ ਇਕ ਟਿਮਟਿਮਾਉਂਦੇ ਤਾਰੇ ਕਹੇ ਜਾ ਸਕਦੇ ਹਨ। ਗਿਆਨੀ ਜੀ ਦੀ ਕਥਾ ਤੇ ਵਖਿਆਨ ਦਾ ਗੁਰੂ-ਕਿਰਪਾ ਸਦਕਾ ਮੌਲਿਕ ਢੰਗ ਰਿਹਾ ਹੈ। ਪਰਮ ਪਾਵਨ ਗੁਰਬਾਣੀ ਦੀ ਟੇਕ ਲੈਂਦਿਆਂ ਗੁਰੂ-ਘਰ ਦੇ ਚੋਟੀ ਦੇ ਸਰਵ ਪ੍ਰਵਾਨਿਤ ਵਿਦਵਾਨਾਂ, ਜੈਸੇ ਕਿ ਭਾਈ ਗੁਰਦਾਸ ਜੀ ਦਵਾਰਾ ਰਚੀਆਂ ਵਾਰਾਂ ਤੇ ਕਬਿੱਤ ਸਵੱਈਆਂ ਆਦਿ ਦੇ ਗੁਰਮਤਿ ਅੰਤਰੀਵ ਭਾਵ ਨੂੰ ਵੀ ਸਿੱਖ ਸੰਗਤਾਂ ਤਕ ਪਹੁੰਚਾਉਣਾ ਤੇ ਦ੍ਰਿੜ੍ਹਾਉਣਾ ਆਪ ਜੀ ਦੀ ਕਥਾ ਤੇ ਵਖਿਆਨ ਦਾ ਮੂਲ ਖਾਸਾ ਰਿਹਾ ਹੈ। ਉਨ੍ਹਾਂ ਦਾ ਵਿਆਪਕ ਜੀਵਨ-ਤਜਰਬਾ ਤੇ ਡੂੰਘਾ ਅਨੁਭਵ, ਉਰਦੂ ਦੀ ਚੋਣਵੀਂ ਸ਼ਾਇਰੀ ਦੀ ਵਾਕਫੀਅਤ ਤੇ ਵਿਭਿੰਨ ਸ੍ਰੋਤਾਂ ਤੋਂ ਹਾਸਲ ਕੀਤੀ ਕਥਾ-ਸਾਹਿਤ ਦੀ ਜਾਣਕਾਰੀ ਉਨ੍ਹਾਂ ਦੀ ਕਥਾ ਤੇ ਵਖਿਆਨ ਦਾ ਇਕ ਅਨਿੱਖੜ ਤੇ ਸਹਿਜ ਅੰਗ ਹੈ। ਗੁਰੂ ਸਾਹਿਬਾਨ ਤੇ ਗੁਰੂ-ਘਰ ਦੇ ਮਹਾਂ ਪ੍ਰੀਤਵਾਨ ਭੌਰਿਆਂ ਦੀ ਗੱਲ ਕਰਦਿਆਂ ਗਿਆਨੀ ਜੀ ਖਾਸ ਵਜਦ ਤੇ ਆਵੇਸ਼ ਵਿਚ ਵਿਚਰਨ ਲਗਦੇ ਹਨ ਤੇ ਉਨ੍ਹਾਂ ਦੀ ਮਾਖਿਓਂ ਵਰਗੀ ਮਿੱਠੀ ਜ਼ਬਾਨ ਵਿਚ ਹੋਰ ਮਿਠਾਸ ਆ ਜਾਂਦੀ ਹੈ। ਉਨ੍ਹਾਂ ਦਾ ਪਰਮ ਮਨੋਰਥ ਸਿੱਖ ਸੰਗਤ ਨੂੰ ਸਿੱਖੀ ਵਿਚ ਤ੍ਰਿਪਤ ਰਹਿਣ ਹਿੱਤ ਪ੍ਰੇਰਿਤ ਕਰਨਾ ਹੈ।

ਹੱਥਲੀ ਪੁਸਤਕ 'ਸੱਚੀ ਕਿਰਤ' ਵਿਚ ਉਨ੍ਹਾਂ ਦੇ ਬੋਲੇ ਕੁਝ ਪ੍ਰਮੁੱਖ ਲੈਕਚਰਾਂ ਦੀਆਂ ਕੈਸਟਾਂ ਦਾ ਉਤਾਰਾ ਹੈ ਜੋ ਮੈਂ ਹੂ-ਬ-ਹੂ ਲਿਖਣ ਦੀ ਕੋਸ਼ਿਸ਼ ਕੀਤੀ ਹੈ। ਇਸ ਵਿਚ ਉਨ੍ਹਾਂ ਦੇ ਸੱਤ ਲੈਕਚਰ ਸੱਚੀ ਕਿਰਤ, ਉਪਮਾਨ ਤੇ ਉਪਦੇਸ਼, ਇਸਤਰੀ, ਭਲਾ ਕਰਨਾ, ਵਾਹਿਗੁਰੂ ਕੀ ਉਪਮਾ, ਗੁਰਮਤਿ ਤੇ ਮਨਮੁੱਖ, ਪਾਪ ਤੇ ਪੁੰਨ ਦੀ ਸੱਚਾਈ ਦਰਜ ਹਨ, ਤਾਂ ਜੋ ਪ੍ਰੇਮੀ-ਜਨ ਇਨ੍ਹਾਂ ਨੂੰ ਪੜ੍ਹ ਕੇ ਆਪਣਾ ਜੀਵਨ ਸਫਲਾ ਕਰ ਸਕਣ।

-ਗਿਆਨੀ ਹਰਦੀਪ ਸਿੰਘ

ਨੰਦੇੜ

ਤਤਕਰਾ

ਸੱਚੀ ਕਿਰਤ

ਗੁਰੂ ਕੀ ਪਰਮ ਸਤਿਕਾਰ ਯੋਗ ਨਿਵਾਜੀ ਗੁਰੂ ਕਾ ਸੁੰਦਰ ਸਰੂਪ ਸਾਧ ਸੰਗਤ ਜੀ ! ਗੁਰੂ ਕੇ ਖਾਸ ਰੂਪ ਖਾਲਸਾ ਮਾਈ-ਭਾਈ ਬਿਰਧ, ਜੋ ਵੀ ਸਮੇਂ ਦੀ ਕਦਰ ਕਰਦੇ, ਸਮੇਂ ਦੀ ਕੀਮਤ ਨੂੰ ਜਾਣਦੇ ਹੋਏ, ਸਮੇਂ ਦਾ ਸਤਿਕਾਰ ਕਰਦੇ, ਗੁਰਦੁਆਰੇ ਪਹੁੰਚੇ ਹੋ । ਆਓ, ਆਪਾਂ ਸਾਰੇ ਗਿਆਨੀ ਮਾਨ ਸਿੰਘ ਝੌਰ ਜੀ ਕੋਲੋਂ "ਗੁਰੂ ਚੋਜੀ ਗੋਬਿੰਦ ਸਿੰਘ" ਜੀ ਦੀ ਮਹਿਮਾ ਬਾਰੇ ਕੁਝ ਜਾਣ ਸਕੀਏ !

"ਭਾਰੇ ਭੁਈ ਅਕ੍ਰਿਤਘਣ,
ਮੰਦੇ ਅਸੀਂ ਹਾਂ ਪਿਆਰਿਆ ।
ਭੁਲ ਕੇ ਭੁਲਾਈਆਂ ਤੇਰੀਆਂ,
ਤੈਨੂੰ ਮਨੋਂ ਵਿਸਾਰਿਆ ।
ਜੇ ਭੁੱਲਾ ਹੋਇਆ ਪਰਭਾਤ ਦਾ,
ਘਰ ਆ ਜਾਏ ਜੇ ਰਾਤ ਨੂੰ ।
ਤਾਂ ਭੁੱਲਾ ਹੋਇਆ ਨਹੀਂ ਜਾਪਦਾ,
ਸੱਚਮੁੱਚ ਉਹ ਤੇਰੀ ਜਾਤ ਨੂੰ ।
ਹੁਣ ਜੀਭ ਮੇਰੀ ਸੁੱਕਦੀ,
ਤੇ ਬੋਲਣਾ ਨਹੀਂ ਹੋਂਵਦਾ ।
ਕਿ ਕਾਲਾ ਮੇਰਾ ਮੂੰਹ ਚੰਦਰਾ,
ਹੁਣ ਮੂੰਹ ਨਹੀਂ ਖੋਲ੍ਹਣ ਹੋਂਵਦਾ ।
ਇਹ ਹੱਥ ਭੈੜੇ ਚੰਦਰੇ,
ਜਿਨ੍ਹਾਂ ਬਿਦਾਵਾ ਲਿਖਿਆ,
ਜੁੜੇ ਹੋਏ ਨਹੀਂ ਖੁਲ੍ਹਦੇ
ਮੰਗਣ ਲਈ ਤੈਥੋਂ ਭਿਖ਼ਿਆ ।"

ਓ ਰਾਜ ਯੋਗੀ ਮਾਲਕਾ ! ਉਹ ਨਿਰਧਨਾਂ ਦੇ ਪਾਲਕਾ, ਬੱਸ ਪਾੜ ਦੇ ਦਾਤਾ ਬਿਦਾਵਾ ਪਾੜ ਦੇ !

"ਨਾਦਾਨ ਸਾਂ ! ਇਨਸ਼ਾਨ ਸਾਂ !,
ਨਾ ਤੇਰੇ ਵਾਂਗੂੰ ਪ੍ਰੀਤਮਾਂ ਬਲਵਾਨ ਸਾਂ,

ਭਗਵਾਨ ਸਾਂ ।
ਬੱਸ ਹੁਣ ਆਸ ਪੂਰੀ ਹੋ ਗਈ,
ਦਰਸ਼ਨ ਦੀਆਂ ਤਾਂਘਾਂ ਮੁੱਕੀਆਂ ।
ਪ੍ਰੀਤਮ ਦੇ ਕੰਨੀ ਆਵਾਜ਼ ਪਹੁੰਚੀ,
ਮਿਲ ਗਈਆਂ ਸਭ ਮੁਕਤੀਆਂ ।
ਬੱਸ ਆਸ ਨਹੀਂ ਹੁਣ ਹੋਰ ਦੀ,
ਬੱਸ ਇਕੋ ਤਮੰਨਾ ਰਹਿ ਗਈ,
ਮੈਂ ਕੂੰਜ ਡਾਰੋਂ ਵਿਛੜੀ ।
ਮਰਦੇ ਹੋਏ ਹਾਂ ਕਹਿ ਰਹੀ,
ਹੁਣ ਛੱਡ ਪਾਣੀ ਛਿੜਕਨਾ ।
ਜੀਉਣਾ ਮੇਰਾ ਬੇਸੂਦ ਹੈ,
ਪਾੜ ਦੇ ਲਿਖਿਆ ਬਿਦਾਵਾ,
ਰੂਹ ਮੇਰੀ ਮੌਜੂਦ ਹੈ ।"
"ਗੁਰੂ ਗੋਬਿੰਦ ਸਿੰਘ ਸਾਹਿਬ,
ਹੁਣ ਆਖਰੀ ਇਕ ਅਰਦਾਸ ਹੈ ।
ਜੇ ਰਹਿ ਗਿਆ ਕੋਈ ਸੁਆਸ ਹੈ,
ਉਹ ਨਿਕਲੇ ਤੇਰੀ ਝੋਲੀ ਦੇ ਵਿੱਚ,
ਖੂਨਾਂ ਦੀ ਖੇਡੀ ਹੋਲੀ ਦੇ ਵਿੱਚ !
ਇਹ ਸੀਸ ਮੇਰਾ ਦਾਤਿਆ,
ਚਰਨੀਂ ਤੇਰੀ ਝੁਕਿਆ ਰਹੇ ।
ਵੀਰਾਂ ਦਾ ਕੀਤਾ ਐਬ ਦਾਤਾ,
ਇਹ ਮੁਕਤਸਰ ਦੀ ਕਰਬਲਾ,
ਦੁਨੀਆਂ ਕੋਲ ਆ ਸਕੇਗੀ ਨਾ ।
ਗਾ-ਗਾ ਕੇ ਤੇਰੇ ਕਾਰਨਾਮੇ,
ਵੀਨਾ ਕਦੇ ਥੱਕੇਗੀ ਨਾ ।
ਇਹ ਕਹਿੰਦੇ-ਕਹਿੰਦੇ ਰੁੱਕ ਗਿਆ,
ਦਸਮੇਸ਼ ਦਾ ਉਹ ਲਾਲ ਸੀ,
ਟੁੱਟੀ ਨੂੰ ਗੰਢਣ ਵਾਲੜਾ,
ਪ੍ਰੀਤਮ ਵੀ ਓਦੋਂ ਨਾਲ ਸੀ !"

ਇਹ ਕਹਿੰਦਿਆਂ-ਕਹਿੰਦਿਆਂ "ਮਹਾਂ ਸਿੰਘ" ਚੁੱਪ ਹੋ ਗਿਆ ਤੇ ਟੁੱਟੀਆਂ ਗੰਢਣ ਵਾਲਾ, ਸਰਗੁਣ ਰੂਪ ਧਾਰ ਕੇ "ਗੁਰੂ ਗੋਬਿੰਦ ਸਿੰਘ" ਨਾਮ ਰਖਵਾ ਕੇ ਆਇਆ ਹੋਇਆ, ਜਿਸ ਨੂੰ ਬਾਪੂ ਪੰਜਵਾਂ ਇਹ ਗੱਲ ਕਹਿੰਦਾ ਹੈ ।

"ਟੂਟੀ ਗਾਢਨਹਾਰ ਗੋੁਪਾਲ ॥
ਟੂਟੀ ਗਾਢਨਹਾਰ ਗੋੁਪਾਲ ॥
ਟੂਟੀ ਗਾਢਨਹਾਰ ਗੋੁਪਾਲ
ਟੂਟੀ ਗਾਢਨਹਾਰ ਗੋੁਪਾਲ ॥"

ਆਖਦਾ ਮੇਰੇ ਸਾਥੀਆਂ ਨੂੰ ਮਾਫ ਕਰ ਦਿਉ। ਫਾੜ ਦਿਉ ਬੇਦਾਵਾ। ਸਾਹਿਬਾਂ ਨੇ ਕਮਰ-ਕੱਸੇ ਵਿਚੋਂ ਬੇਦਾਵੇ ਦਾ ਕਾਗਜ਼ ਕੱਢ ਕੇ ਆਖਿਆ, "ਮਹਾਂ ਸਿੰਘਾ ! ਮੈਂ ਆਨੰਦਪੁਰ ਛੱਡ ਆਇਆ ਹਾਂ ! ਪਿਆਰੀ ਮਾਂ ਮੇਰੀ ਵਿਛੜ ਗਈ, ਪੁੱਤਰ ਮੇਰੇ ਵਿੱਛੜ ਗਏ, ਪਿਆਰਾ ਪੰਥ ਮੇਰਾ ਵਿੱਛੜ ਗਿਆ।

ਮਹਾਂ ਸਿੰਘਾ ! ਮੈਂ ਸਭ ਕੁੱਝ ਛੱਡ ਕੇ ਆ ਗਿਆ ਹਾਂ। ਪਰ ਮਹਾਂ ਸਿੰਘਾ ਮੈਂ ਤੇਰਾ ਬੇਦਾਵਾ ਨਹੀਂ ਛੱਡ ਕੇ ਆਇਆ ਹਾਂ। ਆ ਵੇਖਦਾ ਹੈਂ ਨਾ ਉਹੀ ਕਾਗਜ਼ ਹੈ ਨਾ, ਤੇ ਮਹਾਂ ਸਿੰਘ ਦੀ ਚੀਖ ਨਿਕਲ ਗਈ। ਕਹਿਣ ਲੱਗਾ, ਦਾਤਾ ਇਹਦੇ ਅੱਖਰ ਨਾ ਵਿਖਾ। ਇਹਦੇ ਕਰੁੰਡੀਏ ਅੱਖਰ ਸੱਪ ਬਣ-ਬਣ ਕੇ ਡੰਗਦੇ ਨੇ। ਇਹਦੇ ਅੱਖਰ ਪਹਾੜੀ ਬਿਛੂਏ ਬਣ-ਬਣ ਕੇ ਡੰਗ ਮਾਰਦੇ ਨੇ। ਇਹਦੇ ਅੱਖਰ ਨਾ ਤਰੀ ਜਾਣ ਵਾਲੀ ਨਦੀ ਵਾਂਗੂੰ ਵੱਲ ਪਾ-ਪਾ ਕੇ ਨਜ਼ਰ ਆ ਰਹੇ ਨੇ ! ਮਹਾਰਾਜ, ਮੇਰੇ ਉੱਤੇ ਦਇਆ ਕਰ ਦੇ, ਮੇਰੇ ਤੇ ਤੁਰੱਠ ਪਉ, ਮੇਰੇ ਤੇ ਰੀਝ ਪਉ, ਮੇਰੇ ਸਾਥੀਆਂ ਨੂੰ ਮਾਫ ਕਰ ਦੇ, ਸਾਂਈਂ ਬਿਦਾਵਾ ਪਾੜ ਦੇ। ਗਰੀਬ ਨਿਵਾਜ਼ ਨੇ ਬਿਦਾਵਾ ਪਾੜਿਆ, ਉਸ ਦੇ ਪੁਰਜ਼ੇ ਖਿਲਾਰ ਦਿੱਤੇ। ਜਿਥੇ ਅੱਜ ਕੱਲ ਗੁਰਦੁਆਰਾ "ਸ੍ਰੀ ਮੁਕਤਸਰ" ਸਾਹਿਬ ਹੈ। ਮਾਨ ਸਿੰਘ ਝੌਰ ਜੀ ਕਹਿੰਦੇ ਨੇ ਬੜਾ ਸੁੰਦਰ ਮੰਦਰ ਹੈ, ਜਿਥੇ ਮੈਂ ਕਈ ਵੇਰਾਂ ਗਿਆ ਹਾਂ। "ਮੰਡੀ ਕੁਲਿਆਨੇ" ਮੈਂ ਕਈ ਵੇਰਾਂ ਗਿਆ ਹਾਂ, ਉਥੋਂ ਦਰਸ਼ਨ ਕਰਕੇ ਮੁਕਤਸਰ ਆਈਦਾ ਹੈ। ਗੁਰੂ ਕੇ ਸਿੱਖੋ, ਸਾਹਿਬਾਂ ਨੇ ਮਹਾਂ ਸਿੰਘ ਨੂੰ ਕਲੇਜੇ ਨਾਲ ਲਾ ਲਿਆ। ਜਿਹੜੇ ਸ਼ਹੀਦ ਮੁੜ ਕੇ ਆਏ ਸੀ ਕਿ ਸਾਨੂੰ "ਸ਼ਹੀਦ ਗੰਜ" ਵਿੱਚ ਥਾਂ ਨਹੀਂ ਦਿੰਦਾ ਕੋਈ। ਇਹ ਕਾਫਲਾ ਫਿਰ ਸ਼ਹੀਦ ਗੰਜ ਨੂੰ ਤੁਰ ਪਿਆ। ਜਿਹੜੇ ਸ਼ਹੀਦ ਗੰਜ ਵਿਚ ਪਹਿਲੇ ਸ਼ਹੀਦ ਮੌਜੂਦ ਸਨ, ਉਹ ਇਹਨਾਂ ਨੂੰ ਲੈਣ ਵਾਸਤੇ ਆਏ। ਸ਼ਹੀਦ ਗੰਜ ਦੇ ਸ਼ਹੀਦ, ਮਾਤ-ਲੋਕ ਦੇ ਸ਼ਹੀਦ, ਇਹਨਾਂ ਦੋਹਾਂ ਵਲੋਂ ਆਵਾਜ਼ ਆ ਰਹੀ ਸੀ :

"ਗੁਰ ਵਡਭਾਗੀ ਪਾਇਆ ਐਸਾ,
ਗੁਰ ਵਡਭਾਗੀ ਪਾਇਆ ॥"
"ਦੂਖ ਸੁਖ ਕਰਤ ਜਨਮਿ ਫੁਨਿ ਮੂਆ ॥"
ਇਹ ਜੀਵ ਦੁੱਖਾਂ ਤੇ ਸੁੱਖਾਂ ਵਿੱਚ ਰੋਂਦਾ-ਧੋਂਦਾ ਮਰ ਜਾਂਦਾ ਹੈ।
ਚਰਨ ਕਮਲ ਗੁਰ ਆਸ੍ਰਮੁ ਦੀਆ ॥੩॥
ਅਗਨਿ ਸਾਗਰ ਬੂਡਤ ਸੰਸਾਰਾ ॥
ਸਾਰਾ ਸੰਸਾਰ ਅੱਗ ਦੇ ਸਮੁੰਦਰ ਵਿਚ ਡੁੱਬ ਰਿਹਾ ਹੈ।

ਨਾਨਕ ਬਾਹ ਪਕਰਿ ਸਤਿਗੁਰਿ ਨਿਸਤਾਰਾ ॥ (ਪੰਨਾ ੮੦੪)

ਅਰਥਾਤ ਜਿਹੜੇ ਸਤਿਗੁਰ ਨੇ ਬਾਂਹ ਫੜ ਕੇ ਪਾਰ ਕਰ ਦਿੱਤਾ, ਬੇਦਾਵਾ ਪਾੜ ਦਿੱਤਾ, ਟੁੱਟੀ ਗੰਢ ਲਈ ਤੇ ਅੱਜ ਦੇ ਦਿਨ ਨੂੰ ਭਾਗ ਲਾਇਆ। ਜੈ-ਜੈਕਾਰ ਹੋਈ ਕਿ ਅੱਜ ਬੜਾ ਭਾਰਾ ਮੇਲਾ ਹੈ ਮੁਕਤਸਰ ਸਾਹਿਬ ਦਾ। ਹਜ਼ਾਰਾਂ ਨਹੀਂ ਲੱਖਾਂ ਜੀਵ ਆਉਂਦੇ ਨੇ ਉਥੇ, ਕਲਿਆਣ ਚਾਹੁੰਦੇ ਨੇ ਆਪਣੀ! ਤੁਸੀਂ ਵੀ ਸਾਰੇ ਆਪਣੇ ਆਪ ਨੂੰ ਮੁਕਤਸਰ ਬੈਠੇ ਤਸਲੀਮ ਕਰੋ, ਤੇ ਆਪਣੇ ਆਪ ਨੂੰ ਮੁਕਤਸਰ ਜਾਣ ਕੇ ਬਾਬੇ "ਗੁਰੂ ਗੋਬਿੰਦ ਸਿੰਘ" ਸਾਹਿਬਾਂ ਦੇ ਚਰਨਾਂ ਨਾਲ ਲਿਬੜੋ!

"ਵਡਭਾਗੀ ਪਾਇਆ,
ਐਸਾ ਗੁਰ ਵਡਭਾਗੀ ਪਾਇਆ।
ਐਸਾ ਗੁਰ ਵਡਭਾਗੀ ਪਾਇਆ......

ਗਰੀਬ-ਨਿਵਾਜ਼ ਗੁਰੂ ਕੀ ਸੰਗਤ ਜੀ! ਮਾਨ ਸਿੰਘ ਝੌਰ ਜੀ ਕਹਿੰਦੇ ਹਨ ਕਿ ਮੈਂ ਆਪਣੇ ਆਪ ਨੂੰ ਸਿੱਧਾ ਸਿੱਖ ਜਾਣਦਾ ਹਾਂ। ਇਸ ਤਰ੍ਹਾਂ ਦਾ ਸਿੱਖ ਜਾਣਦਾ ਹਾਂ ਕਿ ਬੜਾ ਚਿਰ ਹੋਇਆ ਪਾਕਿਸਤਾਨ ਬਣਨ ਤੋਂ ਬਾਅਦ ਮੇਰੇ ਨਿੱਕੇ ਭਰਾ ਨੂੰ ਕੋਈ ਰਿਸ਼ਤਾ ਲੈ ਕੇ ਆਇਆ ਸੀ ਤੇ ਮੈਂ ਓਸ ਬੈਠਕ ਵਿਚ ਬੈਠਾ ਸੀ ਤੇ ਉਧਰੋਂ ਮੇਰੀ ਜਨਾਨੀ ਨੇ ਆਵਾਜ਼ ਮਾਰੀ, ਗਿਆਨੀ ਜੀ, ਗੱਲ ਸੁਣਿਓ! ਮੈਂ ਆ ਗਿਆ ਬਾਰੀ ਲਾਗੇ ਤੇ ਕਿਹਾ, "ਕੀ ਗੱਲ ਹੈ?" ਕਹਿੰਦੀ ਖੰਡ ਹੈ ਨਹੀਂ ਖੰਡ। ਪ੍ਰਾਹੁਣੇ ਆ ਗਏ ਨੇ ਤੇ ਖੰਡ ਹੈ ਨਹੀਂ! ਮੈਂ ਕਿਹਾ ਕੀ ਗੱਲ ਹੈ ਖੰਡ ਹੈ ਨਹੀਂ! ਤੇ ਮੈਂ ਕਿਹਾ ਇਹ ਜਿਹੜੇ ਆਏ ਹੋਏ ਨੇ ਕੁੜੀ ਦਾ ਰਿਸ਼ਤਾ ਕਰਨ, ਇਹਨਾਂ ਕਿਹੜਾ ਕਾਰਖਾਨਾ ਲਾਇਆ ਹੋਇਆ ਹੈ! ਇਹ ਵੀ ਬਜ਼ਾਰੋਂ ਲਿਆਉਂਦੇ ਨੇ ਤੇ ਜੇ ਤੇਰੀ ਮੁੱਕੀ ਹੈ ਖੰਡ ਤੇ ਪੈਸੇ ਲੈ ਜਾ ਕੇ ਲੈ ਆ! ਤੇ ਉਹ ਕਹਿਣ ਲੱਗੇ ਕੁੜੀ ਵਾਲੇ, ਭਾਈ ਸਾਹਿਬ ਤੇਰਾ ਸਭ ਕੁੱਝ ਛੱਡਿਆ, ਤੂੰ ਸਾਡਾ ਰਿਸ਼ਤਾ ਮਨਜ਼ੂਰ ਕਰ ਲੈ! ਮੈਂ ਅੱਜ ਸ: ਸੋਹਣ ਸਿੰਘ ਨਾਲ ਦੁੱਖ ਰੋਇਆ। ਭਈ ਸੋਹਣ ਸਿੰਘ ਜੀ, ਤੁਸਾਂ ਮੈਨੂੰ ਸੱਦ ਤੇ ਲਿਆ ਏਥੇ। ਤੁਹਾਡੇ ਪੁੱਤਰਾਂ ਨੇ ਵੀ ਬੜਾ ਪਿਆਰ ਕੀਤਾ ਮੇਰੇ ਨਾਲ, ਸੰਗਤ ਵੀ ਬੜੀ ਆਉਂਦੀ ਹੈ, ਪਰ ਮੈਨੂੰ ਆਪਣੀ ਦਾਤ ਉਤੇ ਬੜਾ ਅਫਸੋਸ ਹੈ ਕਿ ਮੈਂ ਤੁਹਾਡੀ ਸੰਗਤ ਨੂੰ ਖੁਸ਼ ਨਹੀਂ ਕਰ ਸਕਿਆ। ਮੈਂ ਤੁਹਾਡੀ ਸੰਗਤ ਦੇ ਪਿਆਰ ਨੂੰ ਜਿੱਤ ਨਾ ਸਕਿਆ। ਇਹ ਮੇਰੇ ਵਿਚ ਘਾਟਾ ਹੈ। ਔਰ ਮੈਂ ਹੈਰਾਨ ਹਾਂ ਮੈਂ ਸਤਵੰਜਾ ਵਰ੍ਹੇ ਪ੍ਰਚਾਰ ਕੀਤਾ ਔਰ ਮੈਂ ਸਟੇਜ ਉਤੇ ਕਦੀ ਹਾਰਿਆ ਨਹੀਂ। ਮੈਂ ਕਿਹਾ ਸੋਹਣ ਸਿੰਘ ਇਥੇ ਤਾਂ ਮੈਂ ਹਾਰ ਗਿਆ ਹਾਂ। ਉਹ ਕਹਿਣ ਲੱਗੇ, ਨਹੀਂ, ਇਹ ਅਸਾਂ ਤੇਰੀ ਗੱਲ ਨਹੀਂ ਸੁਣਨੀ! ਤੂੰ ਮੇਰੀ ਸ਼ਿਕਸਤ ਤੇ ਅੱਜ ਤੁਹਾਡੇ ਦਰਸ਼ਨ ਕਰਕੇ ਫਿਰ ਫਤਹਿ ਵਿਚ ਮੈਨੂੰ ਮਾਲੂਮ ਹੁੰਦੀ ਹੈ!

"ਤੁਧੁ ਆਗੈ ਅਰਦਾਸਿ ਹਮਾਰੀ ਜੀਉ ਪਿੰਡੁ ਸਭੁ ਤੇਰਾ ॥
ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ ॥ (ਪੰਨਾ ੩੮੩)

"ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ ॥
ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥" (ਪੰਨਾ ੧੩੭੫)
"ਬਸੰਤਿ ਸੂਰਗ ਲੋਕਹਿ ਜਿਤਤੇ ਪ੍ਰਿਥਵੀ ਨਵ ਖੰਡਣਹ ॥
ਬਿਸਰਤ ਹਰਿ ਗੋਪਾਲਹ ਨਾਨਕ ਤੇ ਪ੍ਰਾਣੀ ਉਦਿਆਨ ਭਰਮਣਹ ॥੧॥
ਕਉਤਕ ਕੋਡ ਤਮਾਸਿਆ ਚਿਤਿ ਨ ਆਵਸੁ ਨਾਉ ॥
ਨਾਨਕ ਕੋੜੀ ਨਰਕ ਬਰਾਬਰੇ ਉਜੜੁ ਸੋਈ ਥਾਉ ॥੨॥ (ਪੰਨਾ ੭੦੭)
ਮਹਾ ਭਇਆਨ ਉਦਿਆਨ ਨਗਰ ਕਰ ਮਾਨਿਆ ॥
ਝੂਠ ਸਮਗ੍ਰੀ ਪੇਖਿ ਸਚੁ ਕਰਿ ਜਾਨਿਆ ॥
ਕਾਮ ਕ੍ਰੋਧਿ ਅਹੰਕਾਰਿ ਫਿਰਹਿ ਦੇਵਾਨੀਆ ॥
ਸਿਰਿ ਲਗਾ ਜਮ ਡੰਡੁ ਤਾ ਪਛੁਤਾਨਿਆ ॥
ਬਿਨੁ ਪੂਰੇ ਗੁਰਦੇਵ ਫਿਰੈ ਸੈਤਾਨਿਆ ॥੯॥

ਮਾਨ ਸਿੰਘ ਝੌਰ ਜੀ ਦੱਸਦੇ ਨੇ ਮਰਾਸੀ ਕਿਤੇ ਗਿਆ ਪਾਣੀ ਭਰਨ। ਔਰ ਅੱਧ ਵਿੱਚ ਆ ਗਿਆ ਘੜਾ ਪਾਣੀ ਦਾ। ਕੋਈ ਗਾਉਂਦਾ ਸੀ :

ਹੇ ਸੱਜਣ ਮੇਰੇ ਘਰ ਆਉ।
ਹੇ ਸੱਜਣ ਮੇਰੇ ਘਰ ਆਉ।

ਉਹ ਜਿਸ ਵੇਲੇ ਉਹਨੇ ਕਿਹਾ ਨਾ "ਸੱਜਣ ਮੇਰੇ ਘਰ ਆ.....ਆ.......।" ਘੜਾ ਵਿਚ, ਲਾ ਛਲ ਵਿਚ। ਕਿਸੇ ਨੇ ਪੁਛਿਆ, "ਓਇ! ਇਹ ਕੀ ਗੱਲ ਹੈ?" ਟੱਬਰ ਪਿਆਸਾ ਤੇ ਤੂੰ ਘੜਾ ਹੀ ਖੂਹ ਵਿੱਚ ਸੁੱਟ ਦਿੱਤਾ ਹੈ। ਕਹਿੰਦਾ ਖਸਮੁਖਾਏ ਘੜਾ ਤੇ ਕੱਢ ਲਵਾਂਗੇ ਪਰ ਜਿਹੜਾ ਤਾਰੋਂ ਘੁੱਸ ਗਿਆ ਉਸ ਦਾ ਰਿਹਾ ਕੁਝ ਨਹੀਂ! ਕੋਸ਼ਿਸ਼ ਕਰੋ, ਸਿੱਧੀ ਜਿਹੀ ਟੇਕ ਹੈ :

"ਬਿਨੁ ਪੂਰੇ ਗੁਰਦੇਵ ਫਿਰੈ ਸੈਤਾਨਿਆ......,
ਬਿਨੁ ਪੂਰੇ ਗੁਰਦੇਵ ਫਿਰੈ ਸੈਤਾਨਿਆ।" (ਪੰਨਾ ੭੦੮)

ਸੰਗਤ ਜੀ, ਜੇ ਕੋਈ ਆਖੇ ਨਾ ਕਥਾ ਕਰਨ ਵਾਲਾ ਰਾਗੀ ਬਣ ਜਾਏ ਤੇ ਅਠਾਰਾਂ ਆਨੇ ਝੂਠ ਹੈ। ਔਰ ਜੇ ਕੋਈ ਕਹੇ ਕਿ ਰਾਗੀ ਢਾਡੀ ਬਣ ਜਾਏ ਤੇ ਇਹ ਵੀਹ ਆਨੇ ਝੂਠ ਹੈ। ਤੇ ਜੇ ਕੋਈ ਕਹੇ ਕਿ ਢਾਡੀ ਗੁਰੂ ਗ੍ਰੰਥ ਸਾਹਿਬ ਵਾਲਾ, ਕਥਾ ਕਰਨ ਵਾਲਾ ਗਿਆਨੀ ਬਣ ਜਾਏ ਤੇ ਇਹ ਤਾਂ ਬਿਲਕੁਲ ਹੀ ਝੂਠ ਹੈ! ਕਥਾ ਕਦੋਂ ਬਣਦੀ ਹੈ? ਸਰੋਤਾ ਕਦੋਂ ਰਚਦਾ ਹੈ? ਇਸ ਦਾ ਮਨ ਕਦੋਂ ਪ੍ਰਸੰਨ ਹੁੰਦਾ ਹੈ? ਗੁਰੂ ਗ੍ਰੰਥ ਸਾਹਿਬ ਜੀ ਕਹਿੰਦੇ ਨੇ :

"ਜਾ ਤੂੰ ਮੇਰੇ ਵਲਿ ਹੈ"

ਇਹ ਸੰਸਕ੍ਰਿਤ ਨਹੀਂ ਹੈ। ਇਸ ਵਿਚ ਗਿ: ਮਾਨ ਸਿੰਘ ਝੌਰ ਜੀ ਵੱਲ ਦੇ ਅਰਥ ਦੱਸਣਗੇ ਕਿ ਵੱਲ ਦਾ ਅਰਥ ਪਾਸੇ ਹੀ ਹੈ ਨਾ ਕਿ ਜੇ ਤੂੰ ਮੇਰੇ ਪਾਸੇ ਹੋ ਜਾਏਂ, ਮੇਰੇ ਹੱਕ ਵਿਚ ਹੋ ਜਾਏਂ, ਮੇਰੀ ਤਰਫ ਵਿਚ ਹੋ ਜਾਵੇਂ!

"ਤੁਧੁ ਸਭੁ ਕਿਛੁ ਮੈਨੋ ਸਉਪਿਆ
ਜਾ ਤੇਰਾ ਬੰਦਾ ॥"

ਇਕ ਜਗ੍ਹਾ ਹੋਰ ਵੀ ਪ੍ਰਮਾਣ ਹੈ :

"ਜਿਸ ਨੋ ਤੂ ਪ੍ਰਭ ਵਲਿ
ਤਿਸੁ ਕਿਆ ਮੁਹਛੰਦਗੀ ।"

ਐ ਵਾਹਿਗੁਰੂ ! ਜਿਸ ਦੇ ਵੱਲ ਤੂੰ ਹੋ ਜਾਏਂ, ਜਿਸ ਦੇ ਹੱਕ ਵਿੱਚ ਤੂੰ ਹੋ ਜਾਏਂ, ਜਿਸ ਦੀ ਤਰਫ ਤੂੰ ਹੋ ਜਾਏਂ, ਜਿਸ ਦੇ ਧੜੇ ਤੇ ਤੂੰ ਖਲੋ ਜਾਏਂ ਉਹ ਕਿਸੇ ਦੀ ਮੁਥਾਜੀ ਨਹੀਂ ਕਰ ਸਕਦਾ । ਔਰ ਬੰਦਗੀ ਉਹ ਕਰ ਸਕਦਾ ਹੈ, ਜਿਸ ਦੇ ਉਤੇ ਤੇਰੀ ਰਹਿਮਤ ਹੋ ਜਾਏ। ਵੱਲ ਦੇ ਅਰਥ ਕਰ ਦਿੱਤੇ ਨੇ, ਪਰ ਜਿਹੜੇ ਮਹਾਂਪੁਰਸ਼ ਨੇ, ਕੀਰਤਨ ਕਰਦੇ ਹੈ ਨਾ, ਜਦੋਂ ਉਹਨਾਂ ਕੋਲ ਬੈਠੀਏ ਨਾ, ਉਹਨਾਂ ਦੀਆਂ ਗੱਲਾਂ ਸੁਣੀਏ ਨਾ ਤੇ ਆਪਣੀਆਂ ਗੱਲਾਂ ਵਿਚ ਲਫਜ਼ ਇਹ ਇਸ ਤਰ੍ਹਾਂ ਵੀ ਬੋਲਦੇ ਨੇ ਵੱਲ ! ਪਰ ਇਹਨਾਂ ਦੇ ਵੱਲ ਦਾ ਅਰਥ ਹੱਕ, ਤਰਫ, ਪਾਸਾ ਜਾਂ ਧੜਾ ਨਹੀਂ ਕਰਦੇ । ਇਹ ਇਸ ਦਾ ਅਰਥ ਹੋਰ ਹੀ ਕਰ ਜਾਂਦੇ ਨੇ ਕਿ ਤਬਲਾ ਵਜਾਉਣ ਦਾ ਤੇ ਮੈਨੂੰ ਵੱਲ ਹੈ, ਪਰ ਵਾਜਾ ਵਜਾਉਣ ਦਾ ਮੈਨੂੰ ਨਹੀਂ ਵੱਲ । ਹੁਣ ਤੁਸੀਂ ਇਹਦੇ ਅਰਥ ਕੀ ਕਰੋਗੇ ? ਜਾਚ, ਢੰਗ, ਤਰੀਕਾ ਇਹ ਇਸ ਦੇ ਅਰਥ ਨੇ ! ਔਰ ਜਿਹੜੇ ਲੋਕ ਸਬਜ਼ੀ ਤਰਕਾਰੀਆਂ ਦਾ ਕੰਮ ਕਰਦੇ ਨੇ, ਆਪਣੀ ਗੁਫਤਗੂ ਵਿਚ ਲਫਜ਼ ਉਹ ਵੀ ਬੋਲਦੇ ਨੇ ਵੱਲ । ਪਰ ਉਹ ਇਸ ਦਾ ਹੋਰ ਹੀ ਤੀਜਾ ਅਰਥ ਕਰ ਜਾਂਦੇ ਨੇ । ਲੰਬੀ ਜਿਹੀ ਕੱਦੂਆਂ ਦੀ ਲਚਕਦਾਰ ਵੱਲ, ਕਰੇਲਿਆਂ ਦੀ ਵੱਲ ! ਤਿੰਨ ਅਰਥ ਹੋ ਗਏ ਨੇ ਵੱਲ ਦੇ, ਪਹਿਲਾ ਅਰਥ ਵੇਲ, ਦੂਜਾ ਅਰਥ ਢੰਗ ਤੇ ਤੀਜਾ ਅਰਥ ਪਾਸਾ । ਜੇ ਕਿਸੇ ਦਾ ਕੁੜੀ-ਮੁੰਡਾ ਬੀਮਾਰ ਹੋ ਜਾਏ, ਵਾਹਿਗੁਰੂ ਨਾ ਹੀ ਕਰੇ ! ਪਰ ਮੰਨ ਲਉ ਕਿ ਜੇ ਬੀਮਾਰ ਹੋ ਜਾਏ ਤੇ ਉਸ ਦੀ ਖਬਰ ਸੁਰਤ ਲੈਣ ਜਾਈਏ । ਤੀਜੇ ਕੁ ਦਿਨ ਉਸ ਲੜਕੇ ਦਾ ਬਾਪ ਬਜ਼ਾਰ ਵਿਚ ਮਿਲ ਪਏ, ਤੇ ਉਹਨੂੰ ਪੁਛੀਏ ਕਿ ਕਾਕੇ ਦਾ ਕੀ ਹਾਲ ਹੈ ? ਕਹਿੰਦਾ ਪਰਸੋਂ ਨਾਲੋਂ ਕੁਝ ਵੱਲ ਹੈ । ਚੌਥਾ ਅਰਥ ਹੋ ਗਿਆ ਨਾ ਵੱਲ ਦਾ ਕਿ ਅੱਗੇ ਨਾਲੋਂ ਸਹਿਤ ਹੈ । ਜਿਹੜਾ ਕੁੜੀ ਮੁੰਡਾ ਸਿਨੇਮਾ ਵੇਖ ਕੇ ਵਿਗੜ ਜਾਏ ਤੇ ਤੁਸੀਂ ਆਖੋਗੇ ਕਿ ਇਹ ਕੀ ਕਹਿ ਦਿੱਤਾ ਇਨ੍ਹਾਂ ਨੇ ! ਮਾਨ ਸਿੰਘ ਝੌਰ ਜੀ ਕਹਿੰਦੇ ਮੈਂ ਤੁਹਾਨੂੰ 1400 ਵਿਗੜੇ ਹੋਏ ਕੁੜੀਆਂ-ਮੁੰਡੇ ਵਿਖਾ ਸਕਦਾ ਹਾਂ । ਤੁਸੀਂ ਮੈਨੂੰ ਕੋਈ ਇਕ ਕੁੜੀ ਮੁੰਡਾ ਵਿਖਾਉ ਕਿ ਇਹ ਦੇਸ਼-ਭਗਤ ਸਿਨੇਮਾ ਵੇਖ ਕੇ ਬਣਿਆ । ਆਹ ਬ੍ਰਹਮ-ਗਿਆਨੀ ਸਿਨੇਮਾ ਵੇਖ ਕੇ ਬਣਿਆ । ਵਿਗੜੇ ਹੋਏ ਕੁੜੀਆਂ-ਮੁੰਡੇ ਤੇ ਮੈਂ ਤੁਹਾਨੂੰ ਵਿਖਾ ਦਿੰਦਾ ਹਾਂ ਗਲੀ-ਗਲੀ ! ਸਿਨੇਮਾ ਵੇਖ ਕੇ ਵਿਗੜੇ ਹੋਏ ਮੈਂ ਚੋਰ ਬਣੇ ਵੇਖੇ ਨੇ, ਮੈਂ ਡਾਕੂ ਬਣੇ ਵੇਖੇ ਨੇ, ਹੱਥਕੜੀਆਂ ਉਹਨਾਂ ਨੂੰ ਲੱਗੀਆਂ ਹੋਈਆਂ । ਉਹਨਾਂ ਬਿਆਨ ਵੀ ਦਿੱਤਾ ਕਿ ਇਹ ਸਭ ਕੁਝ ਅਸੀਂ ਸਿਨੇਮਾ ਵੇਖ ਕੇ ਬਣੇ ਹਾਂ ! ਮਾਨ ਸਿੰਘ ਝੌਰ

ਜੀ ਕਹਿੰਦੇ ਮੈਨੂੰ ਨਹੀਂ ਪਤਾ ਕਿ ਸਾਡੇ ਭਰਾ ਕਿਉਂ ਉਥੇ ਜਾ ਬਹਿੰਦੇ ਨੇ ਦਾਹੜੀਆਂ ਕੱਢ ਕੇ ! ਪਰ ਮੈਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਬੈਠਾ ਹਾਂ ਤੇ ਸੱਚ ਵੀ ਬੋਲ ਰਿਹਾ ਹਾਂ। ਮੈਨੂੰ ਨਹੀਂ ਪਤਾ ਕਿ ਇਹ ਸਿਨੇਮਾ ਕੀ ਹੁੰਦਾ ਹੈ ? ਔਰ ਉਥੇ ਹੁੰਦਾ ਕੀ ਹੈ ? ਮੈਂ ਆਪਣੀ ਜ਼ਿੰਦਗੀ ਵਿਚ ਖੇਲ ਵੀ ਨਹੀਂ ਵੇਖਿਆ ! ਪਰ ਮੈਗਜ਼ੀਨ ਤੇ ਮੈਂ ਪੜ੍ਹਦਾ ਹੀ ਹਾਂ, । ਇਕ ਇੰਡੀਆ ਲੋਕਾਂ ਨੇ ਖੇਲ ਬਣਾਇਆ "ਮਦਰ ਇੰਡੀਆ" । ਉਹ ਜਿਹੜੀ ਹੀਰੋਈਨ ਸੀ ਉਹਨੇ ਕਿਤੇ ਸੌ ਵੇਰਾਂ ਉਸ ਮੁੰਡੇ ਨੂੰ ਆਖਿਆ ਪੁੱਤ ! ਤੇ ਉਸ ਪੁੱਤ ਨੇ ਖੇਲ ਵਿੱਚ ਉਸ ਨੂੰ ਸੌ ਵੇਰਾਂ ਆਖਿਆ ਮਾਂ ! ਤੇ ਜਦੋਂ ਖੇਲ ਖਤਮ ਹੋਇਆ ਉਹਨਾਂ ਮਾਂ-ਪੁੱਤ ਨੇ ਵਿਆਹ ਕਰਵਾ ਲਿਆ ! ਤੁਸੀਂ ਦੱਸੋ ਜਵਾਨ ਮੁੰਡਾ-ਕੁੜੀ ਕੀ ਲੈ ਕੇ ਆਏਗਾ ਸਿਨੇਮਾ ਚੋਂ, ਜਿਥੇ ਇਹ ਕਰਤੂਤ ਹੋ ਰਹੀ ਹੈ ? ਕੀ ਲਿਆਊ ਉਥੋਂ ਜਵਾਨ ਕੁੜੀ-ਮੁੰਡਾ ! ਜੇ ਕੋਈ ਕੁੜੀ-ਮੁੰਡਾ ਖੇਲ ਵੇਖ ਕੇ ਵਿਗੜ ਜਾਏ, ਉਹਦਾ ਸੁਧਾਰ ਸ਼ੁਰੂ ਕਰੀਏ। ਔਰ ਪੰਜ ਕੁ ਮਹੀਨਿਆਂ ਬਾਅਦ ਉਸ ਦੇ ਮਾਪਿਆਂ ਨੂੰ ਪੁਛੀਏ ਤੇ ਉਹ ਇਹੋ ਹੀ ਕਹਿਣਗੇ ਕਿ ਅੱਗੇ ਨਾਲੋਂ ਵੱਲ ਹੈ। ਅਰਥਾਤ ਕੁਝ ਸੁਧਰਿਆ ਹੋਇਆ ਹੈ। ਜੇ ਕੋਈ ਲੜਕੀ ਐਵੇਂ ਬਜ਼ਾਰਾਂ ਵਿਚ ਆਵਾਰਾ ਹੀ ਫਿਰਦੀ ਰਹੇ ਤੇ ਉਹਨੂੰ ਆਖੀਏ ਕੁੜੀਏ ! ਤੂੰ ਆਵਾਰਾ ਈ ਫਿਰਦੀ ਰਹਿਨੀ ਹੈਂ, ਕਿਤੇ ਦੋ ਘੜੀਆਂ ਬੈਠ ਕੇ ਚਰਖਾ ਹੀ ਕੱਤ ਲਿਆ ਕਰ। ਕਹਿੰਦੀ ਅੱਗੋਂ, ਗਿਆਨੀ ਜੀ ! ਕੱਤ ਤੇ ਲਵਾਂ ਪਰ ਖਸਮਖਾਨੇ ਤਰਕੜੇ ਨੂੰ ਵੱਲ ਹੀ ਪੈ ਗਿਆ। ਸਾਨੂੰ ਤੇ ਵੱਲ ਦਾ ਹੀ ਨਹੀਂ ਪਤਾ ਕਿ ਕਿੰਨੇ ਕੁ ਅਰਥ ਨੇ ਇਸ ਪੰਜਾਬੀ ਅੱਖਰ ਦੇ ! ਹੁਣ ਦੁਹਾਈ ਰੱਬ ਦੀ ਹੈ ਕਿਸੇ ਗਿਆਨੀ ਤੋਂ ਬਿਨਾਂ ਤੇ ਗੱਲ ਨਹੀਂ ਨਾ ਬਣਦੀ ! ਜਿੰਨੇ ਗੁਰੂ ਕੇ ਸਿੱਖ ਬੈਠੇ ਹੋ, ਸਾਰੇ ਏਸ ਗੱਲ ਦੇ ਉਤੇ ਮੁਤਫਿਕ ਹੋ ਜਾਉ ਕਿ ਕਿਸੇ ਢਾਡੀ ਨੂੰ ਢਾਡੀ ਨਾਲ ਤੋਲਿਆ ਜਾ ਸਕਦਾ ਹੈ, ਕਿਸੇ ਗਿਆਨੀ ਨੂੰ ਗਿਆਨੀ ਨਾਲ ਤੋਲਿਆ ਜਾ ਸਕਦਾ ਹੈ, ਕਿਸੇ ਰਾਗੀ ਨੂੰ ਰਾਗੀ ਨਾਲ ਤੋਲਿਆ ਜਾ ਸਕਦਾ ਹੈ। ਇਕ ਦੂਜੇ ਵਰਗਾ ਕੋਈ ਬਣ ਨਹੀਂ ਸਕਦਾ। ਮੈਂ ਤੁਹਾਡੇ ਸਾਹਮਣੇ ਸਲੋਕ ਪੜ੍ਹਿਆ ਹੈ :

"ਬਸਤਿ ਸੁਰਗ ਲੋਕਹ"

ਮਾਨ ਸਿੰਘ ਝੌਰ ਜੀ ਕਹਿੰਦੇ ਹਨ ਮੈਂ ਇਹ ਦੱਸ ਸਕਦਾ ਹਾਂ ਕਿ ਇਹਦੇ ਵਿਚ ਦੋ ਵੇਰਾਂ ਪਾਠ ਆਇਆ ਹੈ ਫਿਰੈ। ਇਕ ਆਇਆ ਫ ਨੂੰ ਸਿਆਰੀ ਰ ਤੇ ਅੱਗੇ ਹੈ ਅਰਥਾਤ "ਫਿਰਹੈ।" ਤੇ ਦੂਜੀ ਵੇਰਾਂ ਆਇਆ "ਫਿਰੈ।" ਰਾਗੀ ਇਹ ਵਿਖੇਵਾਂ ਨਹੀਂ ਕਰੇਗਾ, ਢਾਡੀ ਇਹ ਵਿਖੇਵਾਂ ਨਹੀਂ ਕਰੇਗਾ ਤੇ ਤੂੰਬੀ ਵਾਲਿਆਂ ਦੀ ਤੇ ਤੁਸੀਂ ਗੱਲ ਹੀ ਛੱਡ ਦਿਉ।

"ਸਵਰਗ ਲੋਕ" ਨੂੰ ਬੜਾ ਕੁਝ ਜਾਣਦੇ ਨੇ ਲੋਕ। ਔਰ ਜਦੋਂ ਮੈਂ ਸਿੱਖਾਂ ਦੀ ਜ਼ਬਾਨੋਂ ਸਵਰਗ-ਸਵਰਗ ਸੁਣਦਾ ਹਾਂ ਤੇ ਮੈਂ ਹੈਰਾਨ ਹੋ ਜਾਂਦਾ ਹਾਂ ਮਾਨ ਸਿੰਘਾ ! ਇਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਨਹੀਂ ਸੁਣਿਆ। ਗੁਰੂ ਗ੍ਰੰਥ ਸਾਹਿਬ ਜੀ

ਤੇ ਇਹ ਗੱਲ ਕਹਿੰਦੇ ਨੇ :

"ਕਵਨੁ ਨਰਕੁ ਕਿਆ ਸੁਰਗ ਬਿਚਾਰਾ
ਸੰਤਨ ਦੋਊ ਰਾਦੇ ॥"

"ਸੰਤਾਂ" ਨੂੰ ਨਾ ਸਵਰਗ ਦੀ ਇੱਛਾ ਤੇ ਨਾ ਨਰਕਾਂ ਦਾ ਡਰ । ਸੰਤ ਨੂੰ ਨਾ ਸਵਰਗ ਦੀ ਖਾਹਿਸ਼ ਹੈ ਔਰ ਨਾ ਨਰਕਾਂ ਦਾ ਡਰ ਹੈ । ਜਿਨ੍ਹਾਂ ਨੂੰ ਰੱਬ ਮਿਲ ਪਿਆ ਨਾ ਰੱਬ ਉਹ ਵਾਹਿਗੁਰੂ ਦੀ ਕਿਰਪਾ ਨਾਲ ਕਿਸੇ ਦੀ ਮੁਥਾਜ਼ੀ ਨਹੀਂ ਕਰਦੇ। ਆਮ ਲੋਕੀਂ ਸਵਰਗ ਦੀ ਬੜੀ ਖਾਹਿਸ਼ ਰਖਦੇ ਨੇ ਔਰ ਸਵਰਗਾਂ ਦਾ ਹੀ ਲਾਲਚ ਦਿੰਦੇ ਨੇ ਤੇ ਗੁਰੂ ਗ੍ਰੰਥ ਸਾਹਿਬ ਦੀ ਤਾਲੀਮ ਇਹ ਹੈ ਕਿ ਸਵਰਗ ਤੇ ਕਿਤੇ ਰਿਹਾ :

"ਮੁਕਤਿ ਬਪੁੜੀ ਭੀ ਗਿਆਨੀ ਤਿਆਗੈ ॥" (ਪੰਨਾ ੧੦੭੮)

ਗਿਆਨਵਾਨ ਪੁਰਸ਼ ਤੇ ਮੁਕਤੀ ਦਾ ਵੀ ਤਿਆਗ ਕਰਦਾ ਹੈ । ਉਹ ਮੁਕਤੀ ਦੀ ਵੀ ਖਾਹਿਸ਼ ਨਹੀਂ ਰੱਖਦਾ । ਮਾਨ ਸਿੰਘ ਝੌਰ ਜੀ ਕਹਿੰਦੇ ਮੈਂ ਇਕ ਮੁਸਲਮਾਨ ਦਾ ਬਚਨ ਪੜ੍ਹਿਆ ਹੈ । ਕਹਿੰਦਾ ਇਹ ਜਿਹੜਾ ਬਹਿਸ਼ਤ ਹੈ, ਇਹ ਜਿਹੜਾ ਸਵਰਗ ਹੈ, ਇਹ ਥੱਕੇ ਹੋਏ ਲੋਕਾਂ ਦਾ ਇਕ ਪਰਾਹ ਹੈ, ਅੱਗੇ ਜਾਣ ਨੂੰ ਜੀਅ ਨਹੀਂ ਕਰਦਾ, ਹੁਣ ਇਥੇ ਹੀ ਬੈਠ ਜਾਉ । ਡਾ: ਸਰ ਇਕਬਾਲ ਨੇ ਗੱਲ ਕਹੀ ਹੈ :

"ਨਿਕਲ ਜਾ ਅਕਲ ਸੇ ਦੂਰ,
ਯਹ ਚਿਰਾਗੇ ਰਾਹ ਹੈ ।"

ਅਰਥਾਤ ਜਿਹੜੀ ਅਕਲ ਹੈ ਨਾ ਤੇਰੀ, ਜਿਥੇ ਤੇਰੀ ਮੰਜ਼ਿਲ ਹੈ ਨਾ, ਉਸ ਮੰਜ਼ਿਲ ਦੇ ਰਸਤੇ ਦਾ ਦੀਵਾ ਹੈ ਅਕਲ । ਚਿਰਾਗ ਹੈ, ਉਸ ਰਸਤੇ ਦਾ ਅਕਲ।

"ਨਿਕਲ ਜਾ ਅਕਲ ਸੇ ਦੂਰ,
ਯਹ ਚਿਰਾਗੇ ਰਾਹ ਹੈ, ਮੰਜ਼ਿਲ ਨਹੀਂ ।"

ਅਰਥਾਤ ਅਕਲ ਨੂੰ ਕਿਤੇ ਮੰਜ਼ਿਲ ਨਾ ਸਮਝ ਬੈਠੀਂ । ਦਾਨਾ ਬਣ ਗਿਆ ਮੈਂ, ਸਿਆਣਾ ਬਣ ਗਿਆ ਮੈਂ ਕਿ ਕਿਤੇ ਅਕਲ ਨੂੰ ਪੜਾਅ ਨਾ ਆਪਣਾ ਸਮਝ ਬੈਠੀਂ, ਧੋਖਾ ਖਾਵੇਂਗਾ । ਪੜਾਅ ਹੋਰ ਚੀਜ਼ ਹੈ, ਮੰਜ਼ਿਲ ਕਿਤੇ ਦੂਰ ਹੈ । ਇਹ ਉਹਨਾਂ ਨੂੰ ਪੁੱਛ ਜਿਨ੍ਹਾਂ ਨੇ ਮੰਜ਼ਿਲ ਉਤੇ ਪਹੁੰਚਣਾ ਹੈ, ਉਹ ਤੇ ਸਵਰਗਾ ਦੀ ਖਾਹਿਸ਼ ਨਹੀਂ ਰੱਖਦੇ ।

"ਬਸਤਿ ਸੂਰਗ ਲੋਕਹ
ਜਿਤਤੇ ਪ੍ਰਿਥਵੀ ਨਵ ਖੰਡਣਹ ॥"

ਪੁੰਨ ਕਰਦਾ-ਕਰਦਾ ਭਾਵੇਂ ਸਵਰਗ ਲੋਕ ਵਿਚ ਚਲਿਆ ਜਾਵੇ ਤੇ ਧੂਨੀ ਤਪਦਾ-ਤਪਦਾ ਭਾਵੇਂ ਨੌਂ-ਖੰਡ ਪ੍ਰਿਥਵੀ ਦਾ ਰਾਜਾ ਬਣ ਜਾਏ । ਲੇਕਿਨ ਗੁਰੂ ਗ੍ਰੰਥ ਸਾਹਿਬ ਜੀ ਕਹਿੰਦੇ ਨੇ :

"ਨੌਂ ਖੰਡ ਪ੍ਰਿਥਵੀ ਦਾ ਰਾਜਾ ਬਣ ਕੇ,
ਸਵਰਗਾਂ ਦਾ ਵਾਸ ਕਰਕੇ,

ਬਿਸਰੰਤ ਹਰਿ ਗੋਪਾਲਹ"

ਜੇ ਉਹਨੂੰ ਭੁੱਲ ਗਿਆ ਹੈ "ਸਤਿਨਾਮ-ਵਾਹਿਗੁਰੂ" ਤਾਂ ਹਜ਼ੂਰ ਕਹਿੰਦੇ ਨੇ ਉਸ ਨੂੰ ਸਵਰਗਾ ਦਾ ਵਾਸੀ ਨਾ ਸਮਝਿਓ, ਬਲਕਿ ਇਹ ਸਮਝਿਓ ਕਿ ਉਹ ਰਾਹ ਵਿਚ ਭੁੱਲ ਹੋਇਆ ਰਾਹੀ ਹੈ, ਜਿਹੜਾ ਜੰਗਲਾਂ ਵਿਚ ਟੱਕਰਾਂ ਮਾਰਦਾ ਫਿਰਦਾ ਹੈ, ਜਿਸ ਨੂੰ ਮੰਜ਼ਿਲ ਨਹੀਂ ਲੱਭਦੀ, ਇੱਧਰ-ਉੱਧਰ ਹੱਥ ਮਾਰਦਾ, ਜ਼ਿੰਦਗੀ ਗਵਾ ਬੈਠਦਾ।

"ਕਉਤਕ ਕੋਡ ਤਮਾਸਿਆ
ਚਿਤਿ ਨ ਆਵਸੁ ਨਾਉ ॥" (ਪੰਨਾ ੭੦੭)

ਅਰਥਾਤ ਇਸ ਪੰਕਤੀ ਦਾ ਅਰਥ ਕਿ ਕਰੋੜਾਂ ਤਮਾਸ਼ੇ ਰੱਖ ਲਏ ਕਿ ਅੱਜ ਲੱਤਾ ਮੰਗੇਸ਼ਕਰ ਨੇ ਆਉਣਾ, ਅੱਜ ਵੈਜੰਤੀ ਮਾਲਾ ਨੇ ਆਉਣਾ, ਸੁਰਿੰਦਰ ਕੌਰ ਨੇ ਆਉਣਾ। ਹੋਰ ਕਲਯੁਗ ਕਿਸ ਨੂੰ ਆਖਦੇ ਨੇ, ਇਸ ਨੂੰ ਹੀ ਕਲਯੁਗ ਆਖਦੇ ਨੇ। ਰਾਜਪੂਤਾਨੇ ਦਾ ਇਕ ਰਾਜਾ ਹੋਇਆ। ਉਹਦੇ ਕੋਲ ਇਕ ਮਹਾਂਪੁਰਖ ਰਹਿੰਦੇ ਸਨ ਦਾਨੇ, ਉਹ ਬੜੀਆਂ ਉੱਚੀਆਂ ਗੱਲਾਂ ਕਰਦੇ ਸਨ। ਉਹ ਕਹਿੰਦੇ ਸਨ :

"ਪੂਤ ਵਹੀ ਮਰ ਜਾਏ ਜੋ ਕੁਲ ਕੋ ਦਾਗ ਲਗਾਵੇ।
ਬ੍ਰਹਮਣ ਸੋ ਮਰ ਜਾਏ ਹਾਥ ਲੇ ਮਦਰਾ ਪਿਆਵੇ।

ਉਸ ਬ੍ਰਾਹਮਣ ਦਾ ਵੀ ਸਤਿਆਨਾਸ ਹੋ ਜਾਣਾ ਚਾਹੀਦਾ ਹੈ, ਬੇੜਾ ਗਰਕ ਹੋ ਜਾਣਾ ਚਾਹੀਦਾ ਹੈ, ਜਿਹੜਾ ਜਜਮਾਨਾਂ ਨੂੰ ਆਪ ਸ਼ਰਾਬ ਦੇ ਪਿਆਲੇ ਭਰ-ਭਰ ਕੇ ਪਿਆਵੇ। ਔਰ ਜਿਹੜੇ ਰਾਜੇ ਨੂੰ ਰਾਜਨੀਤੀ ਨਾ ਆਉਂਦੀ ਹੋਵੇ, ਉਹਨੂੰ ਮਰ ਹੀ ਜਾਣਾ ਚਾਹੀਦਾ ਹੈ, ਉਸ ਦੇ ਵੀ ਜੀਊਣ ਦਾ ਕੋਈ ਫਾਇਦਾ ਨਹੀਂ। ਐ ਬਿਕ੍ਰਮ ਦੱਤ ਜੇ ਇੰਨੇ ਬੰਦੇ ਮਰ ਜਾਣ ਤਾਂ ਚੰਗਾ ਹੋਇਆ ਸਿਆਪਾ ਮੁੱਕ ਜਾਏ। ਬਿਕ੍ਰਮ ਦੱਤ ਨੇ ਪੁਛਿਆ, "ਬੈਤਾਲ ! ਕਲਯੁਗ ਕਦੋਂ ਆਏਗਾ ?" ਤੇ ਬੈਤਾਲ ਨੇ ਆਖਿਆ, ਦਇਆ ਅਲੋਪ ਹੋ ਗਈ, ਦਇਆ ਦਾ ਬਿਸਤਰਾ ਲਪੇਟਿਆ ਗਿਆ, ਜਿਹੜਾ ਧਰਮ ਸੀ ਉਹ ਕਿਤੇ ਬੈਤਾਲ ਵਿਚ ਭੱਜ ਗਿਆ। ਇਸਤਰੀ-ਪੁਰਸ਼ ਝੂਠ ਬੋਲਣ ਲੱਗ ਪਏ, ਪਾਪ ਜਿਹੜਾ ਸੀ, ਉਹ ਹਰ ਵਰਣ, ਹਰ ਆਸ਼ਰਮ, ਹਰ ਸੁਸਾਇਟੀ ਵਿਚ ਵੜ ਗਿਆ। ਜਿਸ ਵੇਲੇ ਪਾਪ ਕਿਰਤ ਵਿਚ ਆ ਜਾਏ, ਦੁਹਾਈ ਰੱਬ ਦੀ ਉਸ ਨੂੰ ਵੱਖਰਾ ਕਰਨਾ ਔਖਾ ਹੋ ਜਾਂਦਾ ਹੈ। ਜਿਹੜੀ ਕਿਰਤ ਵਿਚ ਪਾਪ ਦੀ ਕਮਾਈ ਹੋਣੀ ਹੈ ਔਰ ਉਸੇ ਪਾਪ ਦੀ ਕਮਾਈ ਵਿਚੋਂ ਸਾਰੇ ਪਰਿਵਾਰ ਨੇ ਜਦੋਂ ਰੋਟੀ ਖਾਣੀ ਹੈ ਤਾਂ ਸਾਰਿਆਂ ਦੀ ਬੁੱਧੀ ਭ੍ਰਿਸ਼ਟ ਹੋ ਜਾਣੀ ਹੈ। ਧਰਮ ਲਭੋਗੇ ਕਿਥੋਂ ? ਔਰ ਜਿਹੜਾ ਰਾਜਾ ਉਹ ਲੋਕਾਂ ਕੋਲੋਂ ਦਾਨ ਮੰਗਣ ਲੱਗ ਪਿਆ। ਸ਼ੀਲ-ਸੰਤੋਖ ਕਿਥੇ ਗਏ ? ਜੱਤ-ਸੱਤ ਪਰ ਲਾ ਕੇ ਕਿਤੇ ਉੱਡ ਗਿਆ। ਜਦੋਂ ਇਹ ਗੱਲਾਂ ਹੋ ਗਈਆਂ ਤਾਂ ਕਲਯੁਗ ਆ ਈ ਜਾਂਦਾ ਹੈ। ਐਸ ਵੇਲੇ ਕਲਯੁਗ ਜੋਬਨ ਉਤੇ ਹੈ। ਮਾਨ ਸਿੰਘ ਝੌਰ ਜੀ ਕਹਿੰਦੇ ਮੈਂ ਦਿੱਲੀ ਵਿਚ ਵੇਖਿਆ "ਸਿੱਖਾਂ" ਦੇ ਘਰਾਣਿਆਂ

ਨੂੰ ਬੜੀਆਂ-ਬੜੀਆਂ ਵੱਡੀਆਂ ਪੱਗਾਂ ਬੰਨ੍ਹਦੇ ਨੇ, ਵਿਚ ਵੰਜ ਦੀਆਂ ਸੋਟੀਆਂ ਦੇ ਦਿੰਦੇ ਨੇ, ਤਾਂਕਿ ਪੱਗ ਭਾਰੀ ਜਾਪੇ, ਜੁਆਨ ਬੜੇ-ਬੜੇ ਤਗੜੇ ਨੇ। ਡਾਇਨਿੰਗ ਟੇਬਲ ਤੇ ਇਕ ਪਾਸੇ ਮਾਂ ਦੂਜੇ ਪਾਸੇ ਸਾਹਮਣੇ ਪਿਉ ਬੈਠਾ ਹੁੰਦਾ ਹੈ ਤੇ ਨਾਲ ਹੀ ਭਰਾ ਬੈਠੇ ਹੁੰਦੇ ਨੇ ਤੇ ਜਿਹੜੀ ਭੈਣ ਹੈ, ਉਹ ਘੁੰਗਰੂ ਬੰਨ੍ਹ ਕੇ ਨੱਚਦੀ ਹੈ ਕਿ ਮੇਰੇ ਮਾਪੇ ਰੋਟੀ ਖਾਂਦੇ ਨੇ, ਤੇ ਉਹ ਖੁਸ਼ ਹੁੰਦੇ ਨੇ ਕਿ ਅੱਜ ਸ਼ਾਂਤੀ ਨੇ ਬੜਾ ਸੋਹਣਾ ਡਾਂਸ ਕੀਤਾ। ਮਾਪੇ ਧੀ ਨੂੰ ਜਦੋਂ ਇਹ ਗੱਲ ਆਖਣ ਲੱਗ ਪੈਣ ਤਾਂ ਹੋਰ ਕਲਯੁਗ ਕਦੋਂ ਆਉਣਾ ਹੈ ? ਕਲਯੁਗ ਆ ਗਿਆ ਹੋਇਆ ਹੈ, ਉਸ ਨੇ ਆਪਣਾ ਜਾਲ ਵਿਛਾ ਦਿੱਤਾ ਹੋਇਆ ਹੈ। ਅਸੀਂ ਉਸ ਦੇ ਵਿਚ ਫਸ ਗਏ ਹੋਏ ਹਾਂ। ਪਰ ਇਕ ਗੱਲ ਬਾਪੂ ਕਹਿੰਦਾ ਹੈ ਕਿ ਕਰੋੜਾਂ ਤਮਾਸ਼ੇ, ਕਰੋੜਾਂ ਪ੍ਰੋਗਰਾਮ, ਕੋਰੜਾਂ ਨਾਚ, ਕਰੋੜਾਂ ਮੁਜਰੇ ਹੋਣ ਜਾਣ ਪਰ ਨਾ ਚੇਤੇ ਆਵੇ "ਸਤਿਨਾਮ-ਵਾਹਿਗੁਰੂ" ਤਾਂ ਇਹ ਕਲਯੁਗ ਹੀ ਹੈ। ਜਿਹੜੇ ਥਾਂ ਵਿਚ ਕੌਤਕ ਤੇ ਹੈ, ਜਿਹੜੇ ਥਾਂ ਵਿਚ ਭੰਗੜੇ ਤੇ ਪੈਂਦੇ ਨੇ, ਜਿਹੜੇ ਥਾਂ ਵਿਚ ਮੁਜਰੇ ਤੇ ਹੁੰਦੇ ਨੇ, ਪਰ ਨਹੀਂ ਚੇਤੇ ਆਉਂਦਾ "ਸਤਿਨਾਮ-ਵਾਹਿਗੁਰੂ" ਮੇਰੇ ਬਾਪੂ ਦਾ ਬਚਨ ਹੈ ਕਿ ਵਾਹਿਗੁਰੂ ਕਰੇ ਉਹ ਥਾਂ ਗਰਕ ਹੋ ਜਾਏ, ਅੱਗ ਲੱਗ ਜਾਏ, ਸੜ ਜਾਏ, ਉੱਜੜ ਜਾਏ ਉਹ ਥਾਂ ਜਿਥੇ ਭੁੱਲ ਗਿਆ ਲੋਕਾਂ ਨੂੰ "ਸਤਿਨਾਮ-ਵਾਹਿਗੁਰੂ।"

"ਮਹਾ ਭਇਆਨ ਉਦਿਆਨ ਨਗਰ ਕਰ ਮਾਨਿਆ ॥" (ਪੰਨਾ ੭੦੭)

ਬਾਪੂ ਤੇ ਕਹਿੰਦਾ ਹੈ ਇਹ ਦੁਨੀਆਂ ਬੜੀ ਉਜਾੜ ਹੈ। ਇਥੇ ਅੱਗ ਬਲ ਰਹੀ ਹੈ, ਝੂਠ ਬੋਲਿਆ ਜਾ ਰਿਹਾ ਹੈ। ਕਾਮ ਦੀਆਂ ਚਾਰ-ਚੁਫੇਰੇ ਨਦੀਆਂ ਬਹਿ ਰਹੀਆਂ ਹਨ। ਹਰ ਆਦਮੀ ਦਗਾ ਫਰੇਬ ਕਰੀ ਬੈਠਾ ਹੈ। ਜਿਸ ਦੀ ਕਿਰਤ ਵਿਚ ਪਾਪ ਵੜ ਗਿਆ, ਜਿਸ ਦੇ ਆਹਾਰ ਵਿਚ ਪਾਪ ਵੜ ਗਿਆ, ਤੂੰ ਸੱਚ ਕਿਥੋਂ ਲੱਭੇਗਾ ? ਸਾਹਿਬ ਕਹਿੰਦੇ ਨੇਂ ਦੇਖ, ਇਹ ਦੁਨੀਆਂ ਉਜਾੜ ਹੈ, ਚਾਰ ਦਿਨ ਦਾ ਮੇਲਾ ਹੈ, ਜਿਸ ਦੇ ਵਿਚ ਤੂੰ ਪੈਰ ਪਸਾਰ ਬੈਠਾ ਹੈਂ। ਤੂੰ ਇਸ ਨੂੰ ਵੱਸਦੀ-ਹੱਸਦੀ ਨਗਰੀ ਸਮਝ ਬੈਠਾ ਹੈਂ। ਜਿੰਨੀ ਤੇਰੀ ਸਮੱਗਰੀ ਹੈ, ਹਾਥੀ ਨੇ, ਘੋੜੇ ਨੇ, ਬੈਲ ਨੇ, ਗਾਂਈਂ ਨੇ, ਮੱਝੀਂ ਨੇ, ਵਪਾਰ ਹੈ, ਵਣਜ ਹੈ, ਦੁਕਾਨਾਂ ਨੇ, ਮਕਾਨ ਹੈ, ਇਹ ਸਾਰੀ ਸਮੱਗਰੀ ਸੀ ਝੂਠੀ ! ਤੂੰ ਇਸ ਨੂੰ ਸੱਚਿਆਂ ਸਮਝ ਬੈਠਾ ਕਿ ਮੈਂ ਇਸ ਦਾ ਮਾਲਿਕ ਹਾਂ, ਇਹਨੇ ਮੇਰੀ ਰਹਿਣਾ ਹੈ।

ਝੂਠ ਸਮਗ੍ਰੀ ਪੇਖਿ ਸਚੁ ਕਰਿ ਜਾਨਿਆ ॥
ਕਾਮ ਕ੍ਰੋਧਿ ਅਹੰਕਾਰਿ ਫਿਰਹਿ ਦੇਵਾਨਿਆ ॥ (ਪੰਨਾ ੭੦੮)

ਕਾਮ ਵਿੱਚ, ਕ੍ਰੋਧ ਵਿੱਚ, ਲੋਭ-ਮੋਹ-ਹੰਕਾਰ ਵਿੱਚ,ਪਾਗਲ ਹੋਇਆ ਫਿਰਨਾ ਹੈਂ ਤੂੰ ! ਦੀਵਾਨਾ ਹੋਇਆ ਫਿਰਨਾ ਹੈਂ ਤੂੰ ! ਸ਼ੌਦਾਈ ਹੋਇਆਂ ਫਿਰਨਾ ਹੈਂ ਤੂੰ। ਇਕ ਗੱਲ ਚੇਤੇ ਰੱਖੀਂ :

"ਸਿਰਿ ਲਗਾ ਜਮ ਡੰਡੁ ਤਾ ਪਛੁਤਾਨਿਆ ॥

ਬਿਨੁ ਪੂਰੇ ਗੁਰਦੇਵ ਫਿਰੈ ਸੈਤਾਨਿਆ ॥"

ਮਾਨ ਸਿੰਘ ਝੌਰ ਜੀ ਕਹਿੰਦੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਪੜ੍ਹਿਆ ਕਰੋ, ਮੈਂ ਉਸ ਦਾ ਬਹੁਤ ਪ੍ਰੇਮੀ ਹਾਂ। ਭਾਈ ਸਾਹਿਬ ਕਹਿੰਦੇ ਨੇ :

ਕਰਤਾ ਪੁਰਖੁ ਨ ਚੇਤਿਓ ਕੀਤੇ ਨੋ ਕਰਤਾ ਕਰਿ ਜਾਣੈ।

ਰੱਬ ਨੂੰ ਤੇ ਸਿਮਰਦਾ ਨਹੀਂ, ਔਰ ਜਿਹੜੀਆਂ ਚੀਜ਼ਾਂ ਰੱਬ ਨੇ ਬਣਾਈਆਂ ਨੇ, ਉਹਨਾਂ ਨੂੰ ਕਰਤਾ ਪੁਰਖ ਮੰਨ ਕੇ ਬੈਠ ਗਿਆ !

"ਕਲਿਜੁਗਿ ਬੋਧੁ ਅਉਤਾਰੁ ਹੈ
ਬੋਧ ਅਬੋਧ ਨ ਦ੍ਰਿਸਟੀ ਆਵੈ।
ਕੋਇ ਨ ਕਿਸੈ ਵਰਜਈ
ਸੋਈ ਕਰੇ ਜੋਈ ਮਨਿ ਭਾਵੈ।" *(ਭਾ: ਗੁਰਦਾਸ, ਵਾਰ ੧-੧੨)*

ਵਰਜਦਾ ਨਹੀ ਨਾ ਕੋਈ ਰੋਕਣ ਲਈ। ਕਿਥੋਂ ਜੰਮੇ ਹੁਣ ਫੂਲਾ ਸਿੰਘ, ਜਿਹੜੇ ਜਾ ਕੇ ਕਹੇ, "ਸਿੰਘ ਸਾਹਿਬ ਜੀ! ਕਦੇ ਨਹੀਂ ਸੀ ਆਖਿਆ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਸਾਹਿਬ ਜੀ ਅਕਾਲੀ ਜੀ ਨੇ।" ਸਿੰਘ ਸਾਹਿਬ ਜੀ, ਮੈਂ ਸੁਣਿਆ ਤੁਸੀਂ ਲਾਹੌਰ ਦੀ ਇਕ ਵੇਸਵਾ ਮੋਰਾਂ, ਉਸ ਦਾ ਨਾਚ ਵੇਖਿਆ ਹੈ। ਸੁਣਿਆ ਉਸ ਦੇ ਗੰਦੇ ਗੀਤ ਵੀ ਸੁਣੇ ਨੇ। ਇਹ ਮਨਮਤ ਹੈ, ਤੇ ਸ਼ੇਰੇ ਪੰਜਾਬ ਬੇਪਰਵਾਹ ਜਿਹਾ ਹੋ ਕੇ ਕਹਿਣ ਲੱਗਾ ਜਾਉ ਭਾਈ ਜੀ! ਰਾਜੇ ਮਹਾਰਾਜੇ ਐਸਾ ਹੀ ਕਰਤੇ ਹੈਂ। ਇਕ ਭਾਈ ਜਿਹਾ ਜਾਣਿਆ ਉਸ ਨੂੰ ਕਿ ਗੁਰਦੁਆਰੇ ਦਾ ਭਾਈ ਹੀ ਹੈ। ਅਕਾਲੀ ਜੀ ਨੇ ਆਖਿਆ, ਪੁੱਤ, ਭਾਈ ਸਾਹਿਬ ਦਾ ਲੱਗ ਜਾਊ ਪਤਾ ਸਵੇਰੇ। "ਅਕਾਲੀ ਫੂਲਾ ਸਿੰਘ" ਜੀ ਨੇ ਰਾਤੋ-ਰਾਤ ਤਿੰਨ ਸਰਕੂਲਰ ਜਾਰੀ ਕੀਤੇ। ਪਹਿਲਾ ਇਹ ਸੀ, ਖਾਲਸਾ ਜੀ ਜਿਸ ਨੂੰ ਵੀ ਸਵੇਰੇ "ਰਣਜੀਤ ਸਿੰਘ" ਮਿਲੇ ਭਾਵੇਂ ਸੀਨੀਅਰ, ਭਾਵੇਂ ਮਿਲਟਰੀ ਮੈਨ, ਭਾਵੇਂ ਦੁਕਾਨਦਾਰ, ਰਣਜੀਤ ਸਿੰਘ ਨੂੰ ਕੋਈ ਫਤਹਿ ਨਾ ਬੁਲਾਏ, ਇਹ ਮਨਮਤੀਆ ਹੈ। ਦੂਸਰਾ ਹੁਕਮ ਇਹ ਜਾਰੀ ਕੀਤਾ ਕਿ ਜਿਹੜੀ ਰੋਜ਼ "ਹਰਿਮੰਦਰ ਸਾਹਿਬ" ਅਰਦਾਸ ਹੁੰਦੀ ਹੈ ਨਾ ਕਿ ਰਣਜੀਤ ਸਿੰਘ ਦਾ ਰਾਜ-ਭਾਗ ਅਟੱਲ ਰਹੇ, ਉਹ ਸਵੇਰੇ ਅਰਦਾਸ ਨਹੀਂ ਹੋਵੇਗੀ। ਮਨਮਤੀਏ ਦਾ ਰਾਜ-ਭਾਗ ਅੱਟਲ ਨਹੀਂ ਰਖਿਆ ਜਾ ਸਕਦਾ। ਤੀਸਰਾ ਹੁਕਮ ਇਹ ਜਾਰੀ ਕੀਤਾ ਕਿ ਜਿਹੜੀ ਕੜਾਹ-ਪ੍ਰਸ਼ਾਦਿ ਲਈ ਰਕਮ ਖਜ਼ਾਨੇ ਵਿਚੋਂ ਆਉਂਦੀ ਹੈ ਨਾ ਰੋਜ਼, ਉਹ ਭਲਕੇ ਨਹੀਂ ਵਸੂਲ ਕੀਤੀ ਜਾਏਗੀ। ਮਨਮਤੀਏ ਦਾ ਕੜਾਹ ਪ੍ਰਸ਼ਾਦਿ ਨਹੀ ਵਸੂਲ ਕੀਤਾ ਜਾਏਗਾ। ਜਿਸ ਵੇਲੇ ਚੜ੍ਹਿਆ ਦਿਨ, ਬਜ਼ਾਰ ਵਿਚ ਜਿਸ ਨੂੰ ਵੀ ਮਿਲੇ "ਰਣਜੀਤ ਸਿੰਘ" ਕੋਈ ਫਤਹਿ ਹੀ ਨਾ ਬੁਲਾਏ। ਔਰ ਨਾਲ ਹੀ "ਹਰਿਮੰਦਰ ਸਾਹਿਬ" ਦੇ ਸੇਵਾਦਾਰ ਦਾ ਸੁਨੇਹਾ ਆ ਗਿਆ, ਮਹਾਰਾਜ ਜੀ! ਅੱਜ ਤੁਹਾਡੀ ਅਰਦਾਸ ਨਹੀਂ ਜੇ ਹੋਈ। ਦੂਜਾ ਸੁਨੇਹਾ ਆ ਗਿਆ ਮਹਾਰਾਜ ਰਕਮ ਵੀ ਵਾਪਿਸ ਆ ਗਈ ਜੇ ਕੜਾਹ-ਪ੍ਰਸ਼ਾਦਿ ਵਾਲੀ। ਫਿਰ ਮੱਥਾ ਠਣਕਿਆ ਰਣਜੀਤ ਸਿੰਘ

ਦਾ ! ਜਿਸ ਨੂੰ ਮੈਂ ਭਾਈ ਜਿਹਾ ਸਮਝਿਆ ਸੀ, ਉਹਨੇ ਤਾਂ ਚੱਕਰੀ ਘੁਮਾ ਦਿੱਤੀ। ਫਿਰ ਰਣਜੀਤ ਸਿੰਘ ਨੇ ਬੁਲਾਇਆ ਅਕਾਲੀ ਜੀ ਨੂੰ ਕਿ ਮਹਾਰਾਜ, ਮੈਂ ਭੁੱਲ ਗਿਆ ਹਾਂ। ਅਕਾਲੀ ਜੀ ਕਹਿਣ ਲੱਗੇ, "ਬੇਟਾ ! ਰਾਤੀਂ ਸੀ ਮਾਮਲਾ ਤੇਰੇ ਮੇਰੇ ਵਿੱਚ, ਹੁਣ ਇਹ ਆ ਗਿਆ ਮਾਮਲਾ "ਪੰਥ" ਵਿੱਚ।" ਹੁਣ ਗੁਨਾਹਗਾਰਾਂ ਦੀ ਤਰ੍ਹਾਂ ਤੈਨੂੰ ਸ੍ਰੀ "ਅਕਾਲ ਤਖਤ" ਸਾਹਿਬ ਪੇਸ਼ ਹੋਣਾ ਹੀ ਪਵੇਗਾ। ਮੋਰਾਂ ਨੂੰ ਕਿਤੇ ਪਤਾ ਲੱਗਾ ਕਿ ਰਣਜੀਤ ਸਿੰਘ ਦਬਕੇ ਤੋਂ ਕਿਤੇ ਜਰਕ ਗਿਆ। ਉਹ ਮਿਲਣ ਵਾਸਤੇ ਆਈ ਕਿ ਮਹਾਰਾਜਾ ਸਾਹਿਬ ਮੈਂ ਸੀ ਸੁਣਿਆ ਤੁਸੀਂ ਮੈਨੂੰ ਆਪਣੀ ਪਟਰਾਨੀ ਬਣਾ ਲਵੋਗੇ ਤੇ ਹੁਣ ਤੁਸੀਂ ਮੁੱਕਰ ਰਹੇ ਹੋ। ਕਹਿਣ ਲੱਗੇ, ਬਿਲਕੁਲ ਮੁੱਕਰ ਗਏ ਹਾਂ, ਤੇਰੇ ਵਰਗੀ ਵੇਸਵਾ ਸਾਡੇ ਮਹਿਲਾਂ ਵਿਚ ਪਟਰਾਨੀ ਨਹੀਂ ਬਣ ਸਕਦੀ। ਕਹਿਣ ਲੱਗੀ, ਮੈਂ ਤੇ ਸੁਣਿਆ ਸੀ ਗੁਰੂ ਕਾ ਸਿੱਖ ਬਚਨ ਕਹਿ ਕੇ ਫਿਰ ਮੁੱਕਰਦਾ ਨਹੀਂ। ਔਰ ਤੂੰ "ਗੁਰੂ ਗੋਬਿੰਦ ਸਿੰਘ" ਦਾ ਸਿੱਖ ਹੋ ਕੇ। ਕੱਲ ਤੂੰ ਮੈਨੂੰ ਕਿਹਾ ਪਟਰਾਨੀ ਬਣਾ ਲਵਾਂਗਾ ਤੇ ਅੱਜ ਮੁੱਕਰ ਗਿਆ ਹੈਂ। ਔਰ ਰਣਜੀਤ ਸਿੰਘ ਖਿੜਖਿੜਾ ਕੇ ਹੱਸਿਆ ਤੇ ਕਹਿਣ ਲੱਗਾ, ਮੋਰਾਂ, ਜਦੋਂ ਤੇਰੇ ਵਰਗੀ ਤਿੰਨਾਂ ਪੈਸਿਆਂ ਵਾਲੀ ਜੋਬਨ ਜਵਾਨੀ ਵੇਚਣ ਵਾਲੀ, ਬੇਵਕੂਫ ਔਰਤ ਉਤੇ, ਉਸ ਦੇ ਚਮੜੇ ਉਤੇ ਮਸਤ ਹੋ ਕੇ, ਜਦੋਂ ਮੈਂ ਤੈਨੂੰ ਕਿਹਾ ਸੀ ਕਿ ਮੈਂ ਪਟਰਾਨੀ ਬਣਾ ਲਵਾਂਗਾ, ਦਰਅਸਲ ਉਦੋਂ ਮੈਂ ਸਿੱਖ ਨਹੀਂ ਸੀ ਰਿਹਾ। ਉਦੋਂ ਮੇਰੇ ਚੋਂ ਸਿੱਖੀ ਨਿਕਲ ਗਈ। ਹੁਣ ਮੈਂ "ਗੁਰੂ ਗੋਬਿੰਦ ਸਿੰਘ" ਦਾ ਸਿੱਖ ਹਾਂ, ਤੇਰੇ ਵਰਗੀ ਵੇਸਵਾ ਮੇਰੇ ਮਹਿਲਾਂ ਵਿੱਚ ਨਹੀਂ ਵੜ ਸਕਦੀ। ਮੋਰਾਂ ਨੇ ਕਰਵੱਟ ਬਦਲੀ ਕਿ ਤੇਰੀਆਂ ਫ਼ੌਜਾਂ ਨੇ, ਤੇਰੇ ਸਿਪਾਹੀ ਨੇ, ਤੇਰੇ ਕੋਲ ਤੋਪਾਂ ਵਿਚ ਭਰਨ ਵਾਲੇ ਗੋਲੇ ਨੇ, ਕਿਉਂ ਜਰਕਦਾ ਹੈਂ ? ਤੇ ਰਣਜੀਤ ਸਿੰਘ ਦੇ ਅਥਰੂ ਨਿਕਲ ਗਏ ਸਨ ਤੇ ਕਹਿਣ ਲੱਗੇ, ਮੋਰਾਂ, ਪੰਥ ਦੇ ਹੁਕਮ ਸਾਹਮਣੇ ਰਣਜੀਤ ਸਿੰਘ ਦੀਆਂ ਤੋਪਾਂ ਠੰਢੀਆਂ ਹੋ ਜਾਣਗੀਆਂ। ਪੰਥ ਦੇ ਹੁਕਮ ਸਾਹਮਣੇ ਰਣਜੀਤ ਸਿੰਘ ਦੀਆਂ ਫੌਜਾਂ ਅਰਥਾਤ ਤਲਵਾਰਾਂ ਖੁੰਢੀਆਂ ਹੋ ਜਾਣਗੀਆਂ। ਜੋ ਪੰਥ ਆਖੇਗਾ, ਉਹ ਰਣਜੀਤ ਸਿੰਘ ਨੂੰ ਮੰਨਣਾ ਹੀ ਪਵੇਗਾ।

"ਪੰਥਾ ਇਹ ਤੇਰੀ ਸ਼ਾਨ ਸੀ,
ਪੰਥਾ ਇਹ ਤੇਰਾ ਪ੍ਰਭਾਵ ਸੀ,
ਪੰਥਾ ਇਹ ਤੇਰਾ ਬੋਲਬਾਲਾ ਸੀ।"

ਆ ਗਿਆ "ਰਣਜੀਤ ਸਿੰਘ," ਲੱਗ ਗਿਆ ਫਤਵਾ, ਲੱਗ ਗਿਆ ਕਪੜੇ ਲਾਹੁਣ, ਪਾਉਣਾ ਸੀ ਦਰੱਖਤ ਨੂੰ ਜੱਫਾ, ਵੱਜਣੇ ਸੀ ਕੋੜੇ। ਤੇ ਫਿਰ ਅਕਾਲੀ "ਫੂਲਾ ਸਿੰਘ" ਜੀ ਨੇ ਆਖਿਆ, "ਖਾਲਸਾ ਜੀ, ਇਹਦੇ ਅੰਦਰੋਂ ਹੁਣ ਹਉਮੈ ਨਿਕਲ ਗਈ ਹੈ, ਜਿਹੜਾ ਰੋਅਬ ਸੀ, ਉਹ ਨਿਕਲ ਗਿਆ ਹੈ, ਹੁਣ ਇਹਨੂੰ ਮਾਫ ਕਰ ਦਿਉ। ਮਾਨ ਸਿੰਘ ਝੌਰ ਜੀ ਕਹਿੰਦੇ ਮੈਂ ਇੰਡੀਆ ਵਿਚ ਕਈਆਂ ਸਿੱਖਾਂ ਵੱਲ ਵੇਖਦਾ ਹਾਂ ਕਿ ਕੋਈ "ਸਹਿਜਧਾਰੀ" ਆ ਜਾਏ, ਸਿਰ ਹੋਵੇ ਉਸਦਾ ਨੰਗਾ, ਮੱਥੇ

ਟੇਕਦੇ ਤੇ ਜਿੰਨੇ ਕੇਸਾਂ ਵਾਲੇ, ਦਾਹੜੀ ਵਾਲੇ ਨੇ, ਆਸਣ ਡੋਲ ਜਾਂਦੇ ਨੇ ਉਹਨਾਂ ਦੇ ਕਿ ਮੈਂ ਉਸ ਵੇਲੇ ਬੜਾ ਹੈਰਾਨ ਹੁੰਦਾ ਹਾਂ ਕਿ ਇਹਨਾਂ ਨੇ ਆਪਣੀ ਨੂੰਹ ਵੱਲ ਨਹੀਂ ਕਦੇ ਵੇਖਿਆ ਕਿ ਗੁੱਤਾਂ ਉਸ ਦੀਆਂ ਦੋ ਨੇ ਕਿ ਚਾਰ ਨੇ। ਇਹ ਜਿਹੜੇ ਬਹੁਤੇ ਔਖੇ ਹੋਏ ਨੇ ਨਾ ਸਹਿਜਧਾਰੀ ਵੱਲ ਵੇਖ ਕੇ, ਇਹਨਾਂ ਕਦੀ ਨਹੀਂ ਧਿਆਨ ਪਾਇਆ ਕਿ ਕੁੜੀ ਦੇ ਕੇਸ ਕੱਟੇ ਹੋਏ ਨੇ ਕਿ ਨਹੀਂ।

"ਕਰਤਾ ਪੁਰਖ ਨ ਚੇਤਿਓ
ਕੀਤੇ ਨੋ ਕਰਤਾ ਕਰਿ ਜਾਣੈ ॥"

ਭਾਈ ਸਾਹਿਬ ਕਹਿੰਦੇ ਜੁਆਨ ਬਣ ਗਿਆ। ਕੋਈ ਨਾਰੀ ਇਹਦੇ ਘਰ ਆ ਗਈ ਹੈ ਤੇ ਉਹਦਾ ਇਹ ਪਤੀ ਬਣ ਗਿਆ ਤੇ ਪਿਆਰ ਦਾ ਨਤੀਜਾ ਇਹਨਾਂ ਦੇ ਘਰ ਕਾਕਾ ਜੰਮ ਪਿਆ। ਅੱਗੋਂ ਕਾਕਾ ਵਿਆਹ ਦਿੱਤਾ, ਫਿਰ ਉਹਦੇ ਘਰ ਕਾਕਾ ਜੰਮ ਪਿਆ ਤੇ ਉਹ ਪਿਤਾ ਜੀ, ਪਿਤਾ ਜੀ, ਆਖਣ ਲੱਗ ਪਿਆ। ਜੇ ਉਹ ਪਿਤਾ ਜੀ, ਪਿਤਾ ਜੀ ਕਹੇਗਾ ਤੇ ਉਸ ਨੇ ਮਾਰ ਖਾਣੀ ਹੈ, ਉਹ ਕਹਿੰਦਾ ਹੈ "ਡੈਡੀ!" ਤੈਨੂੰ ਹੁਣ ਮਾਂ-ਪਿਉ ਸ਼ਬਦ ਚੰਗਾ ਹੀ ਨਹੀਂ ਲੱਗਦਾ। ਕੀ ਗੁਰੂ ਗ੍ਰੰਥ ਸਾਹਿਬ ਨੇ ਝੂਠ ਲਿਖਿਆ ਹੈ :

"ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ ॥
ਤੂੰ ਮੇਰਾ ਰਾਖਾ ਸਭਨੀ ਥਾਈ
ਤਾ ਭਉ ਕੇਹਾ ਕਾੜਾ ਜੀਉ ॥" (ਪੰਨਾ ੧੦੩)

ਤੇਰੇ ਵਾਸਤੇ ਤੇ ਗੁਰੂ ਅਰਜਨ ਦੇਵ ਸਾਹਿਬ ਗਲਤ ਲਿਖ ਗਿਆ ਨਾ ਕਿ ਮਾਂ-ਪਿਉ ਨਹੀਂ ਸੀ ਲਿਖਣਾ। ਸਿੰਘਾ ਆਪਣੀ ਸੰਸਕ੍ਰਿਤੀ ਨਾ ਛੱਡ। ਜਿਹੜੇ ਪਿੰਡ ਦੇ ਸਰਪੰਚ ਨੇ, ਆਗੂ ਨੇ ਇਹਨਾਂ ਵਿਚ ਵੀ ਪੱਤ ਹੈ। ਜਿਸ ਵੇਲੇ ਅੰਤ ਦਾ ਵੇਲਾ ਆਇਆ, ਜਮਾਂ ਨੇ ਆਪਣੀ ਜਾਲੀ ਵਿੱਚ ਫਸਾਅ ਲਿਆ। ਨਾ ਭੈਣ, ਨਾ ਭਰਾ, ਨਾ ਜਨਾਨੀ, ਨਾ ਪੁੱਤ, ਨਾ ਦੋਤਰਾ, ਨਾ ਪੋਤਰਾ, ਕਿਸੇ ਸਾਥ ਨਾ ਦਿੱਤਾ। ਭਾਈ ਜੀ ਸਤਵੀਂ ਤੁੱਕ ਵਿਚ ਕਹਿੰਦੇ ਨੇ :

"ਗੁਰ ਪੂਰੇ ਬਿਨ ਜਾਏ ਜਮਾਨੇ ॥"

ਗੁਰੂ ਪੂਰੇ ਦੀ ਸੇਵਾ ਨਹੀਂ ਕੀਤੀ, ਜਮਾਂ ਦੀ ਪੁਰੀ ਅਰਥਾਤ ਨਰਕਾਂ ਵਿਚ ਜਾਣਾ ਪਵੇਗਾ :

"ਬਿਨੁ ਪੂਰੇ ਗੁਰਦੇਵ ਫਿਰੈ ਸੈਤਾਨਿਆਂ ॥
ਬਿਨੁ ਪੂਰੇ ਗੁਰਦੇਵ ਫਿਰੈ ਸੈਤਾਨਿਆ ॥

ਮਿੰਟ ਦਾ ਮਿੰਟ ਪੂਰੇ ਗੁਰੂ ਨਾਲ ਬਿਰਤੀ ਜੋੜੋ। "ਸ੍ਰੀ ਹਰਿਮੰਦਰ ਸਾਹਿਬ" ਤੋਂ ਗੁਰਦੁਆਰਾ "ਪਿਪਲੀ ਸਾਹਿਬ" ਚਾਰ ਮੀਲ ਹੈ। ਪਿਛੋੜ, ਅਫ਼ਗਾਨਿਸਤਾਨ, ਪੋਠੋਵਾਰ, ਸਾਰੀਆਂ ਸੰਗਤਾਂ ਹਜ਼ਾਰਾਂ ਦੀ ਗਿਣਤੀ ਵਿਚ "ਸਾਹਿਬ ਸ੍ਰੀ ਗੁਰੂ ਅਰਜਨ ਸਾਹਿਬ" ਦੇ ਦਰਸ਼ਨਾਂ ਨੂੰ ਆਈਆਂ। ਸ੍ਰੀ ਹਰਿਮੰਦਰ ਸਾਹਿਬ ਦੀਦਾਰ ਕਰਾਂਗੇ ਤੇ

ਉਤਾਰਾ ਲੈ ਲਿਆ "ਪਿਪਲੀ ਸਾਹਿਬ !" ਕੀਰਤਨ ਉਥੇ ਜਾਰੀ, ਦਰਬਾਰ ਸੱਜੇ, ਰੋਜ਼ ਅੰਮ੍ਰਿਤ ਬਰਸੇ । ਅਸੀਂ ਹੁਣ ਕੀਰਤਨ ਨਾਲ ਵੀ ਰੁਚੀ ਘੱਟ ਰੱਖਦੇ ਹਾਂ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਹਿੰਦੇ :

"ਹਰਿ ਜਸੁ ਸੁਨਹਿ ਨਾ ਹਰਿ ਗੁਨ ਗਾਵਹਿ ॥
ਬਾਤਨ ਹੀ ਅਸਮਾਨੁ ਗਿਰਾਵਹਿ ॥੧॥"

ਨਾ ਵਾਹਿਗੁਰੂ ਦਾ ਜੱਸ ਸੁਣਦਾ ਹੈ, ਨਾ ਕਰਦਾ ਹੈ ਤੇ ਗੱਲਾਂ ਨਾਲ ਅਸਮਾਨ ਦੀਆਂ ਟਾਕੀਆਂ ਵੀ ਤੋੜ ਲੈਂਦਾ ਹੈ :

"ਐਸੇ ਲੋਗਨ ਸਿਉ ਕਿਆ ਕਹੀਐ ॥
ਜੋ ਪ੍ਰਭ ਕੀਏ ਭਗਤਿ ਤੇ ਬਾਹਜ
ਤਿਨ ਤੇ ਸਦਾ ਡਰਾਨੇ ਰਹੀਐ ॥੧॥ ਰਹਾਉ ॥ (ਪੰਨਾ ੩੩੨)

ਜਿਨ੍ਹਾਂ ਨੂੰ ਵਾਹਿਗੁਰੂ ਨੇ ਆਪਣੀ ਭਗਤੀ ਨਹੀਂ ਨਾ ਬਖਸ਼ੀ । ਉਹਨਾਂ ਕੋਲੋਂ ਸਦਾ ਡਰੋ, ਉਹਨਾਂ ਕੋਲੋਂ ਸਦਾ ਖੌਫ ਕਰੋ, ਉਹਦੇ ਕੋਲੋਂ ਸਦਾ ਆਪਣਾ ਪੱਲੂ ਬਚਾਵੋ। ਆਪ ਤੇ ਕਿਸੇ ਨੂੰ ਚੁਲੀ ਪਾਣੀ ਦੇਣ ਜੋਗੇ ਨਹੀਂ ਪਿਆਸੇ ਨੂੰ, ਔਰ ਨਿੰਦਿਆ ਉਹਦੀ ਕਰਦੇ ਨੇ ਜਿਨ੍ਹਾਂ ਪਹਾੜਾਂ ਤੋਂ ਗੰਗਾ ਧਰਤੀ ਤੇ ਲੈ ਆਂਦੀ। ਉਠਦਿਆਂ-ਬੈਠਦਿਆਂ ਖੋਟਾਪਣ ਵਰਤਦੇ ਨੇ । ਇਹ ਖੋਟਾਪਣ ਉਹ ਵਰਤਦੇ ਨੇ ਜਿਸ ਦੀ ਕਿਰਤ ਵਿਚ ਪਾਪ ਹੈ, ਜਿਸ ਦੇ ਵਿਵਹਾਰ ਵਿਚ ਪਾਪ, ਜਿਸ ਦੇ ਨਾਮ ਵਿਚ ਪਾਪ ਹੈ, ਔਰ ਜਿਸ ਦੇ ਅੰਦਰ ਨਹੀਂ "ਸਤਿਨਾਮ-ਵਾਹਿਗੁਰੂ" ਦਾ ਵਾਸਾ।

ਸੋ ਸਾਧ ਸੰਗਤ ਜੀ ! ਤੁਸੀਂ ਜਿੰਨੇ ਵੀ ਆਏ ਹੋ, ਜਿੰਨੇ ਵੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਬੈਠੇ ਹੋ । ਸਾਰੇ ਅੱਜ ਇਥੋਂ ਝੋਲੀ ਭਰ ਕੇ ਜਾਣਾ ਕਿ ਸੱਚੀ ਕਿਰਤ ਤੋਂ ਬਿਨਾਂ ਪਾਪ ਪ੍ਰਵੇਸ਼ ਕਰ ਜਾਂਦਾ ਹੈ, ਸੱਚੀ ਕਿਰਤ ਤੋਂ ਬਿਨਾਂ ਕਲਯੁਗ ਪ੍ਰਵੇਸ਼ ਕਰ ਜਾਂਦਾ ਹੈ । ਅਗਰ ਇਹਨਾਂ ਸਾਰਿਆਂ ਤੋਂ ਬਚਣਾ ਹੈ ਤਾਂ ਸੱਚੀ ਕਿਰਤ ਕਰਨਾ, ਸਦਾ ਵਾਹਿਗੁਰੂ ਦਾ ਨਾਮ ਚੇਤੇ ਰੱਖਣਾ ਹੈ, ਤਾਂ ਹੀ ਤੁਸੀਂ ਇਸ ਕਲਯੁਗ ਤੋਂ ਬਚ ਸਕਦੇ ਹੋ ।

ਉਪਮਾਨ ਤੇ ਉਪਦੇਹ

"ਸ੍ਰੀ ਗੁਰੂ ਗ੍ਰੰਥ ਸਾਹਿਬ ਜੀ" ਇਕ ਐਸੀ ਬਾਣੀ ਹੈ ਜਿਸ ਵਿਚ ਆਦਿ ਤੋਂ ਅੰਤ ਤੱਕ ਸਿਰਫ਼ ਇਕ ਨਾਮ ਦੀ ਚਰਚਾ ਹੈ। ਇਸ ਵਿਚ ਕਿਸੇ ਰਾਜੇ, ਮਹਾਰਾਜੇ, ਬਾਦਸ਼ਾਹ ਦੀ ਚਰਚਾ ਨਹੀਂ ਕੀਤੀ। ਇਸ ਵਿਚ "ਗੁਰੂ ਗੋਬਿੰਦ ਸਿੰਘ" ਤੇ "ਭਾਈ ਡੱਲਾ" ਦੇ ਪਿਆਰ ਦੀ ਚਰਚਾ ਕੀਤੀ ਹੈ, ਜੋ ਅਸੀਂ ਮਾਨ ਸਿੰਘ ਝੌਰ ਜੀ ਦੀ ਜ਼ੁਬਾਨੋਂ ਸੁਣਾਂਗੇ।

ਨੇਤਰ ਬੜੇ ਸਿੱਲੇ, ਅੰਮ੍ਰਿਤ ਰੱਸ ਨਾਲ ਭਰੇ ਹੋਏ, ਚੌਵੀ ਘੰਟੇ ਉਸ ਦੇ ਲੱਬਾਂ ਤੇ ਮੁਸਕਰਾਹਟ ਰਹਿੰਦੀ ਹੈ। ਉਸ ਦੇ ਖੱਬੇ ਹੱਥ ਵਿਚ ਬਾਜ ਹੈ। ਪਿੱਛੇ ਤੀਰਾਂ ਵਾਲਾ ਭੱਥਾ ਹੈ ਤੇ ਕੰਧੇ ਉਤੇ ਕਮਾਨ ਹੈ। ਬੱਚਾ! ਉਸ ਦੀ ਚੌੜੀ ਜਿਹੀ ਛਾਤੀ ਵਿਚ ਦਰਦਾਂ ਦਾ ਭਰਿਆ ਹੋਇਆ ਦਿਲ ਹੈ। ਉਹ ਸਾਰਿਆਂ ਨਾਲ ਪਿਆਰ ਕਰਦਾ ਹੈ। ਮਾਂ ਦੀਆਂ ਗੱਲਾਂ ਸੁਣ-ਸੁਣ ਕੇ ਦਸਾਂ ਵਰ੍ਹਿਆਂ ਦੇ ਬੱਚੇ ਦਾ ਸਿਰ ਝੁਕਿਆ ਤੇ ਕਹਿੰਦਾ, "ਮਾਂ! ਉਹਦੇ ਦਰਸ਼ਨ ਮੈਨੂੰ ਹੋਣਗੇ? ਮਾਂ ਜੇ ਮੈਂ ਯਾਦ ਕਰਾਂ ਤੇ ਆ ਜਾਵੇਗਾ। ਮਾਂ, ਜਿਸ ਦੇ ਨਾਲ ਤੂੰ ਗੱਲਾਂ ਕਰਦੀ ਹੈਂ ਕੀ ਉਹ ਮੇਰੇ ਨਾਲ ਵੀ ਕਰੇਗਾ?" ਮਾਂ ਨੇ ਕਿਹਾ, "ਹਾਂ ਪੁੱਤਰ, ਜਿਹੜਾ ਉਸ ਨੂੰ ਯਾਦ ਕਰੇ ਉਹ ਪਿਆਰ ਦਾ ਬੱਧਾ ਹੋਇਆ ਆ ਜਾਂਦਾ ਹੈ।" ਪੁੱਤਰ ਨੇ ਮਾਂ ਨੂੰ ਆਖਿਆ, "ਜੇ ਭਲਾ ਉਹ ਆ ਗਿਆ ਤੇ ਮੈਂ ਉਸ ਨੂੰ ਕੀ ਦੇਵਾਂਗਾ?" ਮਾਂ ਨੇ ਕਿਹਾ "ਸ਼ਰਧਾ ਨਾਲ ਭਾਵੇਂ ਸਰਸੋਂ ਦਾ ਦਾਣਾ ਰੱਖ ਦੇਈਏ, ਉਹ ਕਬੂਲ ਕਰ ਲੈਂਦਾ ਹੈ।" ਪੁੱਤਰ ਨੇ ਕਿਹਾ, "ਮਾਂ ਜੀ, ਤੇਰੇ ਕੋਲ ਤਾਂ ਕੁਝ ਵੀ ਨਹੀਂ ਹੋਣਾ, ਜੇ ਉਹ ਆ ਗਿਆ ਰਾਤ-ਬਰਾਤੇ ਤਾਂ ਮੈਂ ਉਸ ਨੂੰ ਕੀ ਦੇਵਾਂਗਾ?" ਮਾਂ ਨੇ ਗੁੜ ਥੋੜਾ ਜਿਹਾ ਲੈ ਕੇ ਉਸ ਦੇ ਦੁਪੱਟੇ ਦੇ ਪੱਲੇ ਬੰਨ੍ਹ ਦਿੱਤਾ ਤੇ ਉਸ ਨੇ ਸਚਿਆਰਾ ਜਾਣ ਕੇ ਉਸ ਨੂੰ ਸਾਂਭਿਆ। ਇਤਿਹਾਸ ਵਿਚ ਉਸ ਦਾ ਨਾਂ ਹੈ "ਭਾਈ ਡੱਲਾ"। ਸਿਆਣਾ ਹੋ ਗਿਆ, ਅਠਾਰ੍ਹਾਂ-ਵੀਹ ਵਰ੍ਹਿਆਂ ਦਾ। ਖੂਹ ਗੇੜਦਿਆਂ-ਗੇੜਦਿਆਂ, ਪਾਣੀ ਲਾਉਂਦਿਆਂ ਕਿਆਰੇ ਮੋੜਦਾ ਚਲਾ ਗਿਆ ਤੇ ਕਿਆਰਾ ਮੋੜਦਿਆਂ-ਮੋੜਦਿਆਂ ਜੁੜ ਗਿਆ ਮਨ। ਹੇ ਗੁਰੂ ਗੋਬਿੰਦ ਸਿੰਘ, ਹੇ ਦੀਨਾਂ-ਦੁਖੀਆਂ ਦੇ ਰਾਖੇ! ਮਾਂ ਜੀ ਨੇ ਕਿਹਾ ਸੀ, ਜਿਸ ਨੂੰ ਯਾਦ ਕਰੀਏ ਉਹ ਆ ਜਾਂਦਾ ਹੈ। ਗੁਰੂ ਦੇਵ ਮੇਰੇ ਵਿਚ ਘਾਟਾ ਹੋਵੇਗਾ, ਗੁਰੂ ਦੇਵ ਮੈਨੂੰ ਜੁਗਤੀ ਨਹੀਂ ਨਾ ਤੈਨੂੰ ਰਿਝਾਉਣ ਦੀ, ਮੈਂ ਢੰਗ ਨਹੀਂ ਨਾ ਜਾਣਦਾ ਤੈਨੂੰ

ਰਿਝਾਉਣ ਦੇ। ਐ ਮੇਰੇ ਮਾਲਿਕ, ਜ਼ਿੰਦਗੀ ਦਾ ਕੀ ਭਰੋਸਾ ਇਸ ਨੇ ਕਿਸ ਵੇਲੇ ਖਤਮ ਹੋ ਜਾਣਾ ਹੈ। ਨਿਰਛਲ ਪੁੰਨਾਂ, ਪਾਪਾਂ ਤੋਂ ਬਚਿਆ ਹੋਇਆ ਬੱਚਾ, ਨਿਰਾ ਪਿਆਰ ਦਾ ਪੁਤਲਾ, ਗੋਬਿੰਦ, ਗੋਬਿੰਦ ਕਹਿੰਦਾ-ਕਹਿੰਦਾ ਐਸੀ ਮਸਤੀ ਵਿਚ ਆਇਆ, ਬੈਠ ਗਿਆ। ਇਕ ਮਿੰਟ ਦਾ ਮਿਲਾਪ ਹੋ ਗਿਆ, ਅੰਦਰੋਂ ਕੋਈ ਚਮਕਾਰੇ ਪਏ ਅਣਡਿੱਠੇ ਜਿਹੇ, ਫਿਰ ਸਮਾਧੀ ਜਿਹੀ ਟੁੱਟ ਗਈ ਤੇ ਫਿਰ ਅਰਦਾਸ ਕੀਤੀ, ਮਾਲਕਾ ! ਜਿਹੜਾ ਅੰਦਰ ਰੂਪ ਵਿਖਾ ਰਿਹਾ ਹੈਂ, ਇਹ ਮੇਰੀ ਸਮਝ ਵਿਚ ਨਹੀਂ ਆਉਂਦਾ। ਮੇਰੀ ਮੱਤ ਥੋੜੀ ਹੈ, ਮੈਂ ਨਾਦਾਨ ਹਾਂ। ਮਹਾਰਾਜ, ਮੈਨੂੰ ਪ੍ਰਤੱਖ ਰੂਪ ਵਿਚ ਦਰਸ਼ਨ ਦਿਉ ! ਇੰਨੀ ਚਿਰ ਨੂੰ ਉਹਨੂੰ ਘੋੜੇ ਦੇ ਪੈਰਾਂ ਦੀ ਅਵਾਜ਼ ਆਈ ਤੇ ਮਾਂ ਵੀ ਆ ਗਈ ਪ੍ਰਸ਼ਾਦਿ-ਪਾਣੀ ਲੈ ਕੇ, ਤੇ ਵਿੱਚੇ ਕਾਕਾ ਗੁੱਸੇ ਵਿਚ ਆਏਗਾ ਹੀ, ਕਿਆਰੇ ਵੱਲ ਧਿਆਨ ਮਾਰ ਕੇ ਵੇਖਿਆ ਉਹ ਕਿਤੇ ਨਜ਼ਰ ਆਇਆ ਨਹੀਂ ! ਇਧਰ-ਉਧਰ ਪੈਲੀਆਂ ਵਿਚ ਉਸ ਨੇ ਚੱਕਰ ਕੱਟੇ, ਕਿਤੇ ਨਜ਼ਰ ਆਇਆ ਨਹੀਂ ! ਇਹ ਆਪਣੇ ਪੁੱਤ ਨੂੰ ਲੱਭਦੀ ਫਿਰੇ ਤੇ ਉਹ ਗੁਰੂ ਗੋਬਿੰਦ ਸਿੰਘ ਨੂੰ ਲੱਭਦਾ ਫਿਰੇ। ਗੁਰੂ ਆ ਗਏ, ਘੋੜੇ ਤੋਂ ਉਤਰ ਖਲੋਤੇ, ਕਾਕੇ ਨੂੰ ਆਪਣੀ ਗੋਦ ਵਿਚ ਲੈ ਕੇ ਕਹਿਣ ਲੱਗੇ ਬੱਚਾ, ਉਹ ਭਾਈ ਡੱਲਿਆ, ਓ ਗੁਰੂ ਨਾਨਕ ਦੇ ਸਿੱਖਾ, ਪ੍ਰੇਮ ਦੇ ਪੁਤਲਿਆ, ਜਿਸ ਨੂੰ ਤੂੰ ਯਾਦ ਕਰਦਾ ਸੀ, ਉਹ ਆ ਗਿਆ। ਜਿਸ ਨੂੰ ਤੂੰ ਲੱਭਦਾ ਸੀ, ਉਹ ਆ ਗਿਆ। ਜਦੋਂ ਮਾਂ ਨੇ ਵੇਖਿਆ, ਤਾਂ ਉਸ ਨੇ ਮੱਥਾ ਟੇਕਿਆ। ਇੰਨੇ ਨੂੰ ਪਰਿਵਾਰ ਸਾਰਾ ਇਕੱਠਾ ਹੋ ਗਿਆ। ਉਹ ਸਾਰਾ ਪਰਿਵਾਰ ਨਾਨਕ-ਨਿਰੰਕਾਰੀ ਦਾ ਸਿੱਖ ਬਣ ਗਿਆ। ਉਸ ਦੇ ਦਰ-ਘਰ ਦਾ ਪੁਜਾਰੀ ਬਣ ਗਿਆ।

"ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ॥" (ਪੰਨਾ ੧੪੫)

ਸੰਸਾਰੀ, ਕੂੜ ਦਾ ਜ਼ਹਿਰ ਖਾਂਦੇ ਨੇ, ਪਰ ਗੁਰੂ ਕਾ ਸਿੱਖ ਅੰਮ੍ਰਿਤ ਪੀਂਦਾ ਹੈ। ਮਾਨ ਸਿੰਘ ਝੌਰ ਜੀ ਕਹਿੰਦੇ ਸਾਰਾ ਦਿਨ ਲੜਕੀ ਚਿੰਤਾ ਵਿਚ ਰਹੀ ਤੇ ਰਾਤ ਨੂੰ ਮੂੰਹ ਵਿਚ ਕੀਰਤਨ ਸੋਹਿਲੇ ਦਾ ਪਾਠ ਕੀਤਾ ਤੇ ਸੌਂ ਗਈ। ਜਿਸ ਵੇਲੇ ਪ੍ਰਭਾਤ ਵੇਲਾ ਹੋਇਆ, ਮੁਰਗੇ ਨੇ ਬਾਂਗ ਦਿਤੀ। ਰਾਹੀਆਂ-ਪਾਧੀਆਂ ਨੇ ਆਪਣੇ ਰਾਹ ਸਿੱਧੇ ਕੀਤੇ। ਔਰ ਉਸ ਦੇਵੀ ਨੇ ਇਸ਼ਨਾਨ-ਪਾਨ ਕੀਤਾ। ਪੇਕਿਆਂ ਵਲੋਂ ਮਿਲਿਆ ਹੋਇਆ ਆਸਣ, ਪੇਕਿਆਂ ਵਲੋਂ ਮਿਲਿਆ ਹੋਇਆ ਪਸਾਰਾ, ਪੇਕਿਆਂ ਵਲੋਂ ਮਿਲਿਆ ਹੋਇਆ ਸਿਮਰਨ-ਭਗਤੀ ਦਾ ਸਮਾਨ ਉਹਦੇ ਕੋਲ ਸੀ। ਇਸ਼ਨਾਨ ਪਾਨ ਕਰਕੇ ਆਸਣ ਵਿਛਾ ਕੇ, ਕਮਰ ਸਿੱਧੀ ਕਰਕੇ, ਬਾਹਾਂ ਗੋਡਿਆਂ ਤੇ ਰੱਖ ਕੇ ਬੈਠ ਗਈ ਤੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਪ੍ਰਾਰੰਭ ਕਰ ਕੀਤਾ। ਪਾਠ ਕਰਦਿਆਂ-ਕਰਦਿਆਂ ਲੜਕੀ ਕਿਤੇ ਇਥੇ ਪਹੁੰਚ ਗਈ:

"ਬਲੂਆ ਕੇ ਗ੍ਰਿਹ ਭੀਤਰਿ ਬਸੈ ॥
ਅਨਦ ਕੇਲ ਮਾਇਆ ਰੰਗਿ ਰਸੈ ॥" (ਪੰਨਾ ੨੬੭)

ਅੰਮ੍ਰਿਤ ਬਾਣੀ ਦਾ ਅੰਮ੍ਰਿਤ ਬਚਨ ਸੱਚ ਦੀਆਂ ਗਲਾਂ ਤੱਕ ਪਹੁੰਚਿਆ।

ਇੰਨੇ ਚਿਰ ਨੂੰ ਉਸ ਕੁੜੀ ਦੀ ਸੱਸ ਆ ਗਈ, ਉਸ ਨੂੰ ਬੁਰਾ ਭਲਾ ਕਹਿਣ ਲੱਗੀ ਤੇ ਤਿੰਨ-ਚਾਰ ਚਪੇੜਾਂ ਛੱਡ ਦਿੱਤੀਆਂ ਤੇ ਕਹਿਣ ਲੱਗੀ, ਬੇਵਕੂਫੇ, ਨਿਕੰਮੀਏ, ਨਾਲਾਇਕੇ, ਕਿਸੇ ਭੈੜੀ ਮਾਂ ਦੀ ਕੁੱਖ ਵਿਚੋਂ ਜਨਮ ਲੈਣ ਵਾਲੀਏ, ਕਿਸੇ ਚੰਦਰੀ ਮਾਂ ਦਾ ਦੁੱਧ ਪੀ ਕੇ ਪਲੀਏ ਹੋਈਏ ਨਿਕੰਮੀਏ, ਨਾਲਾਇਕੇ ਤੂੰ ਸਵੇਰੇ-ਸਵੇਰੇ ਕੀ ਬਕਵਾਸ ਬਕਦੀ ਹੈਂ ? ਤੂੰ ਸਵੇਰੇ-ਸਵੇਰੇ ਕੀ ਰੌਲਾ ਪਾਇਆ ਹੋਇਆ ਈ ! ਤੂੰ ਕੀ ਸਵੇਰੇ-ਸਵੇਰੇ ਹੱਲਾ-ਗੁੱਲਾ ਪ੍ਰਾਰੰਭ ਕਰ ਦਿੱਤਾ ਈ ? ਗੁਰਮਤਿ ਕੁੜੀ ਨੇ ਜਿਸ ਵੇਲੇ ਸੱਸ ਦੀ ਜ਼ੁਬਾਨੋਂ ਸੁਣਿਆ ਨਾ ਸ਼ੋਰ, ਰੌਲਾ, ਹੱਲਾ-ਗੁੱਲਾ ਤੇ ਕੁੜੀ ਦੇ ਕਲੇਜੇ ਵਿਚ ਜਿਵੇਂ ਤੀਰ ਵੱਜ ਗਿਆ ਹੋਵੇ । ਉਹ ਉਠ ਕੇ ਖਲੋ ਗਈ ਤੇ ਕਹਿਣ ਲੱਗੀ, "ਮਾਂ, ਤੂੰ ਮੈਨੂੰ ਜਿੰਨਾ ਮਰਜ਼ੀ ਮਾਰ ਲੈ, ਮੇਰੇ ਹੱਥ ਮੰਜੀ ਥੱਲੇ ਦੇ ਕੇ ਮੈਨੂੰ ਜਿੰਨੇ ਮਰਜ਼ੀ ਤਸੀਹੇ ਦੇ-ਦੇ, ਭਾਵੇਂ ਵੱਡੇ ਤੋਂ ਵੱਡਾ ਕਸ਼ਟ ਮੈਨੂੰ ਦੇ-ਦੇ, ਪਰ ਮੈਂ ਮਿੰਨਤ ਕਰਦੀ ਹਾਂ, ਤਰਲਾ ਲੈਨੀ ਹਾਂ ਕਿ ਮੇਰੇ ਸ਼ਬਦਾਂ ਵਿਚ ਬਾਣੀ ਦੀ ਨਿੰਦਿਆ ਨਾ ਕਰ !" ਕੁੜੀ ਕਹਿਣ ਲੱਗੀ, ਮਾਂ, ਤੂੰ ਕਦੇ ਗੁਰਦੁਆਰੇ ਨਹੀਂ ਗਈ, ਤੂੰ ਕਦੇ ਗੁਰਦੁਆਰੇ ਜਾ ਕੇ ਗੁਰਮੁਖਾਂ, ਪਿਆਰਿਆਂ ਕੋਲੋਂ ਬਾਣੀ ਦੇ ਬਚਨ ਨਹੀਂ ਸੁਣੇ !

"ਧੁਰ ਕੀ ਬਾਣੀ ਆਈ ॥
ਤਿਨਿ ਸਗਲੀ ਚਿੰਤ ਮਿਟਾਈ ॥" (ਪੰਨਾ ੬੨੮)

ਮਾਂ, ਤੇਰੇ ਕੰਨਾਂ ਤੱਕ ਕਦੇ ਇਹ ਬਚਨ ਨਹੀਂ ਆਏ। ਤੂੰ ਕਦੇ ਇਹਨਾਂ ਬਚਨਾਂ ਦਾ ਅੰਮ੍ਰਿਤ ਨਹੀਂ ਪੀਤਾ !

ਇਹ ਬਾਣੀ ਮਹਾ ਪੁਰਖ ਕੀ
ਨਿਜ ਘਰਿ ਵਾਸਾ ਹੋਇ ॥" (ਪੰਨਾ ੯੩੫)

ਮਾਂ ਤੂੰ ਨਹੀਂ ਸੁਣਿਆ :

"ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ ॥
ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ ॥"

(ਪੰਨਾ ੬੨੮)

ਮਾਂ ! ਤੇਰਿਆਂ ਕੰਨਾਂ ਨੇ ਇਨ੍ਹਾਂ ਅੰਮ੍ਰਿਤ ਬਚਨਾਂ ਦਾ ਕਦੇ ਰੱਸ ਨਹੀਂ ਪੀਤਾ! ਮਾਂ, ਤੂੰ ਕਦੇ ਗੁਰਦੁਆਰੇ ਬੈਠ ਕੇ, ਇਕਾਗਰ ਚਿਤ ਹੋ ਕੇ, ਇਹ ਬਚਨ ਨਹੀਂ ਸੁਣੇ !

ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ॥

ਇੰਨੇ ਨੂੰ ਸੱਸ ਨੂੰਹ ਦੀਆਂ ਗੱਲਾਂ ਸੁਣ ਕੇ ਸੌਹਰੇ ਨੂੰ ਜਾਗ ਆ ਗਈ, ਉਹਨੇ ਵੀ ਪੁੱਛਿਆ-ਪੜਤਾਲਿਆ ਨਹੀਂ, ਨਾ ਨੂੰਹ ਨੂੰ ਪੁੱਛਿਆ, ਨਾ ਘਰ ਵਾਲੀ ਨੂੰ ਪੁੱਛਿਆ ਕਿ ਗੱਲ ਕੀ ਹੈ ? ਅਕਲ ਦਾ ਧਨੀ ਉਲਟੇ ਪਾਸੇ ਸੋਚੀਂ ਪੈ ਗਿਆ ਕਿ ਅੱਜ ਪਹਿਲੀ ਰਾਤੇ ਪ੍ਰਭਾਤ ਵੇਲੇ ਸੱਸ ਨਾਲ ਲੜਦੀ ਹੈ ਜਿਹੜੀ, ਉਹਨੇ ਮੈਨੂੰ ਕੀ ਪਕਾ ਕੇ ਖਵਾਉਣਾ ਹੈ ? ਇਹਨੇ ਮੇਰੇ ਵਾਸਤੇ ਕਿਹੜਾ ਤੱਤਾ ਪਾਣੀ ਕਰ

ਕੇ ਦੇਣਾ ਹੈ, ਲਵੋ ਪਿਤਾ ਜੀ, ਨਹਾ ਲਉ। ਅਕਲ ਦੇ ਗੌਂਟ ਨੇ ਚਾਰ-ਪੰਨ ਚਪੇੜਾਂ ਸੌਹਰੇ ਨੇ ਵੀ ਜੜ ਦਿਤੀਆਂ। ਕੁੜੀ ਕਹਿਣ ਲੱਗੀ, ਝਾਗੜੂ ਬਣ ਗਿਆ ਮੇਰਾ ਸੌਹਰਾ, ਜਿਨ੍ਹਾਂ ਦੇ ਘਰ ਮੈਂ ਆਈ, ਜਿਨ੍ਹਾਂ ਦੇ ਆਸਰੇ ਮੈਂ ਜ਼ਿੰਦਗੀ ਬਤੀਤ ਕਰਨੀ ਸੀ, ਉਹ ਹੀ ਮੇਰੀ ਜ਼ਿੰਦਗੀ ਦੇ ਵੈਰੀ ਬਣ ਗਏ ਨੇ!

"ਕੋਈ ਨਾਉ ਨ ਜਾਣੈ ਮੇਰਾ ॥"
ਕਬੀਰ ਮੇਰਾ ਮੁਝ ਮਹਿ ਕਿਛੁ ਨਹੀ
ਜੋ ਕਿਛੁ ਹੈ ਸੋ ਤੇਰਾ ॥
ਤੇਰਾ ਤੁਝ ਕਉ ਸਉਪਤੇ
ਕਿਆ ਲਾਗੈ ਮੇਰਾ ॥ *(ਪੰਨਾ ੧੩੭੫)*

ਮਹਲਾ ੫ ॥

ਤੁਧੁ ਬਿਨੁ ਦੂਜਾ ਨਾਹੀ ਕੋਇ ॥
ਤੂ ਕਰਤਾਰੁ ਕਰਹਿ ਸੋ ਹੋਇ ॥ *(ਪੰਨਾ ੭੨੩)*

ਫਿਰ ਉਹ ਕੁੜੀ-ਮਾਂ ਨੂੰ ਕਹਿੰਦੀ ਹੈ ਕਿ ਤੂੰ ਕਦੇ ਇਹ ਬਚਨ ਨਹੀਂ ਸੁਣੇ:
ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥
ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥
ਜਿਨ ਕਉ ਨਦਰਿ ਕਰਮੁ ਹੋਵੈ, ਹਿਰਦੈ ਤਿਨਾ ਸਮਾਣੀ ॥"
(ਪੰਨਾ ੯੨੦)

ਮਾਨ ਸਿੰਘ ਝੌਰ ਜੀ ਦਸੱਦੇ ਨੇ ਮੈਂ ਜਦੋਂ ਡੇਰੇ ਪੜ੍ਹਦਾ ਸਾਂ ਤੇ ਬੜੇ ਸਾਧੂ ਸੰਤ, ਮਹਾਤਮਾ ਇਕੱਠੇ ਹੁੰਦੇ ਸਨ। ਇਕ ਵੇਰਾਂ ਦਾ ਜ਼ਿਕਰ ਮੈਨੂੰ ਅਜੇ ਤੱਕ ਚੇਤਾ ਹੈ, ਬਾਣੀ ਦੇ ਸਬੰਧ ਵਿਚ ਕਿ ਬਾਣੀ ਵਸਤੂ ਕਿਆ ਹੈ?

"ਕੋਟਿ ਭਈ"

"ਕੋਟਿ" ਦਾ ਅਰਥ ਹੈ ਕਿ ਤੇਜ਼ ਪ੍ਰਕਾਸ਼, ਰੌਸ਼ਨੀ। ਬਾਣੀ ਤੇਜ਼ ਪ੍ਰਕਾਸ਼ ਨਾਲ ਤੇ ਤੇਜ਼ ਤੱਤ ਨਾਲ ਭਰੀ ਹੋਈ ਹੈ। ਜਿਥੇ ਤੇਜ਼ ਤੱਤ ਹੈ, ਜਿਥੇ ਰੌਸ਼ਨੀ ਦੇ ਬੱਲ ਨਾਲ ਭਰੀ ਹੋਈ ਹੈ ਬਾਣੀ, ਉਥੇ ਸ਼ਾਂਤਮਈ ਨਾਲ ਬੜਾ ਵੱਡਾ ਗੁਣ ਮਨੁੱਖ ਜਿਊਂਦਾ ਹੈ। ਸਾਹਿਬ ਨਾਨਕ ਨਿਰੰਕਾਰੀ ਜਿਨ੍ਹਾਂ ਨੇ ਬਾਣੀ ਦੁਆਰਾ ਸੰਸਾਰ, ਭੁੱਲੇ ਹੋਏ ਸੰਸਾਰ ਨੂੰ ਸੱਚ ਦਾ ਹੋਕਾ ਦਿੱਤਾ ਹੈ। ਉਹ ਗਰੀਬ੍ਹ ਨ੍ਰਿਵਾਜ਼ ਨੂੰ ਭੂਤਨਾ, ਬੈਤਾਲਾ ਤੇ ਕੁਰਾਹੀਆ ਆਖਦੇ ਹਨ। ਮੜ੍ਹੀ ਵਿਚ ਬਾਲ ਕੇ ਸਾੜ ਦੇਣ ਦਾ ਵਿਚਾਰ ਕਰਦੇ ਸਨ। ਤਿੰਨ ਵੇਰਾਂ ਹਜ਼ੂਰ ਨੂੰ ਬਰਦਾ ਬਣਾ ਕੇ ਮੰਡੀ ਵਿੱਚ ਵੇਚ ਵੀ ਦਿੱਤਾ ਗਿਆ। ਪਰ ਸਾਹਿਬ ਨੂੰ ਗੁੱਸਾ ਨਹੀਂ ਆਇਆ, ਸਾਹਿਬ ਨੂੰ ਕ੍ਰੋਧ ਨਹੀਂ ਆਇਆ। ਜਦੋਂ ਸਾਹਿਬ ਮੱਕਾ ਮਨੱਦਰਾ ਗਏ ਨੇ, ਉਹ ਜਿਧਰ ਮਸੀਤ ਨੂੰ ਬਾਹਰ ਕੁੱਬ ਜਿਹਾ ਹੁੰਦਾ ਹੈ ਨਾ, ਉਸ ਕੁੱਬ ਜਿਹੇ ਨੂੰ ਇਸਲਾਮ ਵਿਚ ਬੜੀ ਅਹਿਮੀਅਤ ਹੈ। ਉਧਰ ਨੂੰ ਹੀ ਮੂੰਹ ਕਰਕੇ ਸਾਰੇ ਬੈਠਦੇ ਨੇ ਤੇ ਬਾਬਾ ਨਾਨਕ ਉਧਰ ਨੂੰ ਪੈਰ ਕਰਕੇ ਸੌਂ ਗਿਆ।

ਜੀਵਨ ਨਾਂ ਦੇ ਅਧਿਕਾਰੀ ਨੇ ਪੈਰ ਨੂੰ ਲੱਤ ਮਾਰੀ, ਬੁਰੇ-ਭਲੇ ਬਚਨ ਬੋਲੇ, ਕਈ ਨੀਵੀਆਂ-ਟੇਢੀਆਂ ਗੱਲਾਂ ਆਖੀਆਂ ਤੇ ਹਜ਼ੂਰ ਹੱਸ-ਹੱਸ ਕੇ ਉਸ ਦਾ ਜਵਾਬ ਦਿੰਦੇ ਰਹੇ ਤੇ ਮਰਦਾਨੇ ਨੇ ਗੁੱਸੇ ਵਿੱਚ ਆ ਕੇ ਆਖਿਆ, ਸਾਹਿਬ, ਉਹ ਚੰਗੇ-ਮੰਦੇ ਬਚਨ ਵੀ ਬੋਲੀ ਜਾਂਦੇ ਨੇ, ਕੌੜੇ-ਫਿੱਕੇ ਬਚਨ ਵੀ ਤੁਹਾਨੂੰ ਬੋਲੀ ਜਾਂਦੇ ਨੇ! ਤੁਸੀਂ ਅੱਗੋਂ ਹੱਸੀ ਜਾਂਦੇ ਹੋ! ਜੇ ਤੁਸਾਂ ਕੁਝ ਨਹੀਂ ਕਰਨਾ ਤੇ ਆਪਣੇ ਦਾਸ ਮਰਦਾਨੇ ਨੂੰ ਆਖੋ ਨਾ ਕਿ ਕੁਝ ਚੰਨ ਚਾੜ੍ਹ ਕੇ ਵਿਖਾ ਦੇਵੇ! ਸਾਹਿਬ ਮੁਸਕਰਾ ਕੇ ਆਖਣ ਲੱਗੇ ਕਿ ਜਦੋਂ ਪਾਗਲਾਂ ਦਾ ਇਲਾਜ ਕਰਨ ਜਾਈਏ ਨਾ ਤੇ ਉਦੋਂ ਇਹ ਬੜੀਆਂ ਗਾਲ੍ਹਾਂ ਕੱਢਦੇ ਨੇ, ਬੜੇ ਮੰਦੇ ਬਚਨ ਬੋਲਦੇ ਨੇ, ਪਰ ਮੈਂ ਇਹਨਾਂ ਦੇ ਚੰਗੇ-ਮੰਦੇ ਬਚਨ ਸੁਣ ਕੇ ਇਹਨਾਂ ਦਾ ਇਲਾਜ ਕਰਨੋਂ ਨਹੀਂ ਹੱਟਦਾ! ਇਹ ਮਾਰੂ ਜੋ ਹੋਏ, ਇਹਨਾਂ ਦਾ ਇਲਾਜ ਕਰਨਾ ਹੈ। ਬਾਣੀ ਸ਼ਾਂਤੀ ਨਾਲ ਭਰਪੂਰ ਹੈ, ਕਿਉਂਕਿ ਬਾਣੀ ਨੂੰ ਲਿਆਉਣ ਵਾਲਾ ਸ਼ਾਂਤੀ ਨਾਲ ਭਰਪੂਰ ਹੈ।

"ਅਮਰ ਦੇਵ" ਮਹਾਰਾਜਾ ਦੇ ਦਰਬਾਰ ਵਿਚ ਮੁਸਲਮਾਨ ਫਕੀਰ ਆਉਂਦਾ ਸੀ, ਤੇ ਆਉਂਦਿਆਂ ਇਹਨਾਂ ਅੱਖਰਾਂ ਨਾਲ ਰੌਲਾ ਪਾਉਂਦਾ ਸੀ, ਓਇ ਅਮਰੂ! ਕੁਝ ਭੇਜ। ਕਦੇ ਨਹੀਂ ਸੀ ਆਖਦਾ ਕਿ ਅਮਰਦੇਵ ਮਹਾਰਾਜ ਜੀ ਕੁਝ ਭੇਜੋ! ਅਮਰੂ ਕਹਿੰਦਾ ਸੀ ਕਿ ਓਇ ਅਮਰੂ ਕੁਝ ਭੇਜ। ਤੇ ਗਰੀਬ ਨਿਵਾਜ਼ ਉਹਦੇ ਇਹ ਕੌੜੇ-ਫਿੱਕੇ, ਨੀਵੇਂ ਬਚਨ ਸੁਣ ਕੇ ਗੁੱਸਾ ਨਹੀਂ ਸੀ ਕਰਦੇ, ਬਲਕਿ ਅੱਧਾ ਸੇਰ ਆਟਾ, ਦੋ ਪੈਸੇ ਨਾਲ ਰੋਜ਼ ਦਿੰਦੇ ਸਨ। ਇਕ ਦਿਨ ਕਿਸੇ ਸਿੱਖ ਨੇ ਦੋ ਸੋਨੇ ਦੇ ਕੱੜੇ ਆਣ ਕੇ ਭੇਟ ਕੀਤੇ ਤੇ ਸਾਹਿਬਾਂ ਨੇ ਉਹ ਦੋਵੇਂ ਕੱੜੇ ਜੇਠੇ ਨੂੰ ਦਿੱਤੇ। ਫਿਰ ਜਦੋਂ ਉਹ ਫਕੀਰ ਆਇਆ ਤੇ ਕਹਿਣ ਲੱਗਾ,"ਅਮਰੂ ! ਕੁਝ ਭੇਜ!" ਔਰ ਜੇਠੇ ਨੇ ਉਹ ਕੱੜਾ ਇਕ ਮੁਸਲਮਾਨ ਫਕੀਰ ਨੂੰ ਦੇ ਦਿੱਤਾ ਕਿ ਇਹ ਕੱੜਾ ਲੈ-ਲੈ, ਸੋਨੇ ਦਾ ਹੈ, ਇਸ ਨਾਲ ਤੇਰਾ ਕਈ ਚਿਰ ਲੰਘ ਜਾਣਾ ਹੈ। ਪਰ ਮੇਰੇ ਸਾਹਿਬ ਨੂੰ ਹਲਕੇ ਬਚਨਾਂ ਨਾਲ ਨਾ ਬੁਲਾ! ਮੇਰੇ ਸਾਹਿਬ ਨੂੰ ਫਿੱਕਿਆਂ, ਰੁੱਖਿਆਂ ਬਚਨਾਂ ਨਾਲ ਨਾ ਬੁਲਾ। ਉਹ ਕੜਾ ਲੈ ਕੇ ਚਲਾ ਗਿਆ ਤੇ ਚਾਰ-ਪੰਜ ਦਿਨ ਨਾ ਆਇਆ। ਫਿਰ ਆਇਆ ਤੇ ਉਸੇ ਤਰਾਂ ਬੋਲਿਆ ਓਇ ਅਮਰੂ ! ਕੁਝ ਭੇਜ। ਤੇ ਜੇਠੇ ਦਾ ਮਨ ਬਣ ਗਿਆ ਕਿ ਇਹ ਦੂਜਾ ਕੜਾ ਵੀ ਲਾਹ ਕੇ ਇਹਨੂੰ ਦੇ ਦੇਈਏ। ਔਰ ਗਰੀਬ-ਨਿਵਾਜ਼ ਸਾਹਿਬ ਸੱਚਾ ਪਾਤਸ਼ਾਹ ਕਹਿਣ ਲੱਗੇ,"ਜੇਠਿਆ ਕੜਾ ਦੇ-ਦੇ, ਹੋਰ ਜੋ ਕੁਝ ਭਾਵੇਂ ਦੇ-ਦੇ, ਪਰ ਜਿਹੜੀ ਗੱਲੋਂ ਤੂੰ ਇਸ ਨੂੰ ਹਟਾਉਣਾ ਚਾਹੁੰਦਾ ਹੈ ਇਸ ਨੇ ਹੱਟਣਾ ਨਹੀਂ!" ਸਾਹਿਬ ਕਹਿਣ ਲੱਗੇ, "ਤੂੰ ਇਸ ਨੂੰ ਨਾ ਹਟਾ, ਇਹ ਸਾਡੀ ਪ੍ਰੀਖਿਆ ਲੈ ਰਿਹਾ ਹੈ। ਇਹਨੇ ਸਾਨੂੰ ਤੱਕੜੀ ਵਿਚ ਪਾ ਕੇ ਤੋਲ ਲਿਆ ਹੈ। ਇਹਨੇ ਸਾਨੂੰ ਸੱਚੇ-ਝੂਠੇ ਹੋਣ ਦੀ ਕਸਵੱਟੀ ਉਤੇ ਰਗੜ ਲਿਆ ਹੈ। ਇਸ ਨੂੰ ਪਰਖ ਲੈਣ ਦੇ, ਇਸ ਨੂੰ ਤੋਲ ਲੈਣ ਦੇ। ਅਰਦਾਸ ਕਰ, ਵਾਹਿਗੁਰੂ ਕ੍ਰਿਪਾ ਕਰੇ ਕਿ ਇਹਦੇ ਕਿਤੇ ਰੁੱਖੇ ਬਚਨ ਸੁਣ ਕੇ ਸਾਨੂੰ ਕ੍ਰੋਧ ਨਾ ਆ ਜਾਵੇ!"

"ਇਹ—ਬਾਣੀ ਤੇਜ਼ ਭਰੀ, ਸਾਂਤ ਭਰੀ, ਦਾਇਮੀ ਗੁਣ ਤਾਂਤ ਭਰੀ ॥"

"ਤਾਂਤ ਦਾ ਅਰਥ ਹੈ ਪੰਗਤੀ। ਪੰਗਤੀ ਦਾ ਅਰਥ ਹੈ ਲਾਉ। ਇਹ ਦਾਇਮੀ ਗੁਣ ਦਾ ਅਰਥ ਹੈ "ਸ਼ੁਭ ਗੁਣ।" ਸੱਤ, ਸੰਤੋਖ, ਦਇਆ, ਧਰਮ, ਧੀਰਜ, ਨੇਕੀ, ਸਹਿਨਸ਼ੀਲਤਾ, ਪਰਉਪਕਾਰੀ ਇਹ "ਦਾਇਮੀ ਗੁਣ" ਨੇ! ਤੇ ਇਹਨਾਂ "ਦਾਇਮੀ ਗੁਣਾਂ" ਦੀ ਜਿਹੜੀ ਪੰਗਤੀ ਹੈ ਭਾਵ ਇਹ ਹੈ ਕਿ ਇਹ "ਡਾਇਮੀ ਗੁਣਾਂ" ਨਾਲ ਇਹ ਬਾਣੀ ਭਰਪੂਰ ਹੈ। "ਦਾਇਮੀ ਗੁਣਾਂ" ਨਾਲ ਬਾਣੀ ਨਕਾ-ਨੱਕ ਭਰੀ ਹੋਈ ਹੈ। ਇਹ ਬਾਣੀ ਹਰ ਤਰੀਕੇ ਨਾਲ, ਹਰ ਭਾਂਤੀ ਨਾਲ, ਚੰਗਿਆਈਆਂ ਨਾਲ, ਖ਼ੂਬੀਆਂ ਨਾਲ, ਵਡਿਆਈਆਂ ਨਾਲ ਭਰੀ ਹੋਈ ਹੈ।

"ਦੇਵਤਿਆਂ ਸਮਾਨ"

ਔਰ ਇਹ ਬਾਣੀ ਦੇਵਤਿਆਂ ਦੇ ਸਮਾਨ ਦੀ ਬਾਣੀ ਵੀ ਹੈ, ਮਹਾਂਪੁਰਸ਼ਾਂ ਦੇ ਸਮਾਜ ਦੀ ਬਾਣੀ ਹੈ। ਇਹ ਬਾਣੀ ਵਾਹਿਗੁਰੂ ਦੇ ਗੁਣਾਂ ਨਾਲ ਭਰੀ ਹੋਈ ਹੈ। ਕੋਈ ਸ਼ਬਦ ਪੜ੍ਹੋ ਗੁਰੂ ਗ੍ਰੰਥ ਸਾਹਿਬ ਜੀ ਦਾ, ਉਸ ਵਿਚ ਇਕ ਤੋਂ ਵਧੇਰੇ ਨਾਮ ਆਉਣਗੇ ਵਾਹਿਗੁਰੂ ਦੇ!

"ਇਛਾ ਪੂਰਕੁ ਸਰਬ ਸੁਖਦਾਤਾ"

... ...

ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ ॥

ਐਸ ਲੋਕ ਵਿਚ ਤੇ ਓਸ ਲੋਕ ਵਿਚ ਤੇਰਾ ਮੂੰਹ ਉਜਲਾ ਯਾਨੀ ਚਿੱਟਾ, ਮੂੰਹ ਤੇਰਾਂ ਨਜ਼ਰ ਆਵੇਗਾ। ਜੇ ਨਿੱਤ ਸਿਮਰਦੇ ਰਹੀਏ, ਮਾਇਆ ਤੋਂ ਰਹਿਤ ਸਤਿਨਾਮ-ਵਾਹਿਗੁਰੂ!

"ਜਿਉ ਹਰ ਸਿਮਰਨ ਭਇਆ ॥"

ਗੁਰੂ ਗ੍ਰੰਥ ਸਾਹਿਬ ਜੀ ਦਾ ਕੋਈ ਸ਼ਬਦ ਪੜ੍ਹ ਲਵੋ, ਉਸ ਵਿਚ ਵਾਹਿਗੁਰੂ ਦਾ ਨਾਮ ਜ਼ਰੂਰ ਆਵੇਗਾ। ਇਹ ਬਾਣੀ ਚੰਗੀ ਮਰਿਯਾਦਾ ਨਾਲ ਹੈ। ਲੋਕੀਂ ਆਪਣੀ ਮੱਤ ਅਨੁਸਾਰ ਬਾਣੀ ਦੇ ਅਰਥ ਉਲਟੇ-ਪੁਲਟੇ ਕਰਦੇ ਫਿਰਦੇ ਨੇ! ਅਨੁਰਾਗ ਦਾ ਅਰਥ ਹੈ ਪਿਆਰ। ਬੱਧੇ ਪਿਆਰ ਨਾਲ, ਸੋਹਣੇ ਪਿਆਰ ਨਾਲ, ਧੋਤੇ ਹੋਏ ਪਿਅਰ ਨਾਲ, ਸ਼ੁੱਧ ਪ੍ਰੇਮ ਨਾਲ ਇਹ ਬਾਣੀ ਭਰੀ ਹੋਈ ਹੈ। ਇੰਨਾ ਪ੍ਰੇਮ ਜ਼ਰਕਦਾ ਹੈ, ਇੰਨਾ ਪ੍ਰੇਮ ਡੁੱਲ੍ਹ-ਡੁੱਲ੍ਹ ਪੈਂਦਾ ਹੈ ਤੇ ਤੁਸੀਂ ਕੋਈ ਬਚਨ ਸਤਿਗੁਰਾਂ ਦਾ ਪੜ੍ਹੋ, ਬਦੋ-ਬਦੀ ਸਿਰ ਹਿਲ ਜਾਂਦਾ ਹੈ। ਇਹ ਬਾਣੀ ਅੰਮ੍ਰਿਤ ਵਰਗੇ ਸੁਆਦ ਨਾਲ ਭਰੀ ਹੋਈ ਹੈ ਔਰ ਜਿਹੜਾ ਇਸ ਬਾਣੀ ਨਾਲ ਜੁੜ ਜਾਏ, ਜਿਹੜਾ ਇਸ ਬਾਣੀ ਨੂੰ ਪੜ੍ਹਨ ਲੱਗ ਪਏ, ਜਿਹੜਾ ਇਸ ਬਾਣੀ ਨੂੰ ਅੰਦਰ ਵਸਾ ਲਏ, ਉਹਦੀ ਲਾਜ ਰੱਖਦੀ ਹੈ। ਲੋਕ-ਪਰਲੋਕ ਵਿਚ ਪੱਤ ਰੱਖਦੀ ਹੈ। ਇਹ ਬਾਣੀ ਰੌਸ਼ਨੀ ਨਾਲ ਤੇ ਸ਼ਕਤੀ ਨਾਲ ਭਰਪੂਰ ਹੈ। ਜਿਨ੍ਹਾਂ-ਜਿਨ੍ਹਾਂ ਨੇ ਕੋਈ ਬਾਣੀ ਦਾ ਬਚਨ ਪਾਠ ਕੀਤਾ ਹੈ, ਇਸ ਬਾਣੀ ਨਾਲ ਆਪਣਾ ਮਨ ਜੋੜਿਆ ਹੈ, ਉਹ ਚਰਖੜੀਆਂ ਤੇ ਚੜ੍ਹ ਗਏ

ਨੇ, ਆਰਿਆਂ ਨਾਲ ਚੀਰੇ ਗਏ ਨੇ, ਰੂੰ ਵਿਚ ਪਾ ਕੇ ਉਹਨਾਂ ਨੂੰ ਸਾੜ ਦਿੱਤਾ ਗਿਆ ਹੈ, ਬੰਦ-ਬੰਦ ਉਹਨਾਂ ਦੇ ਕੱਟ ਦਿੱਤੇ ਗਏ ਹਨ, ਲੇਕਿਨ ਉਹਨਾਂ ਦੀ ਜ਼ੁਬਾਨੋਂ ਹਾਇ ਸ਼ਬਦ ਨਹੀਂ ਨਿਕਲਿਆ। ਕੋਈ ਐਸੀ ਆਲੌਕਿਕ ਹੈ ਇਹ ਬਾਣੀ, ਜਿਸ ਨੂੰ ਅਸਾਂ ਸਮਝਣ ਦੀ ਕੋਸ਼ਿਸ ਨਹੀਂ ਕੀਤੀ। ਇਹ ਬਾਣੀ ਤਿਆਗ ਦੀ ਵੀ ਭਰੀ ਹੋਈ ਹੈ। ਇਹ ਬਾਣੀ ਜੱਫੇ ਮਾਰਨੇ ਨਹੀਂ ਸਿਖਾਉਂਦੀ। ਇਹ ਪਿਆਰ ਕਰਨਾ ਸਿਖਾਲਦੀ ਹੈ, ਪ੍ਰਾਨੱਤਾ ਸਿਖਾਲਦੀ ਹੈ, ਦਾਨ ਕਰਨਾ ਸਿਖਾਲਦੀ ਹੈ। ਇਹ ਜਿਹੜੇ ਦਿਖਾਵੇ ਨੇ ਨਾ, ਪਾਖੰਡ ਨੇ ਨਾ, ਉਹਨਾਂ ਨੂੰ ਇਹ ਨਾਸ ਕਰਨ ਵਾਲੀ ਹੈ, ਖਤਮ ਕਰਨ ਵਾਲੀ ਹੈ। ਪਾਖੰਡ ਦਾ ਇਹ ਪ੍ਰਚਾਰ ਨਹੀਂ ਕਰਦੀ ਬਾਣੀ, ਇਹ ਤਾਂ ਨਿਰੋਲ ਤੱਤ ਪ੍ਰਚਾਰ ਕਰਦੀ ਹੈ। ਇਹ ਪਾਖੰਡ ਵੱਲ ਪ੍ਰੇਰਨਾ ਨਹੀਂ ਦਿੰਦੀ। ਇਹ ਮਹਾਂਪੁਰਖਾਂ ਦੇ ਬਚਨ ਨੇ ਜਿਹੜੇ ਮੈਂ ਅਰਜ਼ ਕਰ ਰਿਹਾ ਹਾਂ!

"ਰਾਜ ਭਰੀ, ਜੋਗ ਭਰੀ, ਭਾਗ ਭਰੀ, ਭੋਗ ਭਰੀ।"

ਇਹ ਰਾਜ ਨਾਲ, ਕੀਰਤਨ ਨਾਲ ਵੀ ਭਰੀ ਹੋਈ ਹੈ। ਇਹ ਜੋਗ ਨਾਲ ਵੀ ਭਰੀ ਹੋਈ ਹੈ, ਇਹ ਚੰਗੇ ਭਾਗਾਂ ਨਾਲ ਵੀ ਭਰੀ ਹੋਈ ਹੈ। ਇਹ ਭੋਗ-ਪਦਾਰਥਾਂ ਨਾਲ ਵੀ ਭਰੀ ਹੋਈ ਹੈ।

"ਰਾਜ ਭਰੀ, ਜੋਗ ਭਰੀ, ਇਹ ਪੁੰਨ ਕਾ ਰੂਪ ਹੈ।"

ਇਹ ਪੁੰਨ ਕਾ ਰੂਪ ਹੈ, ਇਹ ਪੁੰਨ ਕੀ ਸੂਰਤ ਹੈ।

"ਰਾਜ ਭਰੀ, ਜੋਗ ਭਰੀ,
ਭੋਗ ਭਰੀ, ਭਾਗ ਭਰੀ,
ਪੁੰਨ ਮੈਂ ਯੋਗ ਦਾਨੀ ਗ੍ਰੰਥ ਮਹਾਰਾਜ।"

ਐਸੀ ਜੋ ਅੰਮ੍ਰਿਤ ਬਾਣੀ ਹੈ ਮਾਂ, ਉਸ ਨੂੰ ਤੂੰ ਆਖੇਂ ਸ਼ੋਰ, ਉਸ ਨੂੰ ਤੂੰ ਆਖੇਂ ਰੌਲਾ, ਉਸ ਨੂੰ ਤੂੰ ਆਖੇਂ ਹੱਲਾ-ਗੁੱਲਾ! ਇਸ ਦੇ ਵਾਸਤੇ ਤਾਂ ਸਾਹਿਬ ਹੁਕਮ ਦੇ ਗਏ ਨੇ :

"ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ
ਗਾਵਹੁ ਸਚੀ ਬਾਣੀ ॥"

ਇਕ ਹੁੰਦਾ ਹੈ ਉਪਮਾਨ ਔਰ ਇਕ ਹੁੰਦਾ ਹੈ ਉਪਦੇਹ। "ਉਪਮਾਨ" ਤੇ "ਉਪਦੇਹ" ਦਾ ਜਿੰਨਾ ਚਿਰ ਪਿਆਰ ਨਾ ਹੋਵੇ, ਓਨਾ ਚਿਰ ਬਾਣੀ ਦੀ ਵਿਆਖਿਆ ਕਰਨੀ ਬੜੀ ਕਠਿਨ ਹੈ। ਉਹ ਬੜੇ ਘਟ ਗਿਆਨੀ ਨੇ ਜਿਨ੍ਹਾਂ ਨੂੰ ਉਪਮਾਨ ਦਾ ਤੇ ਉਪਦੇਹ ਦਾ ਗਿਆਨ ਹੈ। ਜਿਸ ਚੀਜ਼ ਦੀ ਮਿਸਾਲ ਦੇਣੀ ਹੋਵੇ ਨਾ, ਉਹ "ਉਪਦੇਹ" ਹੈ। ਔਰ ਜਿਸ ਦੇ ਨਾਲ ਮਿਸਾਲ ਦੇਣੀ ਹੋਵੇ ਉਹ "ਉਪਮਾਨ" ਹੈ। ਮਿਸਾਲ ਦੇ ਤੌਰ ਤੇ ਲਾਲਟੈਨ ਦੀ ਰੌਸ਼ਨੀ ਇਉਂ ਹੈ ਜਿਵੇਂ ਗੈਸ। ਇਹ ਅਸਾਂ ਲਾਲਟੈਨ ਦਾ ਪ੍ਰਮਾਣ ਦਿੱਤਾ ਹੈ ਨਾ, ਇਹ "ਉਪਦੇਹ" ਹੈ। ਤੇ ਜਦੋਂ ਅਸੀਂ ਕਹਿਣਾ ਹੈ ਨਾ ਕਿ ਰੌਸਨੀ ਇਸ ਤਰ੍ਹਾਂ ਦੀ ਹੈ ਜਿਵੇਂ ਗੈਸ ਦੀ ਹੈ, ਉਹ ਉਪਮਾਨ ਹੈ।

ਕਈ ਵੇਰਾਂ ਉਪਦੇਹ ਤੇ ਉਪਮਾਨ ਦਾ ਗਿਆਨ ਨਾ-ਨਾ ਹੋਵੇ ਤੇ ਆਪਣੀ ਬੇਇਜ਼ਤੀ ਹੋ ਜਾਂਦੀ ਹੈ। ਆਪਣੇ ਪੱਖ ਦੀ ਬੇਇਜ਼ਤੀ ਹੋ ਜਾਂਦੀ ਹੈ, ਆਪਣੇ ਸਿਧਾਂਤ ਦੀ ਬੇਇਜ਼ਤੀ ਹੋ ਜਾਂਦੀ ਹੈ।

ਮਾਨ ਸਿੰਘ ਝੌਰ ਜੀ ਕਹਿੰਦੇ, ਮੈਂ ਢਾਡੀ ਵੇਖਿਆ ਲੈਕਚਰ ਦਿੰਦਿਆਂ ਬੜੇ ਜੋਸ਼ ਨਾਲ, ਇਹ ਤਾਂ ਉਹਨਾਂ ਦਾ ਕੰਮ ਹੈ, ਪਰ ਜੋਸ਼ ਵਿਚ ਆਇਆ ਹੋਵੇ। ਉਹ ਪ੍ਰਮਾਣ ਲੱਗਾ ਦੇਣ ਕਿ ਇਸਲਾਮ ਦਾ ਕੋਈ ਗਿਆਨ ਨਹੀਂ। ਕਹਿੰਦਾ, "ਖਾਲਸਾ ਜੀ, ਜਿਨ੍ਹਾਂ ਨੇ ਤਲਵਾਰਾਂ ਚੁੱਕ ਲਈਆਂ, ਬੀਰ-ਰੱਸ ਵਿਚ ਆ ਗਏ, ਬਹਾਦੁਰ-ਦਿਲਾਵਰ ਬਾਣੀ ਪੜ੍ਹਨ ਵਾਲੇ ਵਿਕਾਰਾਂ ਤੇ ਟੁੱਟ ਕੇ ਪੈ ਗਏ। ਮੁਗਲੇ ਅੱਗੇ-ਅੱਗੇ ਦੌੜ ਪਏ, ਸਿੱਖ ਉਹਨਾਂ ਦੇ ਮਗਰ-ਮਗਰ ਨੱਸ ਗਏ ਤੇ ਸਿੱਖ ਉਹਨਾਂ ਦੇ ਮਗਰ ਇਉਂ ਦੌੜੇ ਜਾਣ, ਇਉਂ ਦੌੜੇ ਜਾਣ ਜਿਵੇਂ ਸੂਰਾਂ ਦੇ ਮਗਰ ਕੁੱਤੇ ਦੌੜੇ ਜਾਣ। ਉਹ ਉਪਮਾਨ ਦਾ ਤੇ ਉਪਦੇਹ ਦਾ ਗਿਆਨ ਹੈ। ਉਹਨਾਂ ਨੂੰ ਤੇ ਸੂਰ ਬਣਾਇਆ ਔਰ ਸਾਨੂੰ ਇਕ ਕੁੱਤੇ ਬਣਾ ਹੀ ਦਿੱਤਾ ਨਾ! ਜਿਸ ਨੂੰ "ਉਪਮਾਨ" ਤੇ "ਉਪਦੇਹ" ਦਾ ਗਿਆਨ ਨਹੀਂ, ਉਹ ਆਦਰ ਦੀ ਥਾਂ ਨਿਰਾਦਰ ਕਰ ਜਾਂਦਾ ਹੈ।

"ਸ੍ਰੀ ਮਾਨ ਸੰਤ ਗੁਰਦਿੱਤ ਸਿੰਘ" ਸਾਹਿਬ ਜੀ ਉਹ ਇਕ ਗੱਲ ਕਹਿੰਦੇ ਨੇ :

"ਦੇਖ ਕੇ ਨਿਅੰਕ ਰੰਕ ਮੁਖ ਪੈ ਕਲੰਕ ਅਤੀ !"

ਨਿਅੰਕ ਦਾ ਅਰਥ ਹੈ "ਚੰਦਰਮਾ।" ਜਿਸ ਦੇ ਮੂੰਹ ਤੇ ਕਾਲਾ ਦਾਗ ਲੱਗਾ ਹੋਇਆ ਹੈ। ਕਹਿੰਦੇ ਉਸ ਕਾਲੇ ਮੂੰਹ ਵਾਲੇ ਚੰਦਰਮਾਂ ਨੂੰ ਵੇਖ ਕੇ ਰੰਕ ਅਰਥਾਤ ਕੰਗਲਾ, ਗਰੀਬ ਚੰਦਰਮਾਂ। ਉਹਦੇ ਕਾਲੇ ਜਿਹੇ ਮੂੰਹ ਨੂੰ ਵੇਖ ਕੇ :

ਮੈਂ ਕੈਸੇ ਅਪਮਾਨ ਕਰ ਕਹੂੰ ਮੁਖ ਚੰਦਰਮਾ !"

ਕਹਿੰਦਾ ਮੈਂ ਦੇਖ ਕੇ ਗੁਰੂ ਦਾ ਕਿਵੇਂ ਨਿਰਾਦਰ ਕਰ ਦਿਆਂ, ਗੁਰੂ ਦੀ ਮੈਂ ਕਿਵੇਂ ਤੌਹੀਨ ਕਰਕੇ ਕਹਿ ਦਿਆਂ ਕਿ "ਗੁਰੂ ਗੋਬਿੰਦ ਸਿੰਘ" ਦਾ ਮੁਖੜਾ ਇਸ ਤਰ੍ਹਾਂ ਜਿਵੇਂ ਚੰਦਰਮਾਂ ਔਰ ਉਹ ਕਲੰਕੀ। ਗੁਰੂ ਦੇ ਮੁਖੱੜੇ ਤੇ ਤਾਂ ਕੋਈ ਕਲੰਕ ਹੀ ਨਹੀਂ। ਮੈਂ ਕਿਸ ਤਰ੍ਹਾਂ ਪ੍ਰਮਾਣ ਦੇ ਦਿਆਂ !

"ਮਗਵਾ ਜਨੂਨ ਕਰ ਦੇਖ ਕੇ।"

ਮਗਵਾ ਦਾ ਅਰਥ ਹੈ "ਇੰਦਰ"! ਇੰਦਰ ਦੇ ਜਨੂ ਉਤੇ ਕੋਡੀ ਦੇ ਸਰਾਪ ਨਾਲ ਮੰਦੇ, ਭੈੜੇ, ਕੋਡੇ, ਨਿੰਕਮੇ, ਹਜ਼ਾਰਾਂ ਦਾਗ ਨੇ। "ਭਾਈ ਸਾਹਿਬ ਭਾਈ ਵੀਰ ਸਿੰਘ" ਦਾ ਵਿਚਾਰ ਇਹ ਹੈ ਕਿ ਇਸ ਨੂੰ ਸਿਫਲਸ ਹੋ ਗਿਆ। ਉਹਦੇ ਜ਼ਖਮਾਂ ਤੇ ਦਾਗ ਹੋ ਗਏ ਤੇ ਇੰਦਰ ਨੂੰ ਖੂਬਸੂਰਤ ਵੀ ਬੜਾ ਮੰਨਦੇ ਨੇ। ਤੇ ਸ੍ਰੀਮਾਨ ਸੰਤ ਗੁਰਦਿੱਤ ਸਿੰਘ ਜੀ ਕਹਿੰਦੇ ਨੇ ਕਿ ਇੰਦਰ ਦੇ ਜਨੂ ਉਤੇ ਹਜ਼ਾਰਾਂ ਗੰਦੇ-ਮੰਦੇ ਦਾਗ ਵੇਖ ਕੇ ਮੈਂ ਕਿਸ ਤਰ੍ਹਾਂ ਗੁਰੂ ਦੀ ਤੌਹੀਨ ਕਰ ਦਿਆਂ, ਮੈਂ ਕਿਵੇਂ ਅਪਮਾਨ

ਕਰ ਦਿਆਂ, ਮੈਂ ਕਿਸ ਤਰ੍ਹਾਂ ਕਹਿ ਦਿਆਂ ਕਿ ਗੁਰੂ ਇੰਦਰ ਰਾਜੇ ਵਰਗਾ ਹੈ। ਇੰਦਰ ਰਾਜੇ ਦੇ ਸਰੀਰ ਉੱਤੇ ਹਜ਼ਾਰਾਂ ਗੰਦੇ-ਮੰਦੇ ਨਿਸ਼ਾਨ, ਮੇਰੇ ਗੁਰੂ ਦਾ ਸਰੀਰ ਸੁੰਦਰ, ਰਜੋ-ਗੁਣੀ ਚਮਕੀਲਾ। ਮੈਂ ਕਿਸ ਤਰ੍ਹਾਂ ਗੁਰੂ ਦਾ ਅਪਮਾਨ ਕਰ ਦਿਆਂ ਕਿ ਇੰਦਰ ਨਾਲ ਮਿਸਾਲ ਦੇ ਦਿਆਂ। ਕਹਿੰਦਾ ਮੈਨੂੰ ਇਸ ਸੰਸਾਰ ਵਿਚ ਕੋਈ ਵਸਤੂ ਹੀ ਨਹੀਂ ਲੱਭਦੀ, ਜਿਸ ਦਾ ਮੈਂ ਗੁਰੂ ਨਾਲ ਪ੍ਰਮਾਣ ਦੇ ਸਕਾਂ।

ਮਾਨ ਸਿੰਘ ਝੌਰ ਜੀ ਦੱਸਦੇ ਹਨ ਕਿ 1927 ਵਿਚ ਮੈਂ ਪਿਸ਼ੌਰ ਕਥਾ ਕਰਦਾ ਸਾਂ ਸਿੰਘ ਸਭਾ ਦੇ ਗੁਰਦੁਆਰੇ ਤੇ ਜ਼ਿਲਾ ਮਾਲਕੋਟ ਡਿਸਕੋਟ ਵਿਚੋਂ ਮੇਰੀ ਤਾਰ ਆ ਗਈ ਕਿ ਅਸੀਂ ਆਰੀਆ ਸਮਾਜੀਆਂ ਨਾਲ ਬਹਿਸੋ-ਬਹਿਸੀ ਵਿਚ ਜਿੱਤ ਜਾਣਾ ਹੈ। ਕਥਾ ਵਿਚੇ ਛੱਡ ਕੇ "ਨਿਤਨੇਮ" ਦੀ ਮੈਂ ਡਿਸਕੋਟ ਆ ਗਿਆ। ਬੜਾ ਅਨੱਰਥ ਹੋਇਆ ਤੇ ਬੁੱਤ ਦੇਵ ਨੇ ਅਹਿਸਾਨ ਕਰ ਲਿਆ ਜੇ, ਕਹਿੰਦਾ ਦੇਖੋ, ਸਿੱਖਾਂ ਦੀ ਮੱਤ ਮਾਰੀ ਗਈ ਜੇ। ਇਹ ਕਹਿੰਦੇ ਨੇ ਗੁਰੂ ਦੇ ਚਰਨਾਂ ਦਾ ਧਿਆਨ ਧਰੋ ਤੇ ਤੁਸੀਂ ਮੁਕਤ ਹੋ ਜਾਉ। "ਬੁੱਤ ਦੇਵ" ਕਹਿਣ ਲੱਗਾ ਮੁਕਤੀ ਦਾ ਸਬੰਧ ਤੇ ਸਿਮਰਨ ਨਾਲ ਹੈ, ਅਭਿਆਸ ਨਾਲ ਹੈ। ਕਦੇ ਚਰਨਾਂ ਦਾ ਧਿਆਨ ਧਰਿਆਂ ਵੀ ਮੁਕਤੀ ਮਿਲਦੀ ਹੈ ! ਮੈਂ ਕਿਹਾ,"ਬੁੱਤ ਦੇਵ ! ਮੈਨੂੰ ਬੜਾ ਅਫਸੋਸ ਹੈ ਕਿ ਤੂੰ ਗੁਰੂ ਦੇ ਚਰਨਾਂ ਨੂੰ ਪੜ੍ਹਨ ਦੀ ਕੋਸ਼ਿਸ਼ ਨਹੀਂ ਕੀਤੀ !" ਇਕ ਸ੍ਰੀ ਮਾਨ ਗਿਆਨੀ ਸਰੋਵਰ ਸਿੰਘ ਹੁੰਦੇ ਸਨ; ਪੰਥ ਦੇ ਬੜੇ ਪੁਰਾਣੇ ਸੇਵਕ। ਅੱਖਾਂ ਤੋਂ ਹੀਣੇ ਸਨ, ਪਰ ਗੁਰੂ ਗ੍ਰੰਥ ਸਾਹਿਬ ਜੀ ਦੇ ਗਿਆਨੀ। ਸ੍ਰੀ ਅਕਾਲ ਤਖਤ ਤੇ ਇਕ ਨਿਰਮਲਾ ਸੰਤ ਆਇਆ ਤੇ ਉਹਨੇ ਕਥਾ ਦਾ ਟਾਈਮ ਮੰਗਿਆ ਤੇ ਕਥਾ ਵਿਚ ਉਸ ਨੇ ਇਹ ਗੱਲ ਕਹੀ:

"ਹਿੰਦੂ ਸਾਲਾਹੀ ਸਾਲਾਹਨਿ।"

ਹਿੰਦੂ ਜਿਹੜੇ ਨੇ ਗੁਰੂ ਨਾਨਕ ਕਹਿੰਦੇ ਇਹਨਾਂ ਦੀ ਉਪਮਾ ਕਰਨੀ ਚਾਹੀਦੀ ਹੈ। ਇਹ ਸਾਲਾਹੁਣ ਦੇ ਯੋਗ ਹੈ। ਗਿਆਨੀ ਚੰਦਾ ਸਿੰਘ ਉਥੇ ਬੈਠਾ ਹੋਇਆ, ਗਿਆਨੀ ਠਾਕੁਰ ਸਿੰਘ ਉਥੇ ਬੈਠਾ ਹੋਇਆ, ਸਭ ਚੁੱਪ ਕਰ ਗਏ। ਔਰ ਗਿਆਨੀ ਸਰੋਵਰ ਸਿੰਘ ਉਠ ਕੇ ਖਲੋ ਗਏ, ਕਹਿਣ ਲੱਗੇ," ਓਇ ਨਿਰਮਲਿਆ ! ਚਾਰ ਸੰਸਕ੍ਰਿਤ ਦੇ ਅੱਖਰ ਪੜ੍ਹ ਕੇ ਆ ਗਿਆ ਹੈਂ ਅਕਾਲ ਤਖਤ ਤੇ ਕਥਾ ਕਰਨ।" ਹੁਣ ਇਸ ਤਰ੍ਹਾਂ ਦੇ ਸੱਜਣ ਢਾਡੀਆਂ ਦੇ ਅਲੋਪ ਹੋ ਗਏ ਹਨ, ਹੁਣ ਕਦੇ ਉਹਨਾਂ ਦੀ ਯਾਦ ਹੀ ਨਹੀਂ ਮਨਾਈ, ਕਦੇ ਉਹਨਾਂ ਦੇ ਨਾਮ ਦਾ ਧੰਨਵਾਦ ਨਹੀਂ ਕੀਤਾ ਕਿ ਉਹਨਾਂ ਨੇ ਵੀ ਪੰਥ ਦੀ ਸੇਵਾ ਕੀਤੀ ਹੈ। ਗਿ: ਸਰੋਵਰ ਸਿੰਘ ਜੀ ਕਿਹਾ ਕਰਦੇ ਸਨ ਕਿ ਲੋਕਾਂ ਨੂੰ ਗੁਰੂ ਕੇ ਚਰਨਾਂ ਦੀ ਮਿਸਾਲ ਕਮਲ ਫੁੱਲ ਨਾਲ ਦਿੱਤੀ ਹੈ। ਪਰ ਉਹ ਕਹਿੰਦੇ ਸਨ ਕਮਲ ਫੁੱਲ ਵਿਚ ਵੀ ਔਗੁਣ ਹਨ ਪਰ ਇਹ ਔਗੁਣ ਗੁਰੂ ਕੇ ਚਰਨਾਂ ਵਿਚ ਨਹੀਂ ਹੈਗੇ ਹਨ। ਕਮਲ ਫੁੱਲ ਦੀ ਮਿਸਾਲ ਗੁਰੂ ਕੇ ਚਰਨਾਂ ਨਾਲ ਫੱਬਦੀ ਨਹੀਂ। ਸਰੋਤਿਆਂ ਫਿਰ ਪੁਛਣਾ ਕੀ-ਕੀ ਔਗੁਣ ਨੇ ? ਉਹਨਾਂ ਕਿਹਾ

ਪਹਿਲੀ ਗੱਲ ਤੇ ਇਹ ਹੈ ਕਿ ਕਮਲ ਫੁੱਲ ਪਾਣੀ ਦਾ ਮੁਹਤਾਜ ਹੈ। ਜੇ ਪਾਣੀ ਹੋਵੇ ਤਾਂ ਕਮਲ ਫੁੱਲ ਜੰਮ ਸਕਦਾ ਹੈ, ਜੇ ਪਾਣੀ ਨਾ ਹੋਵੇ ਤਾਂ ਕਮਲ ਫੁੱਲ ਨਹੀਂ ਜੰਮ ਸਕਦਾ। ਔਰ ਗੁਰੂ ਨਾਨਕ ਦੇ ਚਰਨ ਕਿਸੇ ਚੀਜ਼ ਦੇ ਮੁਹਤਾਜ ਨਹੀਂ ਕਿ ਫਲਾਣੀ ਚੀਜ਼ ਹੋਵੇ ਤੇ ਚਰਨ ਹੋਣਗੇ, ਜੇ ਫਲਾਣੀ ਚੀਜ਼ ਨਾ ਹੋਵੇ ਤੇ ਚਰਨ ਵੀ ਨਹੀਂ ਹੋਣਗੇ! ਦੂਸਰਾ ਉਹ ਇਹ ਕਿਹਾ ਕਰਦੇ ਸਨ ਪਾਣੀ ਸੁੱਕ ਜਾਏ ਤੇ ਕਮਲ ਫੁੱਲ ਨਾਲ ਹੀ ਸੁੱਕ ਜਾਂਦਾ ਹੈ, ਸੜ ਜਾਂਦਾ ਹੈ। ਔਰ ਗੁਰੂ ਕੇ ਚਰਨਾਂ ਵਿਚ ਇਸ ਤਰ੍ਹਾਂ ਨਹੀਂ ਕਿ ਦੁਨੀਆਂ ਦੀ ਕੋਈ ਵੀ ਚੀਜ਼ ਮੁੱਕ ਜਾਏ ਤੇ ਨਾਲ ਚਰਨ ਵੀ ਮੁੱਕ ਜਾਂਦੇ ਨੇ। ਗਿਆਨੀ ਸਰੋਵਰ ਸਿੰਘ ਜੀ ਕਿਹਾ ਕਰਦੇ ਸਨ ਕਿ ਲੋਕਾਂ ਨੂੰ ਗੁਰੂ ਕੇ ਚਰਨਾਂ ਦੀ ਮਿਸਾਲ ਕਮਲ ਫੁੱਲ ਨਾਲ ਦਿੱਤੀ ਹੈ। ਪਰ ਉਹ ਕਹਿੰਦੇ ਸਨ ਕਮਲ ਫੁਲ ਵਿਚ ਔਗੁਣ ਨੇ, ਉਹ ਔਗੁਣ ਗੁਰੂ ਕੇ ਚਰਨਾਂ ਵਿਚ ਹੈ ਨਹੀਂ, ਉਹ ਔਗੁਣ। ਗੁਰੂ ਕੇ ਚਰਨਾਂ ਦੀ ਮਿਸਾਲ ਕਮਲ ਫੁੱਲ ਨਾਲ ਫੱਬਦੀ ਨਹੀਂ। ਸਰੋਤਿਆਂ ਫਿਰ ਪੁੱਛਣਾ ਕੀ ਔਗੁਣ ਨੇ ? ਗਿਆਨੀ ਜੀ ਨੇ ਦੱਸਣਾ ਤੀਜਾ ਇਹ ਔਗੁਣ ਹੈ ਕਿ ਸੂਰਜ ਚੜ੍ਹੇ ਤਾਂ ਕਮਲ ਫੁੱਲ ਖਿਲ ਪੈਂਦਾ ਹੈ, ਸੂਰਜ ਡੁੱਬੇ ਤਾਂ ਮੀਟਿਆ ਜਾਂਦਾ ਹੈ। ਔਰ ਗੁਰੂ ਕੇ ਚਰਨਾਂ ਵਿਚ ਇਹ ਔਗੁਣ ਨਹੀਂ ਕਿ ਕਦੇ ਉਹਨਾਂ ਦਾ ਪ੍ਰਕਾਸ਼ ਤੇਜ਼ ਹੋ ਗਿਆ ਹੈ ਤੇ ਕਦੇ ਮੱਧਮ ਪੈ ਗਿਆ ਹੈ। ਗੁਰੂ ਕੇ ਚਰਨ ਇਕ ਰੱਸ ਰਹਿੰਦੇ ਹਨ। ਔਰ ਉਹ ਕਿਹਾ ਕਰਦੇ ਸਨ ਕਮਲ ਫੁੱਲ ਵਿਚ ਚੌਥਾ ਔਗੁਣ ਹੈ ਜਿਹੜਾ ਗੁਰੂ ਕੇ ਚਰਨਾਂ ਵਿਚ ਨਹੀਂ। ਉਹ ਚੌਥਾ ਔਗੁਣ ਇਹ ਹੈ ਕਿ ਭੌਰਾ ਆਉਂਦਾ ਪ੍ਰੇਮ ਕਰਕੇ, ਮਕਰੰਦ ਰੱਸ ਨੂੰ ਮਗਨ ਹੋ ਜਾਂਦਾ ਹੈ। ਰਾਤ ਪੈ ਜਾਂਦੀ ਹੈ, ਕਮਲ ਫੁੱਲ ਮੀਟਿਆ ਜਾਂਦਾ ਹੈ, ਭੌਰਾ ਵਿਚੇ ਕੈਦ ਹੋ ਜਾਂਦਾ ਹੈ। ਦਿਨ ਚੜ੍ਹਦੇ ਨੂੰ ਉਹਦੇ ਪ੍ਰਾਣ ਨਿਕਲ ਜਾਂਦੇ ਨੇ। ਉਹ ਭੌਰਾ ਪ੍ਰੇਮ ਨਾਲ ਆਇਆ ਤੇ ਕਮਲ ਫੁੱਲ ਨੇ ਆਪਣੇ ਪ੍ਰੇਮੀ ਦੇ ਪ੍ਰਾਣ ਹੀ ਲੈ ਲਏ। ਗੁਰੂ ਕੇ ਚਰਨਾਂ ਵਿਚ ਇਹ ਔਗੁਣ ਨਹੀਂ ਕਿ ਜਿਹੜਾ ਸਿੱਖ ਚਰਨਾਂ ਨਾਲ ਪਿਆਰ ਕਰੇ, ਤੇ "ਗੁਰੂ ਨਾਨਕ" ਦੇ ਚਰਨ ਉਹਦੇ ਪ੍ਰਾਣ ਹੀ ਲੈ ਜਾਣ। ਸਗੋਂ ਗੁਰੂ ਨਾਨਕ ਦੇ ਚਰਨਾਂ ਵਿਚ ਗੁਣ ਇਹ ਹੈ ਕਿ ਭਈ ਜਿਹੜਾ ਪਿਆਰ ਕਰੇ, ਉਸ ਨੂੰ ਚਰਨ ਛੂਹਣ ਨਾਲ ਹੀ ਜੀਵਨ ਦੇ ਦਿੰਦੇ ਹਨ। ਮੈਨੂੰ ਇਹ ਵੀ ਪਤਾ ਹੈ ਕਿ ਕਈਆਂ ਨੇ ਗੁਰੂ ਕੇ ਚਰਨਾਂ ਦੀ ਮਿਸਾਲ ਚੰਦਰਮਾ ਨਾਲ ਵੀ ਦਿੱਤੀ ਹੈ ਔਰ ਗਿਆਨੀ ਸਰੋਵਰ ਸਿੰਘ ਜੀ ਕਿਹਾ ਕਰਦੇ ਸਨ ਕਿ ਚੰਦਰਮਾ ਵਿਚ ਤਾਂ ਪੰਜ ਔਗੁਣ ਨੇ! "ਕਮਲ ਫੁੱਲ" ਵਿਚ ਤੇ ਚਾਰ ਨੇ ਨਾ, ਪਰ "ਚੰਦਰਮਾ" ਵਿਚ ਪੰਜ ਔਗੁਣ ਨੇ! ਸਰੋਤਿਆਂ ਪੁਛਣਾ, "ਗਿਆਨੀ ਜੀ, ਕੀ-ਕੀ ਔਗੁਣ ਨੇ ?" ਕਹਿਣਾ ਪੰਦਰਾਂ ਦਿਨ ਚੰਦਰਮਾ ਘੱਟਦਾ ਰਹਿੰਦਾ ਹੈ ਤੇ ਪੰਦਰਾਂ ਦਿਨ ਵੱਧਦਾ ਰਹਿੰਦਾ ਹੈ। ਜੰਮਣ-ਮਰਨ ਦੇ ਗੇੜ ਵਿਚ ਪਿਆ ਹੋਇਆ ਹੈ, ਔਰ ਗੁਰੂ ਕੇ ਚਰਨ ਜਿਹੜੇ ਨੇ ਉਹ ਜੰਮਣ-ਮਰਨ ਦੇ ਗੇੜੇ ਵਿਚ ਨਹੀਂ ਹਨ। ਇਹ ਨਾ ਘੱਟਦੇ ਨੇ, ਨਾ ਵੱਧਦੇ ਨੇ। ਚੰਦਰਮਾ ਵਿਚ ਇਕ

ਦੂਜਾ ਔਗੁਣ ਹੈ ਕਿ ਉਸ ਵਿਚ ਕਾਲਾ ਦਾਗ ਹੈ ਔਰ ਗੁਰੂ ਕੇ ਚਰਨਾਂ ਵਿਚ ਦਾਗ ਕੋਈ ਨਹੀਂ ਕਾਲਾ। ਚੰਦਰਮਾ ਵਿਚ ਤੀਜਾ ਔਗੁਣ ਹੈ ਕਿ ਉਹਨੇ ਗੌਤਮ ਦੀ ਇਸਤਰੀ ਅਹਿੱਲਿਆ ਦਾ ਜੱਪ-ਤੱਪ, ਸੱਤ ਨਸ਼ਟ ਕਰਨ ਵਾਸਤੇ ਇਕ ਕਾਮੀ ਪੁਰਸ਼ ਦੀ ਜ਼ਿੰਦਗੀ ਦਿੱਤੀ। ਗੁਰੂ ਨਾਨਕ ਦੇ ਚਰਨ ਕਾਮੀ ਪੁਰਸ਼ਾਂ, ਚੋਰਾਂ-ਚਾਰਾਂ ਦੀ ਜ਼ਿੰਦਗੀ ਨਹੀਂ ਦਿੰਦੇ। ਚੰਦਰਮਾ ਵਿਚ ਇਕ ਹੋਰ ਔਗੁਣ ਇਹ ਹੈ ਕਿ "ਚਕੋਰ" ਸਮਾਧੀ ਲਾ ਕੇ ਉਸ ਨੂੰ ਵੇਖਦਾ ਹੈ, ਪਰ ਜਿਉਂ-ਜਿਉਂ ਇਹ ਉਤਾਂਹ ਨੂੰ ਹੁੰਦਾ ਜਾਏ ਨਾ ਤੇ ਤਿਉਂ-ਤਿਉਂ ਚਕੋਰ ਵੀ ਆਪਣੀ ਗਰਦਨ ਉਤਾਂਹ ਕਰੀ ਜਾਂਦਾ ਹੈ। ਜਿਸ ਵੇਲੇ ਚੰਦਰਮਾ ਸੱਜਿਉਂ-ਖੱਬੇ ਪਾਸੇ ਆ ਜਾਏ ਤਾਂ ਚਕੋਰ ਇਧਰ-ਉਧਰ ਮੂੰਹ ਨਹੀਂ ਕਰਦਾ। ਉਹ ਵੇਖਦਾ-ਵੇਖਦਾ ਪਿਛਾਂਹ ਨੂੰ ਉੱਡ ਜਾਂਦਾ ਹੈ। ਪਰ ਚੰਦਰਮਾ ਨੂੰ ਪਤਾ ਹੀ ਨਹੀਂ ਕਿ ਚਕੋਰ ਮੇਰੇ ਨਾਲ ਪ੍ਰੀਤ ਕਰਦਾ ਹੈ ਕਿ ਨਹੀਂ। ਜਿਨ੍ਹਾਂ ਨੇ ਚਕੋਰ ਫੜਨਾ ਹੋਵੇ ਉਹ ਰਾਤ ਨੂੰ ਜਾਂਦੇ ਨੇ, ਕੋਲੇ ਲੈ ਜਾਂਦੇ ਨੇ ਬਾਲ ਕੇ, ਉਤਾਂਹ ਨੂੰ ਸੁੱਟਦੇ ਨੇ ਤੇ ਜਿਸ ਵੇਲੇ ਕੋਲਾ ਹੇਠਾਂ ਡਿਗਦਾ ਹੈ ਤੇ ਚਕੋਰ ਸਮਝਦਾ ਹੈ ਕਿ ਮੇਰੇ ਮਿੱਤਰ ਨੇ ਕੋਈ ਤੋਹਫਾ ਭੇਜਿਆ ਹੈ ! ਮੇਰੇ ਮਿੱਤਰ ਨੇ ਕੋਈ ਸੌਗਾਤ ਭੇਜੀ ਹੈ ! ਉਹ ਕੋਲੇ ਨੂੰ ਮਿੱਤਰ ਦੀ ਸੌਗਾਤ ਸਮਝ ਕੇ ਤੇ ਖਾਣ ਪੈਂਦਾ ਹੈ। ਉਹ ਹੁੰਦਾ ਹੈ ਕੋਲਾ, ਚੁੰਜ ਸੜ ਜਾਂਦੀ ਹੈ, ਜ਼ੁਬਾਨ ਸੜ ਜਾਂਦੀ ਹੈ, ਛਾਲੇ ਪੈ ਜਾਂਦੇ ਨੇ ਤੇ ਡਿੱਗ ਪੈਂਦਾ ਹੈ। ਸ਼ਿਕਾਰੀ ਫੜ ਲੈਂਦੇ ਨੇ, ਪਿੰਜਰੇ ਵਿਚ ਪਾ ਦਿੰਦੇ ਨੇ। ਗਿਆਨੀ ਜੀ ਕਿਹਾ ਕਰਦੇ ਸਨ ਕਿ ਗੁਰੂ ਕੇ ਚਰਨਾਂ ਵਿਚ ਇਹ ਔਗੁਣ ਹੈ ਨਹੀਂ ਕਿ ਸਿੱਖ ਉਹਦੇ ਨਾਲ ਪਿਆਰ ਕਰੇ ਤੇ ਗੁਰੂ ਕੇ ਚਰਨ ਉਸ ਦੀ ਜਾਨ ਹੀ ਲੈ ਲੈਣ। ਗੁਰੂ ਕੇ ਚਰਨਾਂ ਨੂੰ ਪਤਾ ਹੀ ਨਾ ਹੋਵੇ ਕਿ ਮੇਰੇ ਨਾਲ ਕੋਈ ਪਿਆਰ ਕਰਦਾ ਕਿ ਨਹੀਂ ਕਰਦਾ, ਸਗੋਂ ਗੁਰੂ ਕੇ ਚਰਨ ਤੇ ਇੰਨੇ ਗਿਆਨੀ ਨੇ :

"ਚਰਨ ਸ਼ਰਨ ਗੁਰ ਏਕ ਪੈਂਡਾ ਜਾਇ ਚਲ"

ਕਈਆਂ ਸੱਜਣਾਂ ਨੇ ਚਰਨਾਂ ਦੀ ਮਿਸਾਲ ਸੂਰਜ ਨਾਲ ਦਿੱਤੀ ਹੈ, ਤੇ ਗਿਆਨੀ ਜੀ ਕਿਹਾ ਕਰਦੇ ਸਨ ਕਿ ਸੂਰਜ ਚਾਨਣਾਂ ਜ਼ਰੂਰ ਦਿੰਦਾ ਹੈ, ਪਰ ਗਰਮੀਆਂ ਦੇ ਦਿਨਾਂ ਵਿਚ ਕੱਲਰੀ ਜ਼ਮੀਨ ਤੇ ਜਾ ਕੇ ਵੇਖਿਉ ਸੂਰਜ ਦੀ ਮੇਹਰਬਾਨੀ ਨਾਲ ਕਈ ਪਰਿੰਦੇ ਪਿਆਸੇ ਹੀ ਮਰ ਜਾਂਦੇ ਨੇ ! ਖੁਸ਼ਕ ਪਹਾੜਾਂ ਉਤੇ ਕਈ ਪਰਿੰਦੇ ਪਿਆਸੇ ਹੀ ਮਰ ਜਾਂਦੇ ਨੇ। ਸੂਰਜ ਦਾ ਤੇਜ਼ ਇਕ ਬਨਾਵਟੀ ਜਿਹਾ ਜਲ ਵਿਖਾ ਕੇ ਹਰਨ ਦੀ ਪਿਆਸ ਬੁਝਾ ਨਹੀਂ ਸਕਦਾ, ਸਗੋਂ ਉਸ ਦੀ ਜਾਨ ਲੈ ਲੈਂਦਾ ਹੈ। ਲੇਕਿਨ ਗੁਰੂ ਕੇ ਚਰਨਾਂ ਵਿਚ ਇਹ ਔਗੁਣ ਨਹੀਂ ਕਿ ਇਹਨਾਂ ਦੇ ਤੇਜ਼ ਨਾਲ, ਇਹਨਾਂ ਦੇ ਪ੍ਰਕਾਸ਼ ਨਾਲ, ਇਹਨਾਂ ਦੇ ਚਾਨਣੇ ਨਾਲ ਲੋਕੀਂ ਪਿਆਸੇ ਹੀ ਮਰ ਜਾਣ। ਸਗੋਂ ਗੁਰੂ ਕੇ ਚਰਨਾਂ ਵਿਚ ਖੂਬੀ ਇਹ ਹੈ ਕਿ ਜਨਮ-ਜਨਮਾਂਤਰਾਂ ਦੀ ਪਿਆਸ ਬੁਝਾ ਦਿੰਦੇ ਨੇ। ਪਰ ਤੁਸੀਂ ਕਈ ਵੇਰਾਂ ਸੁਣਿਆ ਹੋਵੇਗਾ ਕਿ :

"ਮਿਟਿਆ ਅੰਧੇਰਾ ਚੰਨ ਚੜ੍ਹਿਆ !"

ਭਾਈ ਸਾਹਿਬ "ਭਾਈ ਗੁਰਦਾਸ" ਦਾ ਬਚਨ ਤੁਸਾਂ ਆਨੰਤ ਵਾਰਾਂ ਸੁਣਿਆ ਹੋਵੇਗਾ ਕਿ:

"ਸਤਿਗੁਰੂ ਨਾਨਕੁ ਪ੍ਰਗਟਿਆ
ਮਿਟੀ ਧੁੰਧੁ ਜਗਿ ਚਾਨਣੁ ਹੋਆ ।
"ਜਿਉ ਕਰਿ ਸੂਰਜੁ ਨਿਕਲਿਆ
ਤਾਰੇ ਛਪਿ ਅੰਧੇਰੁ ਪਲੋਆ ।"

ਤਾਂ ਮੈਂ ਕਿਹਾ ਬੁੱਤ ਦੇਵ, ਗੁਰੂ ਕੇ ਚਰਨ ਨਿਹਾਲ ਨੇ ! ਇਹਨਾਂ ਚਰਨਾਂ ਦੀ ਦੁਨੀਆਂ ਤੇ ਮਿਸਾਲ ਕੋਈ ਨਹੀਂ । ਕੋਈ ਪਦਾਰਥ ਨਹੀਂ ਲੱਭਦਾ ਕਿ ਗੁਰੂ ਕੇ ਚਰਨਾਂ ਨੂੰ ਕਿਹੋ ਜਿਹਾ ਆਖੀਏ । ਜਿਨ੍ਹਾਂ ਚਰਨਾਂ ਵਰਗਾ ਦੁਨੀਆ ਉਤੇ ਹੈ ਈ ਕੋਈ ਨਹੀਂ, ਉਹਨਾਂ ਦੇ ਚਰਨਾਂ ਸਾਹਮਣੇ ਮੁਕਤੀਆਂ ਰੁਲਦੀਆਂ ਫਿਰਦੀਆਂ ਨੇ । ਉਹਨਾਂ ਚਰਨਾਂ ਤੇ ਮੁਕਤੀਆਂ ਅੱਗੇ-ਪਿਛੇ ਫਿਰਦੀਆਂ ਨੇ । ਜਿਹੜਾ ਉਹਨਾਂ ਚਰਨਾਂ ਦਾ ਕੋਈ ਪੁਜਾਰੀ ਬਣ ਗਿਆ ਨਾ, ਉਹ ਤੇ ਮੁਕਤੀ ਨੂੰ ਤਿਆਗ ਹੀ ਦਿੰਦਾ ਹੈ, ਉਹ ਤੇ ਮੁਕਤੀ ਦੀ ਇੱਛਾ ਹੀ ਨਹੀਂ ਰੱਖਦਾ, ਉਹ ਤੇ ਸਵਰਗਾਂ ਦੀ ਖਾਹਿਸ਼ ਹੀ ਨਹੀਂ ਰਖਦਾ। ਉਸ ਨੂੰ ਤੇ ਨਰਕਾਂ ਦਾ ਡਰ ਹੀ ਨਹੀਂ ਰਹਿੰਦਾ। ਪਹਿਲਾਂ ਗੁਰੂ ਕੇ ਚਰਨਾਂ ਨੂੰ ਸਮਝਣ ਦੀ ਕੋਸ਼ਿਸ਼ ਕਰ ਔਰ "ਉਪਮਾਨ" ਤੇ "ਉਪਦੇਹ" ਸਮਝਣ ਦੀ ਕੋਸ਼ਿਸ਼ ਕਰ !

ਪ੍ਰੇਮ ਕੋ ਪ੍ਰਭਾਵ ਕੈਸੇ"

ਮਾਨ ਸਿੰਘ ਝੌਰ ਜੀ ਕਹਿੰਦੇ ਹਨ ਤੁਸੀਂ ਮੇਰੇ ਨਾਲ ਪ੍ਰੇਮ ਕਰੋ ਜਾਂ ਮੈਂ ਤੁਹਾਡੇ ਨਾਲ ਪ੍ਰੇਮ ਕਰਾਂ ਤੇ ਤੁਹਾਡੇ ਪ੍ਰੇਮ ਦਾ ਕੁਝ ਮੇਰੇ ਤੇ ਪ੍ਰਭਾਵ ਪੈਣਾ, ਮੇਰੇ ਵਲੋਂ ਹੈ ਤੇ ਤੁਹਾਡੇ ਤੇ ਪ੍ਰਭਾਵ ਪਵੇਗਾ । ਪਹਿਲਾਂ ਵੇਖੋ ਪ੍ਰਭਾਵ ਕਿਹੋ ਜਿਹਾ ਹੈ ? ਉਸ ਦੇ ਵਾਸਤੇ ਕੋਈ ਉਪਮਾਨ ਲਭੋ । ਉਹਦੇ ਵਾਸਤੇ ਕੋਈ ਪ੍ਰਮਾਣ ਲਭੋ ਕਿ ਉਹ ਪ੍ਰਭਾਵ ਕਿਹੋ ਜਿਹਾ ਹੈ ? ਉਪਦੇਹ ਤੇ ਬਣ ਗਿਆ ਨਾ ਪ੍ਰੇਮ ਔਰ ਇਸ ਦੇ ਵਾਸਤੇ ਉਪਮਾਨ ਚਾਹੀਦਾ ਹੈ। ਤੇ ਮਹਾਂਪੁਰਸ਼ ਸਿੱਖ ਪੰਥ ਦੇ ਵਿਦਵਾਨ ਨੇ ਜਵਾਬ ਦਿੱਤਾ ਹੈ :

"ਪ੍ਰੇਮ ਕੋ ਪ੍ਰਭਾਵ ਕੈਸੇ, ਨੀਚਹੁ ਹੈ ਰਸਾਲ ਜੈਸੇ ।"

ਰਸਾਲ ਦਾ ਅਰਥ ਹੈ "ਰਸਾਂ ਦਾ ਸਮੂਹ !" ਰਸਾਂ ਦਾ ਇਕੱਠ ! ਰਸਾਂ ਦਾ ਘਰ ! ਸਮੂਹ ਚੰਗੇ ਰੱਸ ਇਕੱਠੇ ਕਰ ਲਏ ਜਾਣ ਤੇ ਉਹ ਰਸਨਾ ਨਾਲ ਲਾਈਏ ਤੇ ਜਿਵੇਂ ਕੋਈ ਮਨ ਤੇ ਪ੍ਰਭਾਵ ਪੈਂਦਾ ਹੈ ਨਾ, ਉਹ ਪ੍ਰੇਮ ਦਾ ਪ੍ਰਭਾਵ ਹੈ !

"ਪ੍ਰੇਮ ਕੋ ਪ੍ਰਭਾਵ ਕੈਸੇ, ਨੀਚਹੁ ਹੈ ਰਸਾਲ ਜੈਸੇ ।"

ਕੈਸੇ ਹੈ ਰਸਾਲ ? ਪਹਿਲਾਂ ਰਸਾਲ ਜਿਹੜਾ ਹੈ ਉਹ ਜਵਾਬ ਵਿੱਚ ਵਰਤਿਆ ਹੈ, ਤੇ ਹੁਣ ਰਸਾਲ ਨੂੰ ਫਿਰ ਸਵਾਲ ਬਣਾ ਲਿਆ ਹੈ। ਉਹ ਸਾਰੇ ਰਸਾਂ ਦੇ ਇਕੱਠ ਕਿਹੋ ਜਿਹਾ ਹੁੰਦਾ ਹੈ ? ਤਾਂ ਜਵਾਬ ਦਿੰਦੇ ਹਨ :

"ਜੈਸੇ ਮੇਵਾ ਮੌਜਤਾਨੀ ਹੈ ।"

ਜੈਸੇ ਕੋਈ ਦਾਨੀ ਪੁਰਸ਼ ਖੁਸ਼ੀ ਵਿਚ ਆ ਕੇ ਮੇਵਾ ਦਾਨ ਕਰੇ, ਤੇ ਉਹਦੇ ਖਾਂਦਿਆਂ ਜਿਹੜਾ ਮਨ ਤੇ ਪ੍ਰਭਾਵ ਪੈਂਦਾ ਹੈ, ਉਹੋ ਜਿਹਾ ਪ੍ਰੇਮ ਦਾ ਪ੍ਰਭਾਵ ਹੈ! ਦਾਨੀ ਪੁਰਸ਼ ਖੁਸ਼ ਹੋ ਕੇ ਮੇਵਾ ਦਾਨ ਕਰੇ, ਉਸ ਦੇ ਖਾਂਦਿਆ ਜਿਹੜਾ ਮਨ ਤੇ ਪ੍ਰਭਾਵ ਪੈਂਦਾ ਹੈ, ਉਹ ਕਿਹੋ ਜਿਹਾ ਹੈ ?

"ਜੈਸੇ ਮੇਵਾ ਮਿਸ਼ਰੀ ਸੋਂ"

ਕੈਸੀ ਮਿਸ਼ਰੀ ? ਮਿਸ਼ਰੀ ਦੇ ਖਾਂਦਿਆ ਜਿਹੜਾ ਮਨ ਤੇ ਪ੍ਰਭਾਵ ਪੈਂਦਾ ਹੈ ਉਹ ਕਿਹੋ ਜਿਹਾ ਹੋਏਗਾ ? ਸਵਾਲ ਤੇ ਸਵਾਲ, ਸਵਾਲ ਤੇ ਸਵਾਲ ! ਜਿੰਨੇ ਗੁਰੂ ਕੇ ਸਿੱਖ ਬੈਠੇ ਹੋ, ਸੁਣਿਉ ।

"ਜੈਸੇ ਮੇਵਾ ਮਿਸ਼ਰੀ ਸੋਂ, ਜੈਸੇ ਮਿਸ਼ਰੀ ਮਧੁ ਸੋਂ ।"

ਮਿਸ਼ਰੀ ਦਾ ਪ੍ਰਭਾਵ ਕਿਹੋ ਜਿਹਾ ਪੈਂਦਾ ਹੈ ? ਕਹਿੰਦੇ ਨੇ ਜਿਸ ਤਰ੍ਹਾਂ ਮਧੂ ਅਰਥਾਤ ਸ਼ਹਿਦ ਜ਼ਬਾਨ ਦੇ ਉਤੇ ਰਖੀਏ ਤੇ ਚਖੀਏ ਤਾਂ ਪ੍ਰਭਾਵ ਪੈਂਦਾ ਹੈ ਨਾ, ਇਹੋ ਜਿਹਾ ਮਿਸ਼ਰੀ ਦਾ ਪ੍ਰਭਾਵ ਹੈ !

"ਜੈਸੇ ਮਧੁ !"

ਉਹ ਮਧੂ ਜਿਹੜਾ ਹੈ, ਉਸ ਦਾ ਪ੍ਰਭਾਵ ਕਿਸ ਤਰ੍ਹਾਂ ਦਾ ਹੈ ?

"ਜੈਸੇ ਮਧੁ, ਜੈਸੇ ਮਿਠੀ ਕਵਿਤਾ ਸੁਹਾਨੀ ਹੈ ।"

ਜਿਸ ਤਰ੍ਹਾਂ ਬੋਲੀ ਦੇ ਲਿਹਾਜ਼ ਨਾਲ, ਪ੍ਰਮਾਣਾਂ ਦੇ ਲਿਹਾਜ਼ ਨਾਲ, ਸਿਧਾਂਤਾਂ ਦੇ ਲਿਹਾਜ਼ ਨਾਲ ਬਣੀ ਹੋਈ ਕੋਈ ਕਵਿਤਾ ਹੋਵੇ ਨਾ, ਤੇ ਉਹਨੂੰ ਸੁਣਿਆਂ ਪ੍ਰਭਾਵ ਪੈਂਦਾ ਹੈ । ਏਸ ਤਰ੍ਹਾਂ ਮਧੂ ਦਾ ਪ੍ਰਭਾਵ ਹੈ ।

ਸੋ ਗਿਆਨੀ ਸਰੋਵਰ ਸਿੰਘ ਜੀ ਇਹੋ ਕਹਿੰਦੇ ਹਨ ਕਿ ਉਪਦੇਹ ਤੇ ਉਪਮਾਨ ਦਾ ਗਿਆਨ ਹੋਣਾ ਬਹੁਤ ਜ਼ਰੂਰੀ ਹੈ । ਸੋ ਜਿੰਨੇ ਵੀ ਗੁਰਸਿੱਖ, ਮਾਈ, ਭਾਈ ਆਏ ਹੋ, ਸਾਰੇ ਯਾਦ ਰੱਖਣਾ ਆਪਣੀ ਜ਼ਿੰਦਗੀ ਵਿਚ ਉਪਮਾਨ ਤੇ ਉਪਦੇਹ ਤੋਂ ਬਿਨਾਂ ਗੁਰਬਾਣੀ ਦਾ ਕੋਈ ਗਿਆਨ ਨਹੀਂ ਹੋ ਸਕਦਾ । ਇਸ ਲਈ ਉਪਮਾਨ ਤੇ ਉਪਦੇਹ ਦਾ ਗਿਆਨ ਹੋਣਾ ਬਹੁਤ ਜ਼ਰੂਰੀ ਹੈ ।

OOO

ਇਸਤਰੀ

ਗੁਰੂ ਪਿਆਰੀ ਸਾਜੀ-ਨਿਵਾਜੀ ਗੁਰੂ ਰੂਪ ਸਾਧ-ਸੰਗਤ ਜੀ ! ਗੁਰੂ ਕੇ ਖਾਸ ਰੂਪ ਖਾਲਸਾ ਮਾਈ ਭਾਈ ਬਿਰਧ ਜੋ ਵੀ ਸਮੇਂ ਦੀ ਕਦਰ ਕਰਦੇ, ਸਮੇਂ ਦੀ ਕੀਮਤ ਨੂੰ ਜਾਣਦੇ ਹੋਏ ਇਥੇ ਪਹੁੰਚੇ ਹੋ ! ਆਉ ਆਪਾਂ ਸਾਰੇ ਗਿਆਨੀ ਮਾਨ ਸਿੰਘ ਝੌਰ ਜੀ ਕੋਲੋਂ ਕੁਝ ਗਿਆਨ ਦੀਆਂ ਗੱਲਾਂ ਜਾਣ ਸਕੀਏ ! ਕਿ ਕਿਨ੍ਹਾਂ ਕਾਰਨਾਂ ਕਰਕੇ ਇਸਤਰੀ ਪਾਪਾਂ ਦੀ ਦੀ ਜੜ੍ਹ ਨਹੀਂ ਹੈ !

ਗਿਆਨੀ ਮਾਨ ਸਿੰਘ ਝੌਰ ਜੀ ਦੱਸਦੇ ਹਨ ਕਿ ਭਾਈ ਗੁਰਦਾਸ ਜੀ ਨੇ ਕਿਨ੍ਹਾਂ ਸ਼ਬਦਾਂ ਨਾਲ ਯਾਦ ਕੀਤਾ ਹੈ। ਕਈ ਵਡਿਆਈਆਂ, ਕਈ ਖ਼ੂਬੀਆਂ ਬਿਆਨ ਕੀਤੀਆਂ ਨੇ ਗੁਰੂ ਦੀ ਯਾਦ ਵਿੱਚ ! ਇਕ ਥਾਂ ਕਹਿੰਦੇ ਨੇ :

'ਨਮਸਕਾਰ ਗੁਰਦੇਵ ਕੋ'

... ...

ਧੰਨੁ ਧੰਨੁ ਸਤਿਗੁਰ ਪੁਰਖੁ
ਨਿਰੰਕਾਰਿ ਆਕਾਰੁ ਬਣਾਇਆ ।

ਜੋ ਸਤਿਗੁਰੂ ਨੂੰ ਏਸ ਕਰਕੇ ਧੰਨ ਧੰਨ ਕਹਿੰਦੇ ਹਾਂ ਕਿਉਂਕਿ ਵਾਹਿਗੁਰੂ ਨੇ ਆਪਣੀ ਸ਼ਕਲ ਬਦਲ ਕੇ ਨਾਨਕ ਦੀ ਬਣਾ ਲਈ। ਉਹ ਸਿੱਖ ਧੰਨ ਹੈ, ਧੰਨ ਹੈ ਜਿਹੜਾ ਗੁਰੂ ਦੀਆਂ ਸਿਫਤਾਂ ਸੁਣ ਕੇ ਕਿਸੇ ਸਤਿਸੰਗੀ ਨਾਲ ਰਲ ਕੇ ਸਾਧ-ਸੰਗਤ ਵਿਚ ਆ ਗਿਆ। ਇਥੇ ਆਉਂਦਿਆ-ਸਾਰ ਸਤਿਗੁਰਾਂ ਦੇ ਦਰਸ਼ਨ ਕੀਤੇ। ਸਤਿਗੁਰਾਂ ਦੇ ਚਾਰ-ਚੁਫੇਰੇ ਪ੍ਰਕਰਮਾ ਕੀਤੀ। ਸਤਿਗੁਰਾਂ ਨੂੰ ਮੱਥਾ ਟੇਕਿਆ ਤੇ "ਅੰਮ੍ਰਿਤ ਬਾਣੀ" ਦਾ ਕੀਰਤਨ ਸੁਣਿਆ। ਗ਼ਰੀਬ-ਨਿਵਾਜ਼ ਸੱਚੇ ਪਾਤਸ਼ਾਹ ਦੇ ਦਰਬਾਰ ਵਿਚ ਬੈਠ ਗਿਆ। ਸਾਧ-ਸੰਗਤ ਦੇ ਸਰੋਵਰ ਵਿੱਚ ਚੁੱਭੀ ਲਾ ਕੇ ਨਿਹਾਲ, ਨਿਹਾਲ ਹੋ ਗਿਆ, ਤੇ ਭਾਈ ਸਾਹਿਬ ਨੇ ਏਸੇ ਸ਼ਬਦ ਵਿਚ ਤੁੱਕ ਲਿਖੀ ਹੈ :

ਭਾਉ ਭਗਤਿ ਗੁਰਸਿਖ ਵਿਚਿ,
ਹੋਇ ਦਇਆਲੁ ਗੁਰੁ ਮੋਹਿ ਲਾਇਆ ।"

ਸਿੱਖ ਵਿਚ ਪ੍ਰੇਮਾ-ਭਗਤੀ ਸੀ। ਗੁਰੂ ਨੇ ਦਇਆਲੂ ਹੋ ਕੇ ਉਹਨੂੰ ਆਪਣੇ ਕੰਠ ਨਾਲ ਲਾ ਲਿਆ। ਔਰ ਉਹਦੇ ਕੋਲੋਂ ਕੁਝ ਚੀਜ਼ਾਂ ਖੋਹ ਲਈਆਂ, ਗੁਰੂ ਨੇ

ਸਿੱਖ ਕੋਲੋਂ ਕੁਝ ਚੀਜ਼ਾਂ ਖੋਹ ਲਈਆਂ। ਕਾਮ, ਕ੍ਰੋਧ, ਵਿਰੋਧ, ਮੋਹ, ਲੋਭ, ਅਹੰਕਾਰ! ਇਹ ਛੇ ਚੀਜ਼ਾ ਸਤਿਗੁਰ ਨੇ ਸਿੱਖ ਕੋਲੋਂ ਖੋਹ ਲਈਆਂ ਤੇ ਇਹਨਾਂ ਚੀਜ਼ਾਂ ਦੇ ਬਦਲੇ ਸਤਿਗੁਰਾਂ ਨੇ ਸੱਤ ਚੀਜ਼ਾਂ ਸਿੱਖ ਦੀ ਝੋਲੀ ਵਿਚ ਪਾਈਆਂ। ਸੱਤ ਚੀਜ਼ਾਂ ਦੇ ਕੇ ਸਿੱਖ ਨੂੰ ਨਿਹਾਲ ਕਰ ਦਿੱਤਾ।

"ਕਾਮੁ, ਕਰੋਧੁ, ਵਿਰੋਧ, ਹਰਿ ਲੋਭ, ਮੋਹੁ ਅਹੰਕਾਰ ਤਜਾਇਆ।
ਸਤੁ, ਸੰਤੋਖੁ, ਦਇਆ, ਧਰਮੁ, ਨਾਮੁ, ਦਾਨੁ, ਇਸਨਾਨੁ ਦ੍ਰਿੜਾਇਆ।"
"ਪ੍ਰਗਟੇ ਨਾਨਕ ਰਾਏ ਪਿਆਰੇ,
ਪ੍ਰਗਟੇ ਨਾਨਕ ਰਾਏ.....।"

ਹੁਣ ਕੋਈ ਆਦਮੀ ਭਾਵੇਂ ਸੋਨੇ ਦਾ ਛੱਤਰ ਬਣਾ ਕੇ ਗੁਰੂ ਬਣਿਆ ਫਿਰੇ, ਕੋਈ ਔਖੀ ਗੱਲ ਨਹੀਂ। ਜਦੋਂ ਨਾਨਕ ਨਿਰੰਕਾਰੀ ਨੇ ਏਸ ਤਖਤੇ-ਜ਼ਮੀਨ ਉਤੇ ਕਦਮ ਰਖਿਆ, ਉਹਨੂੰ ਨਿਹਾਲ ਕੀਤਾ। ਉਦੋਂ ਦੀ ਹਾਲਤ ਕੀ ਹੈ ? ਭਾਈ ਗੁਰਦਾਸ ਕੋਲੋਂ ਪੁਛੋ ! ਭਾਈ ਗੁਰਦਾਸ ਜੀ ਕਹਿੰਦੇ ਨੇ :

"ਸਚੁ ਕਿਨਾਰੇ ਰਹਿ ਗਿਆ,
ਖਹਿ ਮਰਦੇ ਬਾਮ੍ਹਣਿ ਮਉਲਾਣੇ।"

ਭਾਰਤਵਰਸ਼ ਦੀ ਹਾਲਤ ਕੀ ਸੀ ਉਦੋਂ ? ਚਾਰ ਵਰਣ ਬਣ ਗਏ, ਚਾਰ ਆਸ਼ਰਮ ਬਣ ਗਏ। ਇਹ ਖੱਤਰੀ ਹੈ, ਇਹ ਸ਼ੂਦਰ ਹੈ, ਇਹ ਵੈਸ਼ ਹੈ, ਇਹ ਪੰਡਿਤ ਹੈ, ਇਹ ਬ੍ਰਹਮਚਰਜ ਹੈ, ਇਹ ਗ੍ਰਿਹਿਸਥੀ ਹੈ, ਇਹ ਮਾਨ-ਪ੍ਰਸਥ ਹੈ। ਵਰਣ, ਆਸ਼ਰਮ ਬਣ ਗਏ। ਅੱਠ ਟੋਲੇ ਤੇ ਇਹ ਬਣ ਗਏ !

"ਦਸਿ ਨਾਮਿ ਸੰਨਿਆਸੀਆ,
ਜੋਗੀ ਬਾਰਹ ਪੰਥਿ ਚਲਾਏ।"

ਬਾਈ ਟੋਲੇ ਤੇ ਇਹ ਹੋ ਗਏ। ਇਕ ਦੂਜੇ ਨੂੰ ਕੋਈ ਨਹੀਂ ਮੰਨਦਾ। ਆਪੋ-ਧਾਪੀ ਪੈ ਗਈ। ਟੋਲੀਆਂ ਬਣ ਗਈਆਂ, ਪਾਰਟੀਆਂ ਬਣ ਗਈਆਂ, ਆਪਣੇ-ਆਪਣੇ ਝੰਡੇ ਵੱਖਰੇ ਹੋ ਗਏ। ਆਪਣੇ-ਆਪਣੇ ਨਾਮ ਦੀ ਜੈ-ਜੈਕਾਰ ਕਰਵਾਉਣ ਲੱਗ ਪਏ। ਆਪਣੀ-ਆਪਣੀ ਪੂਜਾ ਵਿਚ ਸਾਰੇ ਮਸਤ ਹੋ ਗਏ। ਐਸੀ ਹਿੰਦੁਸਤਾਨ ਦੀ ਉਦੋਂ ਦੁਰਗਤੀ ਸੀ। ਇਕ ਕਾਂਡ ਜਿਸ ਵੇਲੇ ਹਿੰਦੁਸਤਾਨ ਦਾ ਸਾਹਮਣੇ ਮੇਰੇ ਆਉਂਦਾ ਹੈ ਨਾ ਤਾਂ ਮਾਨ ਸਿੰਘ ਝੌਰ ਜੀ ਕਹਿੰਦੇ ਹਨ ਕਿ ਮੇਰੇ ਰੌਂਗਟੇ ਖੜੇ ਹੋ ਜਾਂਦੇ ਹਨ। ਇਕ ਦੂਜੇ ਨੂੰ ਕੋਈ ਨਹੀਂ ਮੰਨਦਾ, ਆਪੋ-ਧਾਪੀ ਪੈ ਗਈ। ਉਹਨੂੰ ਕਹਿੰਦੇ ਹਨ ਖਦ ਨਦੀ ਦੀ ਮੰਡੀ, ਗੱਜ ਨਦੀ ਦੀ ਮੰਡੀ ਮੈਂ ਨੇਤਰਾਂ ਨਾਲ ਵੇਖੀ ਹੈ। ਮੈਂ ਉਹ ਸ਼ਹਿਰ ਅੱਖਾਂ ਨਾਲ ਵੇਖਿਆ ਹੈ, ਔਰ ਬੜੇ ਗੋਰ ਨਾਲ ਮੈਂ ਉਹ ਧਰਤੀ ਫਿਰੀ ਹੈ। ਉਸ ਮੰਡੀ ਵਿਚ ਬੱਕਰਾ ਵਿੱਕਦਾ ਹੈ, ਛੱਤਰਾ ਵਿਕਦਾ ਹੈ, ਬਰੜਾ ਵਿਕਦਾ ਹੈ, ਬੈਲ ਵਿਕਦਾ ਹੈ, ਸੰਡਾ ਵਿਕਦਾ ਹੈ, ਮੱਝ ਵਿਕਦੀ ਹੈ, ਮੁਰਗਾ ਵਿਕਦਾ ਹੈ, ਤਿੱਤਰ ਵਿਕਦਾ ਹੈ। ਉਥੇ ਤਿੱਤਰ ਦਾ ਮੁੱਲ ਤਿੰਨ ਰੁਪਏ ਵਿਕਦਾ ਹੈ, ਮੁਰਗੇ

ਦਾ ਮੁੱਲ ਉਥੇ ਪੰਜ ਰੁਪਏ ਹੈ, ਬਟੇਰੇ ਦਾ ਮੁੱਲ ਉਥੇ ਦੋ ਰੁਪਏ ਹੈ, ਲੇਕਿਨ "ਗੱਜ ਨਦੀ" ਦੀ ਮੰਡੀ ਵਿੱਚ, ਇਕ ਹਿੰਦੁਸਤਾਨ ਦੀ ਮਿੱਟੀ ਵਿੱਚ ਬਾਈਆਂ ਵਰ੍ਹੇ ਦੀ ਕੁੜੀ ਵਿਕਦੀ ਹੈ, ਜਿਸ ਦਾ ਮੁੱਲ ਦੋ ਪੈਸੇ ਹੈ। ਹਿੰਦੁਸਤਾਨ ਦੀ ਬੱਚੀ ਦਾ ਮੁੱਲ ਦੋ ਪੈਸੇ ਪੈਂਦਾ ਹੈ। ਦੋ ਪੈਸੇ ਤੋਂ ਇਸ ਦੀ ਇਜ਼ਤ ਲੁੱਟੀ ਜਾਂਦੀ ਹੈ। ਇਸ ਨੂੰ ਵੇਚ ਦਿੱਤਾ ਜਾਂਦਾ ਹੈ। ਘਰ-ਘਾਟ ਤੋਂ ਉਸ ਨੂੰ ਬੇਘਰ ਕੀਤਾ ਜਾਂਦਾ ਹੈ। ਉਹ ਆਪਣੇ ਸੰਸਕਾਰਾਂ ਤੋਂ ਅਲੱਗ ਹੋ ਜਾਂਦੀ ਹੈ। ਐਸੀ ਅਜੀਬੋ-ਗਰੀਬ ਉਹ ਗੱਜ ਨਦੀ ਦੀ ਮੰਡੀ ਸੀ। ਹੇ ਬਾਬਾ ਨਾਨਕ, ਧੰਨ ਹੈਂ ਤੂੰ, ਐਸੀ ਬੁਨਿਆਦ ਰੱਖੀ, ਉਸ ਗੱਜ ਨਦੀ ਨੂੰ ਜਾਣ ਵਾਲੀ ਸੜਕ ਦੇ ਰਾਹ ਬੰਦ ਕਰ ਦਿੱਤੇ। ਤੂੰ ਸੰਸਾਰ ਦੇ ਉੱਤੇ ਆਇਆ ਤੇਰਾ ਨਾਮ ਗਰੀਬ-ਨਿਵਾਜ਼ ਸੀ। ਤੂੰ ਗਰੀਬਾਂ ਦੀ ਬਾਂਹ ਫੜੀ, ਤੂੰ ਗਰੀਬਾਂ ਨੂੰ ਵੇਖਿਆ। ਗੁਰਮਤਿ ਦੇ ਸਟੇਜ ਉਪਰ ਮੈਂ ਕਈ ਸੱਜਣ "ਸ਼ੈਕਸਪੀਅਰ" ਦੇ ਗੁਣ ਗਾਉਂਦੇ ਵੇਖੇ। ਉਹ ਇਕ ਨਾਟਕ ਲਿਖਣ ਵਾਲਾ ਆਦਮੀ ਸੀ। ਉਹ ਇਸਤਰੀ ਨੂੰ ਕਹਿੰਦਾ ਤੂੰ ਪਾਪਾਂ ਦੀ ਜੜ੍ਹ ਹੈਂ, ਤੂੰ ਪਾਪਾਂ ਦਾ ਘਰ ਹੈਂ। ਭਾਵੇਂ ਆਪਣੇ ਕਿਸੇ ਪਾਤਰ ਕੋਲੋਂ ਹੀ ਉਸ ਨੇ ਅਖਵਾਇਆ। ਲੇਕਿਨ ਇਸਤਰੀ ਨੂੰ ਉਹਨੇ ਇੰਨਾ ਬਦਨਾਮ ਕੀਤਾ, ਭਈ ਇਸਤਰੀ ਪਾਪਾਂ ਦਾ ਘਰ ਹੈ, ਇਸਤਰੀ ਪਾਪਾਂ ਦੀ ਜੜ੍ਹ ਹੈ। ਇਹ ਗੁਨਾਹਾਂ ਦਾ ਮੂਲ ਹੈ। ਪਰ ਬਾਬੇ ਨਾਨਕ ਕੋਲੋਂ ਇਹ ਗੱਲ ਨਾ ਝੱਲੀ ਗਈ। ਸਾਹਿਬ ਸੱਚਾ ਪਾਤਸ਼ਾਹ ਕਹਿੰਦੇ ਹਨ :

"ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥"

ਜਿਹੜੀ ਰਾਜੇ "ਹਰੀ ਚੰਦ" ਸੱਤਵਾਦੀ ਦੀ ਮਾਂ ਅਖਵਾ ਸਕਦੀ ਹੈ। ਜਿਹੜੀ "ਯੁਧਿਸ਼ਟਰ" ਦੀ ਮਾਂ ਅਖਵਾ ਸਕਦੀ ਹੈ, ਜਿਹੜੀ ਕ੍ਰਿਸ਼ਨ-ਰਾਮ ਦੀ ਮਾਂ ਬਣ ਸਕਦੀ ਹੈ, ਉਹਨਾਂ ਨੂੰ ਜਨਮ ਦੇ ਸਕਦੀ ਹੈ, ਉਹਨੂੰ ਮੰਦਾ ਕਹਿਨਾ ਏਂ ? ਮਨੂ ਕਹਿੰਦਾ ਹੈ ਇਹ ਇਸਤਰੀ ਜਿਹੜੀ ਹੈ ਸ਼ੂਦਰ ਹੈ ਤੇ ਮੇਰਾ ਬਾਬਾ ਸਾਹਿਬ ਸੱਚਾ ਪਾਤਸ਼ਾਹ ਕਹਿੰਦਾ ਹੈ ਤੂੰ ਸ਼ੂਦਰ ਰਾਣੀ ਦਾ ਦੁੱਧ ਪੀਣ ਵਾਲਾ, ਤੂੰ ਬ੍ਰਾਹਮਣ ਕਿਥੋਂ ਬਣ ਗਿਆ ਹੈਂ। ਸ੍ਰੀ ਨਾਨਕ ਨਿਰੰਕਾਰੀ ਨੇ ਇਸਤਰੀ ਦਾ ਬੜਾ ਆਦਰ ਕੀਤਾ ਹੈ। ਇਸਤਰੀ ਨੂੰ ਬੜਾ ਸਤਿਕਾਰ ਦਿੱਤਾ ਹੈ, ਆਹ ਜਿਹੜੇ ਇਸਤਰੀ ਦੀ ਨਿੰਦਿਆ ਕਰਦੇ ਫਿਰਦੇ ਨੇ ਨਾ ਇਹ ਪਾਪਾਂ ਦਾ ਘਰ ਹੈ, ਇਸਤਰੀ ਪਾਪਾਂ ਦੀ ਜੜ੍ਹ ਹੈ, ਉਹਨਾਂ ਨੂੰ ਬਾਬੇ ਨਾਨਕ ਨੇ "ਆਸਾ ਦੀ ਵਾਰ" ਵਿਚ ਚੰਗੀ ਤਰ੍ਹਾਂ ਨਿਰੂਪਣ ਕੀਤਾ ਹੈ। ਮਹਾਰਾਜ ਕਹਿੰਦੇ ਨੇ :

"ਭੰਡੁ ਮੁਆ ਭੰਡੁ ਭਾਲੀਐ"

ਪਹਿਲੀ ਇਸਤਰੀ ਵਾਹਿਗੁਰੂ ਨਾ ਕਰੇ ਕਿੱਤੇ ਮਰ ਜਾਏ ਔਰ ਦੂਜੀ ਲੱਭਣ ਲੱਗ ਪਏ। ਜਿੰਨਾ ਚਿਰ ਚਾਰ ਪੁਆਂਟਰੀਆਂ ਨਹੀਂ ਲੈਂਦਾ ਓਨੀ ਦੇਰ ਕਲਪਦਾ ਹੀ ਰਹਿੰਦਾ ਹੈ। ਜਦੋਂ ਕੋਈ ਮਿਲਿਆ ਯਾਰ ਉਦੋਂ ਕਹਿਣ ਲੱਗ ਪੈਂਦਾ ਹੈ, ਕੀ ਕਰੀਏ ਗੰਡਾ ਸਿੰਘਾ ! ਜਦੋ ਦੀ ਦੀਪੋ ਦੀ ਭਾਬੀ ਮਰ ਗਈ ਹੈ ਨਾ ਉਦੋਂ ਦਾ

ਦਰਵਾਜ਼ਾ ਹੀ ਨਹੀਂ ਖੁਲ੍ਹਦਾ। ਤੇਰਾ ਬੇੜਾ ਤਰ ਜਾਏ, ਕੁੰਡਾ ਉੱਚਾ ਹੋ ਗਿਆ। ਹੇਠਾਂ ਸਟੂਲ ਰੱਖ ਲੈ, ਕਿਉਂ ਨਹੀਂ ਖੁਲ੍ਹਦਾ। ਦੂਜੀ ਲੱਭਣ ਲਗ ਪੈਂਦਾ ਹੈਂ, ਫਿਰ ਸੂਦਰਆਨੀ ਲੱਭਣ ਚਲਾ ਜਾਂਦਾ ਹੈ। ਗੁਰੂ ਪਿਆਰੀਓ ਬਾਬਾ ਨਾਨਕ ਦਾ ਮਿਸ਼ਨ ਹੋਰ ਹੈ, ਬਾਬੇ ਨਾਨਕ ਦੀ ਫਿਲਾਸਫੀ ਹੋਰ ਹੈ। ਬਾਬੇ ਨਾਨਕ ਦੀ ਸਟੇਜ ਉਤੇ ਉਸ ਆਦਮੀ ਦੀ ਗੱਲ ਮੱਤ ਕਰੋ, ਜਿਸ ਨੂੰ ਗੁਰਮਤਿ ਦਾ ਪਤਾ ਈ ਕੋਈ ਨਹੀਂ! ਔਰ ਜਿਸ ਨੇ ਉਹ ਅਵਸਥਾ ਵੇਖੀ ਨਹੀਂ। ਮੇਰਾ ਬਾਬਾ ਨਾਨਕ ਇਕ ਗੱਲ ਕਹਿੰਦਾ ਹੈ ਵੇਖਣ ਦੇ ਬਾਰੇ :

"ਵੇਖਿ ਵਿਡਾਣੁ ਰਹਿਆ ਵਿਸਮਾਦੁ ॥"

ਕਿਨ੍ਹੇ ਦਾਅਵਾ ਨਹੀਂ ਕੀਤਾ ਕਿ ਮੈਂ ਵਿਧਾਨ ਵੇਖਿਆ ਹੈ, ਮੈਂ ਚਰਜਤਾ ਵੇਖੀ ਹੈ! ਇਕ ਮੇਰਾ ਬਾਬਾ ਨਾਨਕ ਹੈ। ਦੇਖੋਂ, ਮੇਰੇ ਹਿੰਦੂ, ਰਿਸ਼ੀ, ਚੌਦਾਂ ਭਵਨਾਂ ਉਤੇ ਆ ਕੇ ਖਲੋ ਗਏ ਨੇ, ਮਿਹਰਬਾਨੀ ਉਹਨਾਂ ਦੀ ਬੜੀ ਹੈ, ਬੜੀ ਉਹਨਾਂ ਨੇ ਖੋਜ ਕੀਤੀ। ਇਕ ਬਾਬੇ ਨਾਨਕ ਦੀ ਅਵਾਜ਼ ਹੈ ਦੁਨੀਆਂ ਦੇ ਤਖਤੇ ਉਤੇ ਕਿ ਧਰਤੀ ਹੋਰ-ਹੋਰ ਹੈ। ਮੇਰੇ ਕੰਨਾਂ ਵਿਚ ਸਰੋਦ ਪਈ ਖਵਾਜਾ ਦਿਲ ਮੁਹਮੰਦ ਸਾਹਿਬ ਐਮ. ਏ. ਦੀ। ਇਕ ਕਾਲਜ ਦੇ ਵਿਦਿਆਰਥੀਆਂ ਨੂੰ ਪੜ੍ਹਾਉਣ ਵਾਲੇ ਨੇ। ਸ੍ਰੀ "ਜਪੁ ਸਾਹਿਬ" ਦਾ ਟੀਕਾ ਕੀਤਾ ਹੈ। ਮੈਂ ਹੈਰਾਨ ਹੋ ਗਿਆ ਕਿ ਟੀਕਾ ਕਿਸ ਤਰ੍ਹਾਂ ਉਹ ਕਰ ਗਿਆ। ਬਾਬਾ ਨਾਨਕ ਤੇ ਕਹਿੰਦਾ ਧਰਤੀ ਹੋਰ ਪਰ੍ਹੇ ਹੋਰ ਔਰ ਇਸਲਾਮ ਕਹਿੰਦਾ ਚੌਦਾਂ ਤੱਬਕਾਂ ਤੋਂ ਅੱਗੇ ਕੱਖ ਵੀ ਨਹੀਂ। ਉਹਨੇ ਟੀਕਾ ਕਿਸ ਤਰ੍ਹਾਂ ਕੀਤਾ ਹੋਵੇਗਾ। ਕਿਸ ਤਰ੍ਹਾਂ ਉਹਨੇ ਇਸਲਾਮ ਦੇ ਖਿਲਾਫ ਆਪਣਾ ਕੋਈ ਖਿਆਲ ਜ਼ਾਹਿਰ ਕੀਤਾ ਹੋਵੇਗਾ। ਮੈਂ ਉਸ ਦਾ ਟੀਕਾ ਫਿਰ ਲਿਆਂਦਾ ਤੇ ਪੜ੍ਹਿਆ। ਜਿਸ ਵੇਲੇ ਮੈਂ ਉਹਦੀ ਪੌੜੀ ਪੜ੍ਹੀ ਨਾ ਮੈਨੂੰ ਤੇ ਸੁਆਦ ਆ ਗਿਆ। ਮੈਨੂੰ ਤੇ ਆਨੰਦ ਆ ਗਿਆ।

"ਲਾਖ ਕਹੇ ਇਨਸਾਨ ਮਗਰ,
ਕੁਦਰਤ ਕੀ ਥਾਹ ਨਾ ਪਾਏਗਾ।
ਖਾਲਕ ਕੀ ਖਲਕਤ ਕਾ ਉਸ ਕੋ
ਅੰਤ, ਸਮਾਰ ਨ ਆਏਗਾ।
ਦੂਰ ਜ਼ਿਮੀਂ ਸੇ ਔਰ ਜ਼ਮੀਨੇ; ਉਨ ਸੇ ਆਗੇ ਔਰ ਜਹਾਂ।
ਉਨ ਕੇ ਨੀਚੇ ਜ਼ੋਰ ਹੈ ਕਿਸ ਕਾ,
ਕਾਇਮ ਹੈ ਕਿਸ ਤੌਰ ਵਹਾਂ।"

ਜਿਹੜੀ ਕਾਈ, ਦਿਹਾਈ ਨਾਲ ਤੂੰ ਗਿਣਤੀ ਕਰਨੀ ਹੈ, ਉਹ ਕਾਈ, ਦਿਹਾਈ ਤੇ ਆਪ ਖਤਮ ਹੋ ਜਾਣੀ ਹੈ। ਕਾਈ, ਦਿਹਾਈ ਤੇ ਮੁੱਕ ਜਾਏਗੀ, ਲੇਕਿਨ ਮੌਲਾ ਦੀ ਦਾਤ ਕਾਈ ਦਿਹਾਈ ਦੇ ਤੋਲ ਮਾਪ ਵਿਚ ਆ ਹੀ ਨਹੀਂ ਸਕਦੀ। ਕਿਉਂਕਿ ਉਹ ਮੁੱਕਣ ਵਾਲੀ ਹੀ ਨਹੀਂ। ਅਸੀਂ ਮੁੱਕ ਜਾਵਾਂਗੇ ਪਰ ਉਹ ਨਹੀਂ ਮੁੱਕਣ ਵਾਲਾ।

ਉਸ ਦੇ ਲੜ ਲਾਉਂਦਾ ਹੈ ਬਾਬਾ ਨਾਨਕ। ਉਸ ਦੀ ਜ਼ਾਤ ਨੂੰ ਵੇਖਣ ਵਾਸਤੇ ਗੁਰੂ ਗ੍ਰੰਥ ਸਾਹਿਬ ਜੀ ਨਾਲ ਬਚਨ ਜ਼ਰੂਰ ਕਰਨੇ ਚਾਹੀਦੇ ਨੇ। ਸਾਹਿਬ ਜੀ ਗੁਰੂ ਗ੍ਰੰਥ ਸਾਹਿਬ ਜੀ ਕਹਿੰਦੇ ਨੇ ;

"ਕਵਨੁ ਜੋਗੁ ਕਉਨੁ ਗ੍ਯਾਨ ਧ੍ਯਾਨੁ,
ਕਵਨ ਬਿਧਿ ਉਸ੍ਤਤਿ ਕਰੀਐ ॥
... ...
ਬ੍ਰਹਮਾਦਿਕ ਸਨਕਾਦਿ ਸੇਖ
ਗੁਣ ਅੰਤੁ ਨਾ ਪਾਏ ॥
... ...
ਹਰਿ ਗੁਰੁ ਨਾਨਕੁ ਜਿਨ੍ ਪਰਸਿਓ
ਤੇ ਇਤ ਉਤ ਸਦਾ ਮੁਕਤੇ ॥"

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਹ ਟੰਡੋਰਾ ਹੈ, ਹੋਕਾ ਦਿੰਦੇ ਹੈ :

"ਬ੍ਰਹਮਾਦਿਕ ਸਿਵ ਛੰਦ ਮੁਨੀਸੁਰ
ਰਸਕਿ ਰਸਕਿ ਠਾਕੁਰ ਗੁਨ ਗਾਵਤ ॥
ਇੰਦ੍ਰ ਮੁਨਿੰਦ੍ਰ ਖੋਜਤੇ ਗੋਰਖ ਧਰਣਿ
ਗਗਨ ਆਵਤ ਫੁਨਿ ਧਾਵਤ ॥
ਸਿਧ ਮਨੁਖ ਦੇਵ ਅਰੁ ਦਾਨਵ
ਇਕੁ ਤਿਲੁ ਤਾ ਕੋ ਮਰਮੁ ਨ ਪਾਵਤ ॥
ਪ੍ਰਿਅ ਪ੍ਰਭ ਪ੍ਰੀਤਿ ਪ੍ਰੇਮ ਰਸ ਭਗਤੀ
ਹਰਿ ਜਨ ਤਾ ਕੈ ਦਰਸਿ ਸਮਾਵਤ ॥
ਤਿਸਹਿ ਤਿਆਗਿ ਆਨ ਕਉ ਜਾਚਹਿ
ਮੁਖ੍ ਦੰਤ ਰਸਨ ਸਗਲ ਘਸਿ ਜਾਵਤ ॥
ਰੇ ਮਨ ਮੂੜ ਸਿਮਰਿ ਸੁਖਦਾਤਾ
ਨਾਨਕ ਦਾਸ ਤੁਝਹਿ ਸਮਝਾਵਤ ॥" (ਪੰਨਾ ੧੩੮੮)
ਪ੍ਰਗਟੇ ਨਾਨਕ ਰਾਏ ਪਿਆਰੇ
ਪ੍ਰਗਟੇ ਨਾਨਕ ਰਾਏ।
ਪ੍ਰਗਟੇ ਨਾਨਕ ਰਾਏ ਪਿਆਰੇ,
ਪ੍ਰਗਟੇ ਨਾਨਕ ਰਾਏ।"
ਤਿਨ ਬੇਦੀਯਨ ਕੀ ਕੁਲ ਬਿਖੈ
ਪ੍ਰਗਟੇ ਨਾਨਕ ਰਾਏ।

ਸਾਹਿਬਾਂ ਦੀ ਚਰਨ-ਸ਼ਰਨ ਦੇ ਸਿੱਖ ਆਏ ਨੇ। ਔਰ ਬੜੇ ਆਲੌਕਿਕ ਜਿਹੇ ਨਾਮ ਤੁਸੀਂ ਸੁਣੋਗੇ, ਹੈਰਾਨ ਹੋ ਜਾਵੋਗੇ ਤੇ ਕਹੋਗੇ ਇਹੋ ਜਿਹੇ ਨਾਮ! ਬਾਬੇ ਨਾਨਕ

ਦੇ ਸਿੱਖਾਂ ਦੇ। ਇਕ ਦਾ ਨਾਮ ਲਿਖਿਆ ਹੈ "ਰਾਮਾ ਡਿਡੀ।" ਇਹ ਬਾਬੇ ਨਾਨਕ ਦੀ ਚਰਨ-ਸ਼ਰਨ ਆਇਆ। ਤੇ "ਪ੍ਰਿਥੀ ਮਲ ਸੈਗਲ।" ਇਹ ਦੋਵੇਂ ਬਾਬੇ ਨਾਨਕ ਦੀ ਚਰਨ-ਸ਼ਰਨ ਆਏ ਨੇ।

ਨਮਸ਼ਕਾਰ ਕੀਤੀ ਹੈ, ਮੱਥਾ ਟੇਕਿਆ ਤੇ ਹੱਥ ਜੋੜੇ। ਮਹਾਰਾਜ ਮੰਗਤੇ ਹਾਂ ਤੇਰੇ ਦਰਬਾਰ ਆਏ ਹਾਂ! ਮਹਾਰਾਜ ਕਹਿਣ ਲੱਗੇ, "ਕੀ ਚਾਹੁੰਦੇ ਹੋ ? ਕਿਸ ਚੀਜ਼ ਦੀ ਲੋੜ ਹੈ ?" ਤੇ ਪ੍ਰਿਥੀ ਮਲ ਸੈਗਲ ਔਰ ਰਾਮਾ ਡਿਡੀ ਨੇ ਇਕ ਜ਼ਬਾਨ ਹੋ ਕੇ ਆਖਿਆ, ਮਹਾਰਾਜ ! ਕੋਈ ਸੁਖਾਇਨ ਤਰੀਕਾ ਦੱਸੋ, ਕੋਈ ਐਸਾ ਉਪਾਅ ਦੱਸੋ ਕਿ ਅਸੀਂ ਬਿਸ਼ਨ ਨਾਲ ਅਭੇਦ ਹੋ ਜਾਈਏ। ਇਹ ਪੁਰਾਣਿਆਂ ਸਿੱਖਾਂ ਦੀ ਮੰਗ ਹੈ ਬਿਸ਼ਨ ਨਾਲ ਅਰਥਾਤ ਵ੍ਾਹਿਗੁਰੂ ਨਾਲ ਅਭੇਦ ਹੋ ਜਾਈਏ। ਸਾਡਾ ਜੰਮਣ-ਮਰਨ ਮੁੱਕ ਜਾਵੇ। ਹੁਣ ਜਿਵੇਂ ਅਸੀਂ ਅਰਦਾਸਾਂ ਕਰਵਾਉਣੇ ਹਾਂ ਸਾਡੀ ਕੁੜੀ ਤੰਦਰੁਸਤ ਹੋ ਜਾਏ, ਸਾਡਾ ਮੁੰਡਾ ਪਾਸ ਹੋ ਜਾਏ। ਮਹਾਰਾਜ, ਭਾਈ ਜੀ ਅਰਦਾਸ ਕਰਿਉ ਦੁਕਾਨ ਪਾਈ ਹੈ, ਵਾਧਾ ਬਹੁਤਾ ਪੈ ਜਾਏ। ਤੇਰਾ ਬੇੜਾ ਤਰ ਜਾਏ, ਰਕਮਾਂ ਹੀ ਕਿਸੇ ਦੀਆਂ ਨਹੀਂ ਦੇਵੇਂਗਾ, ਕਬਜ਼ਾ ਹੀ ਕਰ ਲਵੇਂਗਾ। ਦੁਕਾਨ ਤੇਰੀ ਕਿਸ ਤਰ੍ਹਾਂ ਚਲ ਜਾਏਗੀ। ਔਰ ਅਗਾਂਹ ਅਸੀਂ ਰਖਿਆ ਹੁੰਦਾ ਹੈ ਗੁਰੂ ਨੂੰ ਕਿ ਜੋ ਕੁਝ ਕੀਤਾ ਹੈ ਉਹ ਗੁਰੂ ਨੇ ਕੀਤਾ ਹੈ। ਤੂੰ ਗੁਰੂ ਦੇ ਨਾਮ ਤੋਂ ਨਜਾਇਜ਼ ਫਾਇਦਾ ਉਠਾਉਂਦਾ ਹੈਂ। ਗੁਰੂ ਇਨ੍ਹਾਂ ਕੰਮਾਂ ਵਾਸਤੇ ਨਹੀਂ। ਗੁਰੂ ਜਿਸ ਕੰਮ ਵਾਸਤੇ ਸੀ, ਉਸ ਕੰਮ ਵਾਸਤੇ ਤੂੰ ਗੁਰੂ ਨੂੰ ਸਾਹਮਣੇ ਨਹੀਂ ਲਿਆਂਦਾ। ਪ੍ਰਿਥੀ ਮਲ ਸੈਗਲ ਤੇ ਰਾਮਾ ਡਿਡੀ ਨੇ ਅਰਦਾਸ ਕੀਤੀ ਕਿ ਕੁਝ ਸੌਖਾ ਤਰੀਕਾ ਦੱਸੋ ਕਿ ਅਸੀਂ ਵਾਹਿਗੁਰੂ ਵਿਚ ਅਭੇਦ ਹੋ ਜਾਈਏ। ਸਾਡਾ ਜੰਮਣ-ਮਰਨ ਮੁੱਕ ਜਾਏ। ਇਹ ਬੜੀ ਡਰਾਉਣੀ ਘਾਟੀ ਹੈ। ਮਹਾਰਾਜ ਕਹਿਣ ਲੱਗੇ, ਪ੍ਰਿਥੀ ਮਲ ਜੀ, ਰਾਮਾ ਡਿਡੀ ਜੀ, ਦੋ ਤੱਤ ਨੇ। ਇਕ :

"ਰਾਜਸੀ, ਤਾਮਸੀ।"

ਔਰ ਇਕ ਹੈ ;

"ਰਾਜਸੀ ਸਾਂਤਕੀ।"

ਉਹ ਕਹਿਣ ਲੱਗੇ, ਮਹਾਰਾਜ ਅਸੀਂ ਦੋਵੇਂ ਹੀ ਨਹੀਂ ਜਾਣਦੇ। ਸਾਹਿਬ ਕਹਿਣ ਲੱਗੇ, ਰਾਜਸੀ-ਤਾਮਸੀ ਤੱਤ ਇਹ ਹੈ ਕਿ ਜਲ ਵ੍ਚਿ ਖਲੋਣਾ। ਜਾਂ ਧੂਨੀ ਤੱਪਣੀ ਜਾਂ ਸੱਜਾ ਪੈਰ ਚੁੱਕ ਕੇ ਖੱਬੇ ਗੋਡੇ ਤੇ ਬਾਰਾਂ ਵਰ੍ਹੇ ਖਲੋਤੇ ਰਹਿਣਾ। ਇਹ ਹੈ ਰਾਜਸੀ ਤਾਮਸੀ ਤੱਤ। ਇਸ ਦੇ ਨਾਲ ਰਿਧੀ ਸਿਧੀ ਤੇ ਤੁਰ ਪਏਗੀ, ਪਰ ਆਤਮਾ ਪ੍ਰਮਾਤਮਾ ਨਾਲ ਨਹੀਂ ਮਿਲੇਗੀ। ਔਰ ਕਾਮ, ਕ੍ਰੋਧ ਉਸ ਦਾ ਪੱਲਾ ਨਹੀਂ ਛੱਡੇਗਾ! ਤੁਸੀਂ ਰਾਜਸੀ ਸਾਂਤਕੀ ਤੱਤ ਕਰੋ। ਮਹਾਰਾਜ ਉਹ ਕੀ ਹੈ ? ਤੇ ਸਾਹਿਬ ਕਹਿਣ ਲੱਗੇ, ਰਾਜਸੀ ਸਾਂਤਕੀ ਤੱਤ ਇਹ ਹੈ ਕਿ ਆਪਣੇ ਨੇਤਰਾਂ ਨੂੰ ਬੁਰੀ ਨਜ਼ਰੋਂ ਵੇਖਣ ਨੂੰ ਹਟਾਉਣਾ। ਆਪਣੀ ਰਸਨਾ ਨੂੰ ਬੁਰਾਈ ਕਰਨੋਂ, ਚੁਗਲੀ ਕਰਨੋਂ, ਨਿੰਦਾ ਕਰਨੋਂ,

ਕਿਸੇ ਦੇ ਦਿਲ ਨੂੰ ਦੁਖਾਉਣੋਂ ਹਟਾਉਣਾ। ਕੰਨਾਂ ਨੂੰ ਟੱਪੇ, ਮਾਹੀਏ ਭੈੜੇ ਗੀਤ ਸੁਣਾਉਣੋਂ ਹਟਾਉਣਾ। ਰਸਨਾ ਨੂੰ ਮਾੜੇ ਗੀਤ ਗਾਉਣੋਂ ਹਟਾਉਣਾ। ਇੰਦਰੀਆਂ ਤੇ ਕੰਟਰੋਲ ਕਰਨਾ। ਇਹ ਰਾਜਸੀ ਸਾਂਤਕੀ ਤੱਤ ਹੈ। ਭਾਈ ਗੁਰਦਾਸ ਨੇ ਬੜੀ ਸੋਹਣੀ ਵਿਆਖਿਆ ਕੀਤੀ ਹੈ :

"ਗੁਰਮੁਖਿ ਹਥਿ ਸਕਥ ਹਨਿ

ਸਕੱਥ ਦਾ ਅਰਥ ਹੈ "ਸ੍ਰੇਸ਼ਟ।" ਉਸ ਗੁਰੂ ਦੇ ਸਿੱਖ ਦੇ ਹੱਥ ਸ੍ਰੇਸ਼ਟ ਨੇ :

ਜੋ ਸਾਧ ਸੰਗਤਿ ਗੁਰ ਕਾਰ ਕਮਾਵੈ।"

ਜਿਹੜਾ ਸੰਗਤ ਵਿਚ ਆਵੇ, ਭਾਈ ਗੁਰਦਾਸ ਜੀ ਕਹਿੰਦੇ ਹਨ ਉਹ ਸੰਗਤ ਦੇ ਜੂਠੇ ਬਰਤਨ ਸਾਫ ਕਰੇ! ਲੰਗਰ ਪਕਾਵੇ, ਲੱਕੜੀਆਂ ਲਿਆਵੇ। ਜਿਹੜਾ ਸੰਗਤ ਦੀ ਸੇਵਾ ਕਰਦਾ, ਗੁਰੂ ਕੀ ਸੰਗਤ ਜਾਣ ਕੇ ਸੇਵਾ ਕਰਦਾ, ਉਸ ਦੇ ਹੱਥ ਪਵਿੱਤਰ ਨੇ!

"ਗੁਰਮੁਖਿ ਹਥਿ ਸਕਥ ਹਨਿ
ਸਾਧ-ਸੰਗਤ ਗੁਰ ਕਾਰ ਕਮਾਵੈ।"

ਮਹਾਰਾਜ ਕਾਰ ਕਿਹੋ ਜਿਹੀ ? ਸੇਵਾ ਕਿਹੋ ਜਿਹੀ ? ਤੇ ਭਾਈ ਗੁਰਦਾਸ ਜੀ ਕਹਿੰਦੇ ਹਨ :

"ਪਾਣੀ ਪਖਾ ਪੀਹਣਾ,
ਪੈਰ ਧੋਇ ਚਰਣਾਮਤੁ ਪਾਵੈ।"

ਝਾਤੀ ਆਪਣੇ ਅੰਦਰ ਅਸਾਂ ਪਾਈ ਜਾਣੀ ਹੈ। ਪਰ ਭਾਈ ਗੁਰਦਾਸ ਜੀ ਕਹਿੰਦੇ ਹਨ, ਗੁਰੂ ਕੇ ਸਿੱਖ ਦੇ ਹੱਥ ਉਦੋਂ ਪਵਿੱਤਰ ਹੋਣੇ ਨੇ ਜਦੋਂ ਪਾਣੀ, ਮੌਸਮ ਦੇ ਲਿਹਾਜ਼ ਨਾਲ ਪਾਣੀ ਦੀ ਸੇਵਾ ਕਰੇ ਔਰ ਪੱਖਾ ਮੌਸਮ ਦੇ ਲਿਹਾਜ਼ ਨਾਲ, ਸਮੇਂ ਦੇ ਲਿਹਾਜ਼ ਨਾਲ ਪੱਖਾ ਫੇਰੇ। ਪੀਹਣਾ, ਆਪਣੇ ਹੱਥੀਂ ਦਾਣੇ ਪਾ ਕੇ ਚੱਕੀ ਵਿੱਚ ਘੁਮਾ ਕੇ ਫੇਰੇ। ਆਪਣੇ ਹੱਥੀਂ ਪੀਹ ਕੇ, ਆਟਾ ਲਿਆ ਕੇ ਉਸ ਦੀਆਂ ਰੋਟੀਆਂ ਬਣਾ ਕੇ ਧਰਮਸਾਲਾ ਵਿਚ ਸਿੱਖਾਂ ਨੂੰ ਛਕਾਵੇ। ਮਾਨ ਸਿੰਘ ਝੌਰ ਜੀ ਕਹਿੰਦੇ ਹਨ ਮੈਂ ਕੋਈ ਨਾਵਲ ਨਹੀਂ ਪੜ੍ਹ ਰਿਹਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਹਿੰਦੇ ਹਨ :

"ਪੀਅਹਿ ਤ ਪਾਣੀ ਆਣੀ ਮੀਰਾ
ਖਾਹਿ ਤ ਪੀਸਣ ਜਾਉ ॥"

ਗੁਰੂ ਗ੍ਰੰਥ ਸਾਹਿਬ ਜੀ ਕਹਿੰਦੇ ਹਨ :

"ਪਖਾ ਫੇਰੀ ਪਾਣੀ ਢੋਵਾ
ਹਰਿ ਜਨ ਕੈ ਪੀਸਣੁ ਪੀਸਿ ਕਮਾਵਾ ॥
ਨਾਨਕ ਕੀ ਪ੍ਰਭ ਪਾਸਿ ਬੇਨੰਤੀ
ਤੇਰੇ ਜਨ ਦੇਖਣੁ ਪਾਵਾ ॥" (ਪੰਨਾ ੭੪੯)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਹਿੰਦੇ ਹਨ :

"ਮੁਲ ਖਰੀਦੀ ਲਾਲਾ ਗੋਲਾ
ਮੇਰਾ ਨਾਮ ਸੁਭਾਗਾ ॥
ਗੁਰ ਕੀ ਬਚਨੀ ਹਾਟਿ ਬਿਕਾਨਾ
ਜਿਤੁ ਲਾਇਆ ਤਿਤੁ ਲਾਗਾ ॥੧॥ (ਪੰਨਾ ੯੯੧)
ਪਾਣੀ ਪੱਖਾ ਪੀਹਨਾ,
ਚਰਨ ਧੋਵੈ ਚਿਰ ਅੰਮ੍ਰਿਤ ਪਾਵੈ ॥"

ਜਦੋਂ ਸਿਖ ਦੇ ਘਰ ਸਿੱਖ ਆ ਜਾਏ, ਸਿੱਖ ਦੌੜ ਕੇ ਜਾਏ ਪਾਣੀ ਲਿਆਵੇ, ਉਸ ਦੇ ਚਰਨ ਧੋਵੇ ਤੇ ਉਹ ਪਾਣੀ ਜਿਸ ਨਾਲ ਚਰਨ ਧੋਤੇ ਨੇ, ਉਸ ਨੂੰ ਗੰਦਾ-ਮੰਦਾ ਜਾਣ ਕੇ ਬਜ਼ਾਰ ਵਿਚ ਨਾ ਸੁੱਟੇ, ਬਲਕਿ ਉਹਨੂੰ ਸਿੱਖ ਦੇ ਚਰਨਾਂ ਦਾ ਅੰਮ੍ਰਿਤ ਜਾਣ ਕੇ ਪੀਵੇ। ਇਹ ਝਾਤੀ ਅਸਾਂ ਆਪਣੇ ਅੰਦਰ ਪਾਉਣੀ ਹੈ ਕਿ ਸਾਡੇ ਅੰਦਰ ਗੁਰੂ ਕੇ ਸਿੱਖ ਲਈ ਕਿੰਨਾ ਪਿਆਰ ਹੈ। ਅਸੀਂ ਗੁਰੂ ਕੇ ਸਿੱਖ ਨੂੰ ਕਿੰਨਾ ਕੁ ਆਦਰ ਦੇਣਾ ਹੈ।

"ਪਾਣੀ ਪਖਾ ਪੀਹਣਾ,
ਪੈਰ ਧੋਇ ਚਰਣਾਮਤੁ ਪਾਵੈ।
ਗੁਰਬਾਣੀ ਲਿਖਿ ਪੋਥੀਆ ਤਾਲ ਮ੍ਰਿਦੰਗ ਰਬਾਬ ਵਜਾਵੈ।"
"ਹਸਤ ਪੁਨੀਤ ਪਵਿੱਤਰ ਹੈ ਮੇਰੀ ਜ਼ਿੰਦੜੀਏ,
ਜੋ ਹਰ ਜੱਗ ਹਰਿ-ਹਰਿ ਲੇਖਹਿ ਰਾਮ ॥"
'ਗੁਰਬਾਣੀ ਲਿਖਿ ਪੋਥੀਆ'

ਤਾਲ, ਛੈਣੇ ਵਜਾਉਣੇ ਆਉਂਦੇ ਹੋਣ ਸਿੱਖ ਨੂੰ। ਮਿਰਦੰਗ ਢੋਲਕੀ ਨਾਲੋਂ ਲੰਮਾ ਸਾਜ ਹੁੰਦਾ ਹੈ, ਜ਼ਰਾ ਬਰੀਕ ਹੁੰਦਾ ਸੀ। ਪਹਿਲਾਂ ਸਾਜ਼ ਮਿਰਦੰਗ ਸੀ, ਉਸ ਤੋਂ ਬਾਅਦ ਤਬਲਾ ਆਇਆ ਸੀ। ਪਹਿਲਾਂ ਸਿੱਖ ਨੂੰ ਨਿਰਦੰਗ ਵਜਾਉਣੀ ਆਉਂਦੀ ਹੋਵੇ, ਯਾਨੀ ਪੂਰਾ ਕੀਰਤਨੀਆਂ ਹੋਵੇ।

"ਤਾਲ ਮ੍ਰਿਦੰਗ ਰਬਾਬ ਵਜ਼ਾਵੇ ॥"

"ਭਾਈ ਗੁਰਦਾਸ" ਜੀ ਕਹਿੰਦੇ ਹਨ ਸਿੱਖ ਨੂੰ ਕੋਈ ਤਾਰ ਵਾਲਾ ਸਾਜ਼ ਵਜਾਉਣਾ ਆਉਂਦਾ ਹੋਵੇ।

"ਨਮਸਕਾਰ ਡੰਡਉਤ ਕਰਿ,
ਗੁਰ ਭਾਈ ਗਲਿ ਮਿਲਿ ਗਲਿ ਲਾਵੈ।"

ਜਦੋਂ ਕਿਤੇ ਗੁਰੂ ਕਾ ਭਾਈ, ਗੁਰੂ ਕਾ ਸਿੱਖ ਮਿਲ ਜਾਏ ਤਾਂ ਨਮਸ਼ਕਾਰ ਕਰਨੀ, ਆਪਣੇ ਕੰਠ ਨਾਲ ਲਾਉਣਾ, ਗੁਰਬਾਣੀ ਦੀ ਰੌਸ਼ਨੀ ਵਿਚ ਕੰਠ ਨਾਲ ਲਾਉਣਾ!

"ਆਇ ਮਿਲੁ ਗੁਰਸਿਖ ਆਇ ਮਿਲੁ
ਤੂ ਮੇਰੇ ਗੁਰੂ ਕੇ ਪਿਆਰੇ ॥"

"ਭਾਈ ਗੁਰਦਾਸ" ਜੀ ਕਹਿੰਦੇ ਸਨ ਸਿੱਖ ਦੇ ਤੂੰ ਸਦਕੇ ਸਦਕੇ ਹੋ ਜਾਣਾ:

"ਕਿਰਤਿ ਵਿਰਤਿ ਕਰਿ ਧਰਮ ਦੀ,
ਹਥਹੁ ਦੇ ਕੈ ਭਲਾ ਮਨਾਵੈ ।
ਪਾਰਸੁ ਪਰਸਿ ਅਪਰਸਿ ਹੋਇ,
ਪਰ ਤਨ, ਪਰ ਧਨ ਹਥੁ ਨ ਲਾਵੈ ।
ਗੁਰ ਸਿਖ ਗੁਰ ਸਿਖ ਪੂਜ ਕੈ
ਭਾਇ ਭਗਤਿ ਭੈ ਭਾਣਾ ਪਾਵੈ ।
ਆਪੁ ਗਵਾਇ ਨ ਆਪੁ ਗਣਾਵੈ ।"

ਹਉਮੈ ਮਾਰ ਦੇਹ, ਆਪਣੇ ਆਪ ਨੂੰ ਮਿਟਾ ਦੇਹ, ਗਿਣਤੀ ਨਾ ਕਰਾ ਏਸ ਤਰ੍ਹਾਂ ਕਿ ਗੁਰਦੁਆਰੇ ਦਾ ਫਰਸ਼ ਮੈਂ ਲਵਾਇਆ, ਸੰਗਮਰਮਰ ਦਾ ਦਰਵਾਜ਼ਾ ਮੈਂ ਲਵਾਇਆ, ਤੂੰ ਕੌਣ ਹੈਂ ਲਵਾਉਣ ਵਾਲਾ ? ਕਿਥੋਂ ਲਿਆ ਕੇ ਲਵਾਇਆ ਹੈ ? ਕਿਥੋਂ ਤੂੰ ਲੈ ਆਉਂਦਾ ਸੰਗਮਰਮਰ ? ਇਹ ਤੇ ਦੇਣ ਵਾਲੀਆਂ ਦਾਤਾਂ ਕੋਈ ਹੋਰ ਹੈ । ਜਿਸ ਨੂੰ ਅਸੀਂ ਜਾਣਦੇ-ਪਛਾਣਦੇ ਨਹੀਂ, ਜਿਸ ਦੇ ਨਾਲ ਸਾਡਾ ਮੇਲ ਨਹੀਂ।

ਬੰਦਿ ਖਲਾਸੀ ਬੰਦਗੀ,
ਵਿਰਲੇ ਕੇਈ ਹੁਕਮੀ ਬੰਦੇ ।
ਪਰਦਖਣਾ ਡੰਡਾਉਤ ਕਰਿ...,
ਗੁਰ ਚੇਲੇ ਪਰਚੈ ਪਰਚੰਦੇ ।

ਆਪਣੀਆ ਇੰਦਰੀਆਂ ਰੋਕੋ, ਹੱਥ ਰੋਕੋ, ਪੈਰ ਰੋਕੋ, ਅੱਖਾਂ ਰੋਕੋ, ਕੰਨ ਰੋਕੋ, ਰੱਬ ਵੱਲ ਲਾਉ । ਇਹ ਰਾਜਸੀ ਸ਼ਾਂਤਕੀ ਤੱਤ ਹੈ । ਇਸ ਦੇ ਨਾਲ ਤੁਹਾਡੇ ਉਤੇ ਨਿਰੰਕਾਰ ਪ੍ਰਸੰਨ ਹੋਵੇਗਾ । ਨਿਰੰਕਾਰ ਦੀ ਤੁਹਾਡੇ ਉਤੇ ਦਇਆ ਹੋਵੇਗੀ ਤੇ ਗਰੀਬ-ਨਿਵਾਜ਼ ਸੱਚੇ ਪਾਤਸ਼ਾਹ ਨੇ ਉਪਦੇਸ਼ ਕਰਦਿਆਂ-ਕਰਦਿਆਂ ਕਿਹਾ, ਤੁਰ ਕੇ ਗੁਰਦੁਆਰੇ ਜਾਣਾ ਆਪ ! ਇਕਾਗਰ ਚਿੱਤ ਹੋ ਕੇ ਕਥਾ ਕੀਰਤਨ ਸੁਣਨਾ, ਤੇ ਜਾਪੁ "ਵਾਹਿਗੁਰੂ" ਜੀ ਦਾ ਕਰਨਾ ! ਆਲਸ ਨਹੀਂ ਕਰਨਾ, ਸੁਸਤੀ ਨਹੀਂ ਕਰਨੀ, ਦਲਿਦਰ ਨਹੀਂ ਕਰਨਾ, ਇਹ ਗੁਰੂ ਦੇ ਰਿਹਾ ਹੈ ਦਾਨ ਤੇ ਨਾਲ ਕਹਿਣ ਲੱਗੇ, ਘੋੜੇ ਨੂੰ ਦਿੰਦਾ ਮਸਾਲਾ ਮਲ ਤੇ ਘੋੜਾ ਮਸਾਲਾ ਲੈਂਦਾ ਨਹੀਂ, ਪਰ ਜਿਸ ਨੂੰ ਸਿਆਣਪ ਹੈ, ਉਹ ਘੋੜਿਆਂ ਨੂੰ ਰੱਖਣਾ ਜਾਣਦਾ ਹੈ । ਉਹ ਮਸਾਲਾ ਮੂੰਹ ਵਿੱਚ ਪਾ ਕੇ, ਦੋਵੇਂ ਅੰਗੂਠੇ ਮੂੰਹ ਵਿਚ ਪਾ ਕੇ, ਜ਼ੁਬਾਨ ਦੱਬ ਕੇ ਹਿਲਾਉਂਦਾ ਰਹਿੰਦਾ, ਹਿਲਾਉਂਦਾ ਰਹਿੰਦਾ । ਆਪ ਨਹੀਂ ਸੁਸਤ ਹੁੰਦਾ, ਆਪ ਨਹੀਂ ਅੱਕਦਾ, ਆਪ ਨਹੀਂ ਥੱਕਦਾ। ਘੋੜਾ ਅੱਕ ਜਾਂਦਾ ਹੈ, ਘੋੜਾ ਥੱਕ ਜਾਂਦਾ ਹੈ, ਉਹ ਢਿੱਲਾ ਪੈ ਜਾਂਦਾ ਹੈ । ਆਖਿਰ ਵਿਚ ਮਸਾਲਾ ਦੇਣ ਵਾਲਾ ਕਾਮਯਾਬ ਹੋ ਜਾਂਦਾ ਹੈ । ਜੇ ਮਸਾਲਾ ਦੇਣ ਵਾਲਾ ਢਿੱਲਾ ਪੈ ਜਾਏ ਤਾਂ ਮਸਾਲਾ ਮੂੰਹ ਵਿਚ ਰਖਿਆ ਘੋੜਾ ਬਾਹਰ ਥੁੱਕ ਦਿੰਦਾ ਹੈ। ਮਨ ਨੂੰ ਵੀ ਇਸੇ ਤਰ੍ਹਾਂ ਮਸਾਲਾ ਦੇਣਾ ਹੈ "ਸਤਿਨਾਮ-ਵਾਹਿਗੁਰੂ"

ਦਾ। ਸੁਸਤ ਨਹੀਂ ਹੋਣਾ, ਇਹਦੇ ਨਾਲ ਲੱਗੇ ਰਹਿਣਾ, ਲੱਗੇ ਰਹਿਣਾ ਹੈ। ਇਹਨੂੰ ਥਕਾਉਣਾ, ਪਰ ਆਪ ਨਹੀਂ ਥੱਕਣਾ। ਜਿਸ ਵੇਲੇ ਮਸਾਲਾ ਦੇ ਕੇ ਕਾਜਾ ਕਰਦਾ ਹੈ ਮਾਲਿਕ, ਘੋੜੇ ਦਾ ਕਾਜਾ ਤਾਂ ਰੋਗ ਨਾਸ ਹੋ ਜਾਂਦਾ ਹੈ, ਪੱਠੇ ਬੜੇ ਖਾਂਦਾ, ਤੱਕੜਾ ਹੋ ਜਾਂਦਾ ਹੈ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਕ ਮਹਾਂ ਵਾਕ ਹੈ :

ਗੁਰੂ ਕੀ ਹੈ ? ਸਾਨੂੰ ਗੁਰੂ ਦਿੰਦਾ ਕੀ ਹੈ ? ਗੁਰੂ ਦੀ ਮਿਹਰਬਾਨੀ ਕੀ ਹੈ ? ਤੇ ਗਰੀਬ-ਨਿਵਾਜ਼ ਸਾਨੂੰ ਹੋਕਾ ਦੇ ਕੇ ਕਹਿੰਦੇ ਨੇ ਜਿਹੜਾ ਸਤਿਗੁਰੂ ਹੈ ਨਾ ਸੱਚੀ-ਮੁੱਚੀਂ ਦਾ ਸਤਿਗੁਰੂ, ਜਿਹੜਾ ਪੂਰਾ ਸਤਿਗੁਰੂ ਹੈ ਨਾ, ਉਸ ਦੀ ਗੱਲ ਕਰਦੇ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ। ਕਹਿੰਦੇ ਨੇ ਪਿਆਰਓ :

"ਮਿਰਤਕ ਕਉ ਪਾਇਓ ਤਨਿ ਸਾਸਾ"

ਜਿਹੜੇ ਆਤਮਕ ਮੌਤੇ ਮਰ ਚੁੱਕੇ ਸਨ ਨਾ, ਵਾਹਿਗੁਰੂ ਆਖਣਾ ਹੀ ਜਿਨ੍ਹਾਂ ਨੂੰ ਔਖਾ ਹੋ ਗਿਆ ਸੀ, ਜਿਨ੍ਹਾਂ ਦੀ ਆਤਮਿਕ ਤੌਰ ਤੇ ਮੌਤ ਹੋ ਚੁੱਕੀ ਸੀ, ਉਹਨਾਂ ਦੇ ਅੰਦਰ ਫਿਰ ਸਵਾਸ, ਜਾਨ ਪਾ ਦਿੱਤੀ। ਉਹਨਾਂ ਨੂੰ ਫਿਰ ਵਾਹਿਗੁਰੂ ਦੇ ਪੁਜਾਰੀ ਬਣਾ ਦਿੱਤਾ :

"ਮਿਰਤਕ ਕਉ ਪਾਇਓ ਤਨਿ ਸਾਸਾ
ਬਿਛੁਰਤ ਆਨਿ ਮਿਲਾਇਆ ॥" (ਪੰਨਾ ੬੧੪)

ਜਿਹੜੇ ਆਤਿਮਕ ਤੌਰ ਤੇ ਰੱਬ ਨਾਲੋਂ, ਵਾਹਿਗੁਰੂ ਨਾਲੋਂ ਵਿਛੜ ਗਏ ਸਨ। ਗੁਰੂ ਨੇ ਉਹਨਾਂ ਨੂੰ ਫਿਰ ਲਿਆ ਕੇ ਜੋੜ ਦਿੱਤਾ ਵਾਹਿਗੁਰੂ ਦੇ ਨਾਮ ਨਾਲ !

"ਪਸੂ ਪਰੇਤ ਮੁਗਧ ਭਏ ਸ੍ਰੋਤੇ"

ਜਿਹੜੇ ਪਸ਼ੂ ਬਿਰਤੀ ਬਣ ਗਏ ਸਨ, ਜਿਹੜੇ ਰਾਕਸ਼ਸ਼ ਬਿਰਤੀ ਬਣ ਗਏ ਸਨ, ਜਿਹੜੇ ਪ੍ਰੇਤ ਬਿਰਤੀ ਬਣ ਗਏ ਸਨ ਵਾਹਿਗੁਰੂ ਨੂੰ ਭੁਲਾ ਕੇ, ਸਤਿਗੁਰੂ ਨੇ ਐਸੀ ਰਹਿਮਤ ਕੀਤੀ, ਉਹਨਾਂ ਨੂੰ ਵਾਹਿਗੁਰੂ ਦਾ ਨਾਮ ਸੁਣਨ ਵਾਲੇ ਸ੍ਰੋਤੇ ਬਣਾ ਦਿੱਤਾ ;

"ਹਰਿ ਨਾਮਾ ਮੁਖਿ ਗਾਇਆ ॥"

ਉਹਨਾਂ ਨੂੰ ਵਾਹਿਗੁਰੂ ਦੇ ਨਾਮ ਦਾ ਕੀਰਤਨ ਕਰਨ ਵਾਲਾ ਕੀਰਤਨੀਆ ਬਣਾ ਦਿੱਤਾ। "ਰਹਾਉ" ਵਾਲੀ ਤੁੱਕ ਪੜ੍ਹੋ ਜ਼ਰਾ :

"ਪੂਰੇ ਗੁਰ ਕੀ ਦੇਖੁ ਵਡਾਈ ॥
ਤਾ ਕੀ ਕੀਮਤਿ ਕਹਣੁ ਨ ਜਾਈ ॥"

ਉਹ ਪੂਰਾ ਗੁਰੂ ਕੌਣ ਹੈ ?

"ਪ੍ਰਗਟੇ ਨਾਨਕ ਰਾਏ ਪਿਆਰੇ,
ਪ੍ਰਗਟੇ ਨਾਨਕ ਰਾਏ !
ਪ੍ਰਗਟੇ ਨਾਨਕ ਰਾਏ ਪਿਆਰੇ,

ਪ੍ਰਗਟੇ ਨਾਨਕ ਰਾਏ ।

ਮਾਨ ਸਿੰਘ ਝੌਰ ਜੀ ਦੱਸਦੇ ਹਨ "ਭਾਈ ਗੁਰਦਾਸ" ਗੁਰੂ ਕਾ ਭਗਤ ਭਾਈ ਗੁਰਦਾਸ । ਇਕ ਸ੍ਰੀ ਮਾਨ "ਕੈਪਟਨ ਪਿਆਰਾ ਸਿੰਘ" ਹੁੰਦੇ ਸਨ । ਕਿਤੇ-ਕਿਤੇ ਸਿੱਖੀ ਜਿਸ ਵੇਲੇ ਚਮਕਾਰਾ ਮਾਰਦੀ ਹੈ ਸੁਆਦ ਆ ਜਾਂਦਾ ਹੈ । ਦੋ ਲੜਕੇ ਉਹਨੇ ਵਿਆਹੇ । ਆਪ ਪੈਂਸ਼ਨਰ ਹੈ, ਕੈਪਟਨ ਪੈਂਸ਼ਨਰ, ਜੁਆਨ ਬੜਾ ਤੱਕੜਾ। ਔਰ ਜਿਸ ਵੇਲੇ ਰਿਸ਼ਤੇ ਹੋਣ ਲੱਗੇ ਨਾ ਦੋਹਾਂ ਕਾਕਿਆਂ ਦੇ ਤੇ ਉਠ ਕੇ ਹੱਥ ਜੋੜ ਕੇ ਖਲੋ ਗਿਆ ਤੇ ਕਹਿਣ ਲੱਗਾ, ਮਹਾਰਾਜ ਜੀ ! ਮੇਰੇ ਕੁੜਮ ਬਣਨ ਵਾਲਿਓ ਮੈਨੂੰ ਗਹਿਣਿਆਂ ਦੀ ਲੋੜ ਨਹੀਂ, ਪੈਸੇ ਦੀ ਲੋੜ ਨਹੀਂ । ਤੁਸੀਂ ਆਪਣੀਆਂ ਬੱਚੀਆਂ ਮੇਰੀ ਸਪੁਰਦਾਰੀ ਵਿੱਚ ਭੇਜਣ ਲੱਗੇ ਹੋ ਤੇ ਮੈਨੂੰ ਉਹ ਕੁੜੀਆਂ ਚਾਹੀਦੀਆਂ ਨੇ ਜਿੰਨ੍ਹਾਂ ਨੂੰ ਕੀਰਤਨ ਕਰਨਾ ਆਉਂਦਾ ਹੋਵੇ । ਜੇ ਤੁਸਾਂ ਅਜੇ ਨਹੀਂ ਸਿਖਾਇਆ ਤਾਂ ਜਾਉ ਦੋ-ਚਾਰ ਮਹੀਨੇ ਲਾ ਕੇ ਉਹਨਾਂ ਨੂੰ ਕੀਰਤਨ ਸਿਖਾ ਦਿਉ । ਫਿਰ ਵਿਆਹ ਕਰ ਲਵਾਂਗੇ ।

ਭਾਈ ਪਿਆਰਾ ਸਿੰਘ ਜੀ ਦੀ ਘਾਲਣਾ ਵਲ ਜ਼ਰਾ ਤੱਕਿਓ ! ਸਵੇਰੇ ਉਠਣਾ, ਨੂੰਹਾਂ, ਧੀਆਂ, ਘਰ ਵਾਲੀ, ਬੱਚੇ, ਇਕੱਠੇ ਕਰਨੇ ਤੇ "ਆਸਾ ਦੀ ਵਾਰ" ਦਾ ਪੂਰਾ ਕੀਰਤਨ ਘਰ ਕਰਨਾ । ਫਿਰ ਸਭ ਤੋਂ ਪਹਿਲਾਂ ਗੁਰਦੁਆਰੇ ਜਾਣਾ । ਉਹ ਮੈਨੂੰ ਗੁਰੂ ਤੇਗ ਬਹਾਦੁਰ ਸੱਚੇ ਪਾਤਸ਼ਾਹ ਦੇ ਪਰਬ ਤੇ ਲੈ ਗਏ ਜੈਪੁਰ । ਮਾਨ ਸਿੰਘ ਝੌਰ ਜੀ ਦੱਸਦੇ ਹਨ, ਜਦੋਂ ਚਾਰ ਦਿਨ ਕਥਾ ਹੋਈ ਤਾਂ ਚੌਥੇ ਪੰਜਵੇਂ ਦਿਨ ਇਕ ਧੋਤੀ ਬੱਧੀ ਹੋਈ, ਬੜੀ ਬਰੀਕ, ਰਾਜਪੂਤਾਨੇ ਦਾ ਤਿਲਕ ਲਾਇਆ, ਮੱਥਾ ਟੇਕ ਮੇਰੇ ਸਾਹਮਣੇ ਬੈਠ ਗਿਆ । ਤਿੰਨ ਦਿਨ ਕਥਾ ਸੁਣਦਾ ਰਿਹਾ, ਚੌਥੇ ਦਿਨ ਕਥਾ ਸੁਣ ਕੇ ਮੇਰੇ ਕੋਲ ਆ ਕੇ ਬੈਠ ਗਿਆ । ਕਹਿੰਦਾ ਗਿਆਨੀ ਜੀ, "ਸਤਿ ਸ੍ਰੀ ਅਕਾਲ।" ਮਾਨ ਸਿੰਘ ਝੌਰ ਜੀ ਉਹਨੂੰ ਕਹਿੰਦੇ ਤੁਸੀਂ ਤਾਂ ਪੰਜਾਬੀ ਹੋ ! ਕਹਿਣ ਲੱਗਾ, ਮੈਂ ਅੰਮ੍ਰਿਤਸਰ ਦਾ ਹਾਂ । ਮੈਂ ਬੀ. ਏ ਹਾਂ, ਮੈਂ ਬੈਰਾਗੀ ਹਾਂ, ਅਸੀਂ ਜੈਪੁਰ ਵਾਲਿਆਂ ਦੇ ਰਾਜਗੁਰੂ ਹਾਂ । ਔਰ ਮੈਂ ਤੁਹਾਡੇ ਕੋਲੋਂ ਕੁਝ ਲੈਣ ਆਇਆ ਹਾਂ । ਮੈਂ ਕਿਹਾ, "ਮਹੰਤ ਮਹਾਰਾਜ ਜੀ, ਕੀ ਲੈਣ ਆਏ ਹੋ ?" ਕਹਿਣ ਲੱਗਾ ਮੈਂ ਈਸ਼ਵਰ-ਭਗਤੀ ਦੀਆਂ ਬੜੀਆਂ ਕਿਤਾਬਾਂ ਪੜ੍ਹੀਆਂ ਹਨ, ਮੈਨੂੰ ਕੋਈ ਗੁਰੂ ਭਗਤੀ ਦੀ ਕਿਤਾਬ ਦੱਸੋ, ਜਿਸ ਵਿਚ ਗੁਰੂ ਦੀ ਭਗਤੀ ਲਿਖੀ ਹੋਵੇ । ਮੈਂ ਕਿਹਾ ਭਾਈ ਗੁਰਦਾਸ ਦੇ ਸਵੱਈਏ ਪੜ੍ਹਿਆ ਕਰੋ । ਅਗਲੇ ਵਰ੍ਹੇ ਮਾਨ ਸਿੰਘ ਝੌਰ ਜੀ ਕਹਿੰਦੇ ਮੈਂ ਫਿਰ ਗਿਆ ਸਾਂ ਉਥੇ ਗੁਰੂ ਤੇਗ ਬਹਾਦਰ ਦੇ ਪਰਬ੍ਹ ਤੇ ! ਤੇ ਦੋ-ਸੌ ਕਬਿੱਤ ਸਵੱਈਏ ਦਾ ਟੀਕਾ ਕੀਤਾ ਹੋਇਆ ਉਸ ਮਹੰਤ ਮੁੰਡੇ ਨੇ । ਕਹਿਣ ਲੱਗਾ, ਮੈਂ ਗੁਰੂ ਭਗਤੀ ਦੀ ਇਹੋ ਜਿਹੀ ਪੁਸਤਕ ਕਦੇ ਨਹੀਂ ਪੜ੍ਹੀ । ਇੰਨਾ ਗੁਰੂ ਦੇ ਚਰਨਾਂ ਤੋਂ ਵਿਕਿਆ ਹੋਇਆ, ਇੰਨਾ ਗੁਰੂ ਦੇ ਚਰਨਾਂ ਤੋਂ ਨਿਛਾਵਰ ਹੋਇਆ ਭਾਈ ਗੁਰਦਾਸ । ਉਹਦਾ ਇਕ ਬਚਨ ਸੁਣਾਉਣ ਲੱਗਾ ਹਾਂ ਕਿ ਜੇ ਸਿੱਖ ਗੁਰੂ ਦਾ ਬਣ ਜਾਵੇ, ਫਿਰ ਗੁਰੂ

ਉਹਦੇ ਨਾਲ ਕਿੰਨਾ ਕੁ ਪਿਆਰ ਕਰਦਾ ਹੈ, ਕਿੰਨਾ ਕੁਝ ਦਿੰਦਾ ਹੈ ਉਹਨੂੰ ! ਇਹ ਨੁਕਤਾ ਹੈ :

"ਪਾਣੀ ਕਾਠੁ ਨਾ ਡੋਬਈ ।"

ਅਰਥਾਤ ਜਿਹੜਾ ਪਾਣੀ ਹੈ ਉਹ ਲੱਕੜੀ ਨੂੰ ਕਦੇ ਨਹੀਂ ਡੋਬਦਾ । ਇਕ ਵਾਰ ਹੋਰ ਵੀ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਆਇਆ ਹੈ :

"ਆਪਨੜਾ ਪੁਤੁ ਪਾਲਿ ਨ ਨੀਰਿ ਡੁਬਾਇਆ ।

ਪਾਣੀ ਕਾਠੁ ਨ ਡੋਬਈ ।"

ਜਿਹੜਾ ਪਾਣੀ ਹੈ ਉਹ ਕਾਠ ਨੂੰ ਡੋਬਦਾ ਨਹੀਂ । ਲੱਕੜੀ ਪਾਣੀ ਵਿਚ ਗਰਕ ਹੁੰਦੀ ਹੀ ਨਹੀਂ । ਇਕ ਸਿੱਖ ਉਠ ਕੇ ਕਹਿਣ ਲੱਗਾ, "ਭਾਈ ਜੀ, ਅਸੀਂ ਚੌਦਾਂ ਵਾਰਾਂ ਸੁਣ ਲਿਆ ਹੈ ਕਿ ਲੱਕੜੀ ਨਹੀਂ ਡੁਬਦੀ, ਨਹੀਂ ਡੁਬਦੀ, ਇਹ ਕੋਈ ਨਵੀਂ ਗੱਲ ਦੱਸੀ ਜੇ ?" ਤੇ ਭਾਈ ਸਾਹਿਬ ਠਰੰਮੇ ਵਾਲੇ ਸੀ । ਕਹਿਣ ਲੱਗੇ, ਮੇਰੇ ਕੋਲੋਂ ਇਹ ਪੁੱਛ ਭਈ ਕਾਠ ਨੂੰ ਪਾਣੀ ਕਿਉਂ ਨਹੀਂ ਡੋਬਦਾ ? ਕਹਿਣ ਲੱਗਾ, ਇਹ ਗੱਲ ਭਾਈ ਜੀ ਨਵੀਂ ਹੈ । ਤੁਸੀਂ ਮੈਨੂੰ ਇਹ ਦੱਸੋ ਕਿ ਪਾਣੀ ਲੱਕੜੀ ਨੂੰ ਕਿਉਂ ਨਹੀਂ ਡੋਬਦਾ ? ਦੇਖੋ, ਸਵਾਲ ਹੁੰਦਾ ਹੈ ਛੋਟਾ ਜਿਹਾ ਔਰ ਜਵਾਬ ਦੇਣ ਲਈ ਤਿੰਨ ਸਫੇ ! ਲੇਕਿਨ ਭਾਈ ਗੁਰਦਾਸ ਜੀ ਜਵਾਬ ਦਿੰਦੇ ਨੇ :

"ਪਾਣੀ ਕਾਠੁ ਨ ਡੋਬਈ,

ਪਾਲੇ ਦੀ ਲਜੇ ।"

ਪਾਣੀ ਕਹਿੰਦਾ ਮੈਂ ਏਸ ਕਰਕੇ ਕਾਠ ਨਹੀਂ ਡੋਬਣਾ, ਮੈਨੂੰ ਲੱਜਾ ਹੈ ਕਿਉਂਕਿ ਮੈਂ ਇਸ ਨੂੰ ਪੁੱਤ ਬਣਾ ਕੇ ਪਾਲਿਆ ਹੈ । ਮੈਂ ਇਹਦੀਆਂ ਜੜ੍ਹਾਂ ਵਿਚ ਪ੍ਰਵੇਸ਼ ਕਰਕੇ, ਟਾਹਣੀਆਂ ਵਿਚ ਪ੍ਰਵੇਸ਼ ਕਰਕੇ, ਮੁੱਢ ਵਿਚ ਪ੍ਰਵੇਸ਼ ਕਰਕੇ, ਛਿਲਕੇ ਵਿਚ ਪ੍ਰਵੇਸ਼ ਕਰਕੇ, ਲੋਰੀਆਂ ਦੇ-ਦੇ ਕੇ ਇਸ ਨੂੰ ਮੈਂ ਪਾਲਿਆ ਹੈ । ਇਹੋ ਜਿਹਾ ਕੋਈ ਬੇਵਕੂਫ ਪਿਉ ਹੈ ਭਈ ਜਿਹੜਾ ਪੁੱਤ ਨੂੰ ਮਲਾਈਆਂ ਖਵਾ ਲਵੇ, ਸ਼ਹਿਦ ਖਵਾ ਲਵੇ, ਦੁੱਧ ਪਿਲਾ ਲਵੇ, ਤੇ ਫਿਰ ਜਦੋਂ ਜੁਆਨ ਹੋ ਜਾਏ ਪੰਝੀਆਂ ਵਰ੍ਹਿਆਂ ਦਾ, ਫਿਰ ਗਲਾ ਘੁੱਟ ਕੇ ਮਾਰ ਦੇਵੇ, ਐਸਾ ਹੈ ਕੋਈ ਬਾਪ ! ਮੈਂ ਨਹੀਂ ਇਸ ਨੂੰ ਡੋਬਣਾ, ਮੇਰਾ ਪੁੱਤ ਜੋ ਹੋਇਆ !

"ਪਾਣੀ ਕਾਠ ਨ ਡੋਬਈ,

ਪਾਲੇ ਦੀ ਲਜੇ ।"

ਲੱਕੜੀ ਦੇ ਸਿਰ ਤੇ ਆਉਂਦਾ ਹੈ "ਆਰਾ ।" ਉਹਦੇ ਨਾਲੋਂ ਚੀਰ ਕੇ ਹੋ ਜਾਂਦੀ ਹੈ ਟੁਕੜੇ । ਉਹਦੇ ਟੁਕੜੇ ਲਗਦੇ ਨੇ ਫਿਰ ਜਹਾਜ਼ ਨਾਲ ਤੇ ਜ਼ਹਾਜ਼ ਜਦੋਂ ਮੁਕੰਮਲ ਹੋ ਜਾਂਦਾ ਹੈ । ਆਪਣੇ ਸਿਰ ਤੇ ਆਰਾ ਧਰਵਾ ਕੇ ਕਾਠ, ਆਪਣੇ ਟੁਕੜੇ ਕਰਵਾ ਕੇ ਜ਼ਹਾਜ਼ ਬਣਾ ਕੇ, ਤੇ ਫਿਰ ਆਪਣੇ ਪਿਉ ਪਾਣੀ ਦੇ ਸਿਰ ਤੇ ਚੜ੍ਹ ਕੇ ਦੌੜਦਾ ਹੈ । ਪਰ ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਬਾਪ ਨੇ ਸਭ ਕੁਝ

ਵੇਖਿਆ, ਜਰਿਆ, ਭਈ ਪੁੱਤਰ ਮੇਰੇ ਸਿਰ ਤੇ ਚੜ੍ਹ ਕੇ ਦੌੜਿਆ, ਮੇਰੀ ਪੱਗ ਲਾਹ ਸੁੱਟੀ ਹੈ, ਮੈਨੂੰ ਚੀਰ ਦਿੱਤਾ ਹੈ, ਮੇਰੀ ਇਜ਼ਤ ਲਾਹ ਦਿੱਤੀ, ਬੁਰਾ ਨਹੀਂ ਮਨਾਇਆ। ਪੁੱਤ ਭਾਵੇਂ ਕੁਪੱਤ ਹੋ ਜਾਵੇ, ਪਰ ਮਾਪੇ ਕਦੇ ਕੁਮਾਪੇ ਨਹੀਂ ਹੋਏ। ਜਿਹੜਾ ਜਹਾਜ਼ ਹੈ ਮੋਟੀਆਂ ਪਲੇਟਾਂ ਨਾਲ ਜੁੜਿਆ ਹੋਇਆ ਹੈ ਤੇ ਭਾਰ ਨਾਲ ਲੱਦਿਆ ਹੋਇਆ ਹੈ, ਪੱਥਰ ਜਹਾਜ਼ ਵਿਚ, ਲੋਹਾ ਜਹਾਜ਼ ਵਿਚ, ਹਾਥੀ ਜਹਾਜ਼ ਵਿਚ, ਊਠ ਜਹਾਜ਼ ਵਿਚ, ਇਨਸਾਨ ਜਹਾਜ਼ ਵਿਚ ਤੇ ਹੈਵਾਨ ਵੀ ਜਹਾਜ਼ ਵਿਚ ! ਜਹਾਜ਼ ਭਾਰ ਨੂੰ ਤਿਆਗਦਾ ਤੇ ਪਾਨੀ ਜਹਾਜ਼ ਨੂੰ ਨਹੀਂ ਡੋਬਦਾ। ਕਹਿਣ ਲੱਗਾ, "ਪੁੱਤ ! ਵੈਸੇ ਤੇ ਮੈਂ ਲੋਹੇ ਨੂੰ ਡੋਬ ਦੇਣਾ ਹਾਂ ਪਰ ਇਸ ਨੇ ਅੱਜ ਤੇਰਾ ਲੜ ਫੜਿਆ ਹੋਇਆ ਹੈ, ਅੱਜ ਮੈਂ ਨਹੀਂ ਡੋਬਣਾ !" ਬੱਚੂ, ਵੈਸੇ ਤੇ ਮੈਂ ਪੱਥਰ ਡੋਬ ਦਿੰਦਾ ਹਾਂ ਪਰ ਅੱਜ ਇਹਨੇ ਤੇਰਾ ਆਸਰਾ ਲਿਆ ਹੋਇਆ ਹੈ, ਮੈਂ ਨਹੀਂ ਡੋਬਣਾ। ਤੈਨੂੰ ਲਾਜ ਲੱਗੇਗੀ, ਮੇਰਾ ਪੁੱਤ ਜੋ ਹੋਇਆ। ਜਿੰਨ੍ਹੇ-ਜਿੰਨ੍ਹੇ ਤੇਰਾ ਆਸਟਾ ਲਿਆ, ਉਹਨੂੰ ਮੈਂ ਪਾਰ ਕਰ ਦੇਣਾ !

"ਲੋਹੇ ਜੜੀਐ ਬੋਹਿਥਾ,
ਭਾਰਿ ਭਰੇ ਨ ਭਜੈ,
ਪੇਟੈ ਅੰਦਰਿ ਅਗਿ ਰਖਿ
ਤਿਸੁ ਪੜਦਾ ਕਜੇ।"

ਲੱਕੜੀ ਵਿਚ ਵੀ ਅੱਗ ਹੈ ਤੇ ਸਮੁੰਦਰ ਵਿਚ ਵੀ ਅੱਗ ਹੈ। ਕਰੋੜਾਂ ਟਨ ਪਾਨੀ ਰੋਜ਼ ਸਮੁੰਦਰ ਵਿਚ ਸੜ ਜਾਂਦਾ ਹੈ ਤੇ ਜਿਥੇ ਦੋ ਅਗਨੀਆਂ ਮਿਲ ਜਾਣ ਤਾਂ ਉਥੇ ਭਾਂਬੜ ਮੱਚਣਾ ਚਾਹੀਦਾ ਹੈ ਕਿ ਨਹੀਂ ? ਉਥੇ ਲਾਟਾਂ ਨਿਕਲਣੀਆਂ ਚਾਹੀਦੀਆਂ ਹੈਂ ਕਿ ਨਹੀਂ ? ਇਹ "ਭਾਈ ਗੁਰਦਾਸ" ਦੀ ਚੁੱਭੀ ਹੈ ਭਈ ਪਾਨੀ ਆਪਣੇ ਵਿਚ ਅੱਗ ਰੱਖਦਾ ਹੋਇਆ ਆਪ ਤੇ ਭਾਵੇਂ ਕਈ ਟਨ ਰੋਜ਼ ਸੜ ਜਾਏ ਪਰ ਆਪਣੇ ਪੁੱਤ ਕਾਠ ਨੂੰ ਤੱਤੀ ਵਾਅ ਨਹੀਂ ਲੱਗਣ ਦਿੰਦਾ। ਇਕ ਸਿੱਖ ਉਠ ਕੇ ਖਲੋ ਗਿਆ, ਕਹਿਣ ਲੱਗਾ ਭਾਈ ਜੀ ਕੀ ਆਖਦੇ ਹੋ ? ਕੀ ਕਾਠ ਪੁੱਤਰ ਹੈ ? ਭਾਈ ਜੀ ਕਹਿੰਦੇ, "ਹਾਂ।" ਕੀ ਆਖਦੇ ਹੋ, ਪਾਨੀ ਪਿਉ ਹੈ ? ਭਾਈ ਸਾਹਿਬ ਫਿਰ ਕਹਿੰਦੇ, "ਹਾਂ।" ਸਿੱਖ ਖਿੜ-ਖਿੜਾ ਕੇ ਹੱਸਣ ਲੱਗ ਪਿਆ ਕਿ ਚੰਗਾ ਪਿਉ ਬਣਾਇਆ ਈ ! ਸਿੱਖ ਫਿਰ ਕਹਿੰਦਾ, ਚੰਦਨ ਕਿਉਂ ਡੁੱਬਦਾ ਹੈ ਪਾਨੀ ਵਿੱਚ ? ਜੇ ਅਸਲੀ ਹੈ ਤਾਂ ਪਾਨੀ ਵਿਚ ਡੁੱਬ ਜਾਏਗਾ। ਔਰ ਜੇ ਨਕਲੀ ਹੈ ਤਾਂ ਨਹੀਂ ਡੁੱਬੇਗਾ, ਇਹ ਚੰਦਨ ਦੀ ਪਹਿਚਾਣ ਹੈ। ਭਾਈ ਸਾਹਿਬ ਕਹਿੰਦੇ ਮੇਰੇ ਕੋਲੋਂ ਪੁੱਛ ਪਾਨੀ ਚੰਦਨ ਨੂੰ ਕਿਉਂ ਡੋਬਦਾ ਹੈ ?

"ਅਗਰੈ ਡੋਬੈ ਜਾਣਿ ਕੈ"

ਭਾਈ ਸਾਹਿਬ ਕਹਿੰਦੇ, ਪਾਨੀ ਚੰਦਨ ਨੂੰ ਜਾਣ ਕੇ ਡੋਬਦਾ ਹੈ, ਇਰਾਦਤਨ ਡੋਬਦਾ ਹੈ, ਭਈ ਹੋਰ ਲੱਕੜੀਆਂ ਤੇ ਭਾਵੇਂ ਤਰ ਜਾਣ, ਮੈਂ ਚੰਦਨ ਨਹੀਂ ਤਰਨ

ਦੇਣਾ। ਉਹ ਕਹਿੰਦਾ,"ਕੀ ਲਾਇਕ ਪੁੱਤ ਨਾਲ ਇੰਨੀ ਦੁਸ਼ਮਣੀ ?" ਇਸ ਵਿਚ ਵਿਸ਼ੇਸ਼ਤਾ ਕੀ ਹੈ ? ਭਾਈ ਸਾਹਿਬ ਕਹਿੰਦੇ ਚੰਦਨ ਦੇ ਆਏ ਵਪਾਰੀ, ਟੁਕੜਾ ਵੇਖਿਆ, ਪਸੰਦ ਆ ਗਿਆ ਤੇ ਦੁਕਾਨਦਾਰ ਨੂੰ ਕਹਿਣ ਲੱਗੇ ਕਿ ਪਾਣੀ ਵਿਚ ਪਾ ਕੇ ਵੇਖ ਲਈਏ ਕਿ ਡੁੱਬਦਾ ਹੈ ਕਿ ਨਹੀਂ। ਦੁਕਾਨਦਾਰ ਕਹਿੰਦਾ ਪੰਜੀ ਵੇਰਾਂ ਭਾਵੇਂ ਵੇਖੋ। ਮੇਰਾ ਚੰਦਨ ਸੱਚਾ ਹੈ। ਟੱਬ ਲੈ ਆਂਦਾ ਪਾਣੀ ਦਾ ਭਰਿਆ ਹੋਇਆ। ਜਿਸ ਵੇਲੇ ਚੰਦਨ ਦਾ ਟੁਕੜਾ ਪਾਇਆ ਪਾਣੀ ਵਿਚ ਤਾਂ ਭਾਈ ਗੁਰਦਾਸ ਜੀ ਕਹਿੰਦੇ ਪਾਣੀ ਸੋਚੀਂ ਪੈ ਗਿਆ। ਭਈ ਅੱਜ ਜੇ ਮੈਂ ਚੰਦਨ ਨੂੰ ਨਾ ਡੋਬਿਆ, ਆਪਣੇ ਪੁੱਤ ਨੂੰ ਅੱਜ ਮੈਂ ਗਰਕ ਨਾ ਕੀਤਾ ਤੇ ਸਾਰੇ ਲੰਡਨ ਵਿੱਚ ਹੋਇ-ਹੋਇ ਹੋ ਜਾਣੀ ਹੈ ਕਿ ਚੰਦਨ ਝੂਠਾ ਹੈ, ਚੰਦਨ ਬਨਾਵਟੀ ਹੈ, ਚੰਦਨ ਧੋਖੇਬਾਜ਼ ਹੈ। ਜੇ ਮੇਰਾ ਪੁੱਤ ਝੂਠਾ ਸਾਬਿਤ ਹੋ ਗਿਆ, ਇਹਦੇ ਕੋਲੇ ਫੂਕ ਦੇਣੇ ਲੋਕਾਂ, ਫੂਕ ਦੇਣਾ ਲੋਕਾਂ, ਸੁਨਿਆਰੇ ਸਾੜ ਦੇਣਾ ਇਸ ਨੂੰ, ਲੁਹਾਰਾਂ ਜਲਾ ਦੇਣਾ ਏ ! ਜੇ ਕਿਤੇ ਗੈਸ ਪਲਾਂਟ ਵਾਲਿਆਂ ਦੇ ਕਾਬੂ ਆ ਜਾਏ ਪਤਾ ਨਹੀਂ ਇਹਨਾਂ ਕੋਲਿਆਂ ਦੀ ਸਵਾਹ ਕਿਹੜੇ ਸੂਬੇ ਵਿਚ ਜਾ ਕੇ ਸੁੱਟ ਕੇ ਬਰਬਾਦ ਕਰ ਦੇਣਾ ਹੈ। ਮੇਰੇ ਪੁੱਤਰ ਦਾ ਬੜਾ ਨਿਰਾਦਰ ਹੋਵੇਗਾ। ਭਾਈ ਗੁਰਦਾਸ ਜੀ ਕਹਿੰਦੇ, ਪਾਣੀ ਚੰਦਨ ਨੂੰ ਜਾਣ ਕੇ ਡੋਬਦਾ ਹੈ ਭਈ ਇਸ ਦੀ ਕੀਮਤ ਵੱਧ ਜਾਏ, ਇਸ ਦਾ ਦਰ ਵੱਧ ਜਾਏ, ਇਸ ਦੀ ਸ਼ਾਨ ਵੱਧ ਜਾਏ। ਭਾਈ ਸਾਹਿਬ ਕਹਿੰਦੇ, ਮੇਰਾ ਗੁਰੂ ਪਾਣੀ ਵਰਗਾ। ਪਹਿਲੀ ਗੱਲ ਤਾਂ ਇਹ ਹੈ ਕਿ ਜਿਵੇਂ ਮੇਰਾ ਗੁਰੂ ਪਾਣੀ ਲੱਕੜੀ ਨੂੰ ਡੁੱਬਣ ਨਹੀਂ ਦਿੰਦਾ। ਇਸ ਤਰ੍ਹਾਂ ਸਿੱਖ ਨੂੰ ਗੁਰੂ ਡੁੱਬਣ ਹੀ ਨਹੀਂ ਦਿੰਦਾ। ਮਰਦਾਨੇ ਨੂੰ ਡੁੱਬਣ ਨਹੀਂ ਦਿੱਤਾ। ਜੇ ਸਿੱਖ ਬਣ ਗਿਆ ਕੰਬਲੀਆਂ ਤਾਂ ਸਰਕਾਰ ਨੇ ਡੁੱਬਣ ਨਹੀਂ ਦਿੱਤਾ। ਜੇ ਸਿੱਖ ਬਣ ਗਿਆ "ਬਿਧੀ ਚੰਦ" ਘੋੜੇ ਲੈ ਕੇ ਆਇਆ, ਛਾਲ ਮਾਰ ਦਿੱਤੀ ਤਾਂ ਸਰਕਾਰ ਨੇ ਡੁੱਬਣ ਨਹੀਂ ਦਿੱਤਾ। ਜੇ "ਭਾਈ ਜੇਠਾ" ਪੁਰਾਨ ਸੰਗਲੀ ਪੋਥੀ ਲੈਣ ਵਾਸਤੇ ਸੰਗਲਾ ਲੈ ਕੇ ਆਇਆ ਤਾਂ ਉਸ ਨੂੰ ਡੁੱਬਣ ਨਹੀਂ ਦਿੱਤਾ। ਜਿਵੇਂ ਪਾਣੀ ਕਾਠ ਨੂੰ ਡੁੱਬਣ ਨਹੀਂ ਦਿੰਦਾ, ਉਸੇ ਤਰਾਂ ਗੁਰੂ ਆਪਣੇ ਲੜ ਲੱਗੇ ਸਿੱਖ ਨੂੰ ਡੁੱਬਣ ਨਹੀਂ ਦਿੰਦਾ। ਫਿਰ ਸਿੱਖ ਸਵਾਲ ਕਰਦਾ ਹੈ, ਲੋਕਾਂ ਦੇ ਲੱਖਾਂ ਪੁੱਤ ਬਚਾਉਣ ਵਾਲੇ ਨੇ, ਆਪਣੇ ਦੋ ਨੀਂਹਾਂ ਵਿਚ ਕਿਉਂ ਚੁਣਵਾ ਲਏ ? "ਚਮਕੌਰ" ਦੇ ਜੰਗ ਵਿੱਚ ਜਾਣ ਕੇ ਦੋ ਸ਼ਹੀਦ ਕਰਵਾਏ ਨੇ ਕਿ ਮੇਰੇ ਚੰਦਨ ਦਾ ਮੁੱਲ ਵੱਧ ਜਾਏ, ਮੇਰੇ ਚੰਦਨ ਦਾ ਦੱਰ ਵੱਧ ਜਾਵੇ, ਮੇਰੇ ਚੰਦਨ ਦੀ ਸ਼ਾਨ ਵੱਧ ਜਾਏ। ਦੋ ਨੀਹਾਂ ਵਿੱਚ ਜਾਣ ਕੇ ਚੁਣਵਾਏ ਨੇ ਤਾਂਕਿ ਲੋਕੀਂ ਇਹ ਨਾ ਆਖਣ ਕਿ ਲੋਕਾਂ ਦੇ ਸ਼ਹੀਦ ਕਰਵਾ ਲਏ ਨੇ ਤੇ ਆਪਣੇ ਬਚਾ ਲਏ ਨੇ। ਇਹ ਹੈ ਗੁਰੂ ਨਾਨਕ-ਨਿਰੰਕਾਰੀ! ਪਰ ਅੱਜ-ਕੱਲ ਤਾਂ ਰੌਲਾ ਹੀ ਹੈ ਹੱਕਾਂ ਦਾ ! "ਜਗਜੀਵਨ ਰਾਮ" ਕਹਿੰਦਾ ਹੈ ਸਾਡੇ ਹੱਕ ਮਾਰੇ ਗਏ ਨੇ, ਚੰਦਰ ਸ਼ੇਖਰ ਕਹਿੰਦਾ ਹੈ ਸਾਡੇ ਹੱਕ ਮਾਰੇ ਗਏ ਨੇ, ਅਕਾਲੀ ਕਹਿੰਦਾ ਹੈ ਸਾਡੇ ਹੱਕ ਮਾਰੇ ਗਏ ਨੇ, ਹਰੀਜਨ ਜਿਹੜੇ, ਨੇ ਉਹ ਕਹਿੰਦੇ ਨੇ ਸਾਡੇ ਹੱਕ

ਮਾਰੇ ਗਏ ਨੇ :

"ਪ੍ਰਗਟੇ ਨਾਨਕ ਰਾਏ ਪਿਆਰੇ,
ਪ੍ਰਗਟੇ ਨਾਨਕ ਰਾਏ ।
ਪ੍ਰਗਟੇ ਨਾਨਕ ਰਾਏ ਪਿਆਰੇ,
ਪ੍ਰਗਟੇ ਨਾਨਕ ਰਾਏ ।"

ਸੋ ਗੁਰਸਿੱਖੋ ! ਇਕ ਵਾਰੀ ਮੌਲਵੀ ਜੀ ਨੇ ਜੁੰਮੇ ਵਾਲੇ ਦਿਨ ਨਮਾਜ਼ ਪੜ੍ਹੀ। ਉਸ ਵਿਚ ਤੁੱਕ ਬੋਲੀ ਮੱਤ ਪੜ੍ਹੋ ਨਮਾਜ਼, ਤਾਂ ਇਕ ਮੁਸਲਮਾਨ ਉਠ ਕੇ ਚਲਾ ਗਿਆ । ਬਾਕੀ ਮੁਸਲਮਾਨਾਂ ਨੇ ਕਿਹਾ ਕਿ ਇਕ ਮੁਸਲਮਾਨ ਨੇ ਨਮਾਜ਼ ਪੜ੍ਹਨੀ ਛੱਡ ਦਿੱਤੀ ਹੈ, ਕਿਉਂਕਿ ਤੁਸੀਂ ਕਿਹਾ ਸੀ :

"ਨਮਾਜ਼ ਮੱਤ ਪੜ੍ਹੋ !"

ਮੌਲਵੀ ਜੀ ਕਹਿਣ ਲੱਗੇ, "ਮੁਸਲਮਾਨ ਤੂੰ ਕਿਉਂ ਨਮਾਜ਼ ਪੜ੍ਹਨੀ ਬੰਦ ਕਰ ਦਿੱਤੀ ਹੈ ?" ਤਾਂ ਮੁਸਲਮਾਨ ਕਹਿਣ ਲੱਗਾ ਤੁਸੀਂ ਖੁਦ ਹੀ ਕਿਹਾ ਸੀ :

"ਮੋਮਨੋ, ਮੱਤ ਪੜ੍ਹੋ ਨਮਾਜ਼ !"

ਤੇ ਮੌਲਵੀ ਜੀ ਕਹਿਣ ਲੱਗੇ, ਜਿਹੜਾ ਮੁਤਅਲਕਾ ਲਫਜ਼ ਹੈ ਨਾ, ਉਹ ਨਹੀਂ ਨਾ ਤੂੰ ਸੁਣਿਆ । ਤੈਨੂੰ ਭੁਲੇਖਾ ਪੈ ਗਿਆ, ਮੈਂ ਕਹਿ ਰਿਹਾ ਸਾਂ !

"ਮੋਮਨੋ, ਮੱਤ ਪੜ੍ਹੋ ਨਮਾਜ਼,
ਬਗੈਰ ਉਜ਼ੂ ਕੀਏ ।

ਮੌਲਵੀ ਜੀ ਕਹਿੰਦੇ ਤੂੰ ਇਹ ਪੂਰਾ ਸੁਣਿਆ ਨਹੀਂ । ਇਸ ਦਾ ਅਰਥ ਤੂੰ ਗਲਤ ਲਾਇਆ ਹੈ ! ਨਮਾਜ਼ ਪੜ੍ਹਨੀ ਬਹੁਤ ਜ਼ਰੂਰੀ ਹੈ । ਜਿਸ ਤਰ੍ਹਾਂ ਪਾਣੀ ਕਾਠ ਨੂੰ ਡੁੱਬਣ ਤੋਂ ਬਚਾਉਂਦਾ ਹੈ, ਉਸੇ ਤਰ੍ਹਾਂ ਗੁਰੂ ਵੀ ਸਿੱਖ ਨੂੰ ਆਪਣੇ ਨਾਲ ਰੱਖਦਾ ਹੈ, ਜੇ ਉਹ ਬਾਣੀ ਨਾਲ ਜੁੜਿਆ ਰਹੇ !

ਸੋ ਗੁਰਸਿੱਖੋ, ਜਿੰਨੇ ਵੀ ਤੁਸੀਂ ਆਏ ਹੋ, ਸਾਰੇ ਕੋਸ਼ਿਸ਼ ਕਰੋ ਕਿ ਤੁਸੀਂ ਵੀ ਬਾਣੀ ਨਾਲ ਇਸ ਤਰ੍ਹਾਂ ਜੁੜ ਜਾਉ ਕਿ ਗੁਰੂ ਵੀ ਤੁਹਾਨੂੰ ਆਪਣੇ ਤੋਂ ਦੂਰ ਨਾ ਕਰੇ । ਜਿਸ ਤਰ੍ਹਾਂ ਪਾਣੀ ਕਾਠ ਨੂੰ ਬਚਾਉਂਦਾ ਹੈ, ਉਸੇ ਤਰ੍ਹਾਂ ਗੁਰੂ ਵੀ ਸਿੱਖ ਨੂੰ ਆਪਣੇ ਨਾਲ ਜੋੜੀ ਰੱਖਦਾ ਹੈ ।

ooo

ਭਲਾ ਕਰਨਾ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇਕ ਐਸੀ ਬਾਣੀ ਹੈ ਜਿਸ ਵਿਚ ਆਦਿ ਤੋਂ ਅੰਤ ਤਕ ਸਿਰਫ "ਨਾਮ" ਦੀ ਹੀ ਚਰਚਾ ਹੈ। ਇਸ ਵਿਚ ਕਿਸੇ ਰਾਜੇ ਮਹਾਰਾਜੇ ਦੀ ਚਰਚਾ ਨਹੀਂ। ਪਰ ਅੱਜ ਅਸੀ ਗਿ: ਮਾਨ ਸਿੰਘ ਝੌਰ ਜੀ ਕੋਲੋਂ "ਸ੍ਰਿੰਗੀ ਰਿਖੀ" ਦੀ ਕਥਾ ਸੁਣਾਂਗੇ। ਇਹ ਉਹ ਸੀ ਜਿਸ ਨੂੰ ਜਨਾਨੀ ਦੀ ਸ਼ਕਲ ਦਾ ਨਹੀ ਸੀ ਪਤਾ।

"ਸ੍ਰਿੰਗੀ ਰਿਖੀ" ਰੋਜ਼ ਸਮਾਧੀ ਵਿਚ ਬੈਠ ਜਾਂਦਾ ਸੀ, ਤੇ ਓਧਰ ਵੇਸਵਾਵਾਂ ਫਿਰ ਤਲਾਬ ਵਿਚ ਆ ਗਈਆਂ। ਅੱਜ ਦੂਜਾ ਦਿਨ ਸੀ ਤੇ ਉਹਨਾਂ ਵੇਖਿਆ ਮੋਟੇ-ਮੋਟੇ ਲੱਡੂ, ਸੋਹਣੇ ਗੁਲਾਬ ਜਾਮੁਨ, ਇੱਡੇ-ਇੱਡੇ ਮੋਟੇ ਰੱਸਗੁਲੇ, ਸੋਹਣੀ ਮਠਿਆਈ, ਬੜੇ-ਬੜੇ ਤਰ੍ਹਾਂ ਦੇ ਪਕਵਾਨ, ਬਰਫੀਆਂ, ਕਲਾਕੰਦ ਲਿਆ ਕੇ ਤੇ ਦਰੱਖਤਾਂ ਦੀਆਂ ਸ਼ਾਖਾਂ ਨਾਲ ਗੁੱਛੇ ਬਣਾ ਕੇ ਬੰਨ੍ਹ ਦਿੱਤੇ। ਫਿਰ ਉਹ ਕੱਲ੍ਹ ਵਾਂਗੂੰ ਨੱਚਣ ਲੱਗ ਪਈਆਂ, ਕੱਲ ਵਾਂਗੂੰ ਉਸੇ ਤਰ੍ਹਾਂ ਫਿਰ ਲੱਗ ਪਈਆਂ ਟੱਪੇ ਗਾਉਣ, ਅੱਜ ਫਿਰ ਉਸੇ ਵਾਂਗ ਲੱਗ ਪਈਆਂ ਦੌੜਨ-ਭੱਜਣ। ਇੰਨੇ ਵਿੱਚ "ਸ੍ਰਿੰਗੀ ਰਿਖੀ" ਦੀ ਸਮਾਧੀ ਟੁੱਟੀ ਤੇ ਉਹਨੇ ਜਿਸ ਵੇਲੇ ਦੇਵਤਿਆਂ ਵੱਲ ਵੇਖਿਆ ਨਾ ਵੇਸਵਾਵਾਂ, ਭਈ ਅੱਜ ਖਲੋਤਾ ਨਹੀਂ ਰਿਹਾ, ਅੱਜ ਉਹਨਾਂ ਦੇ ਨਾਲ ਹੀ ਨੱਚਣ ਲੱਗ ਪਿਆ। ਗੁਰਮੁਖੋ! ਇਹ ਜਿਹੜੀਆਂ ਪੁਰਾਣੀਆਂ ਕਥਾਵਾਂ ਸਾਡੇ ਗ੍ਰੰਥਾਂ ਵਿਚ ਮਹਾਂਪੁਰਖ ਲੁਕਾ ਕੇ ਰੱਖ ਗਏ ਨੇ, ਇਹ ਕੁਝ ਦਿੰਦੀਆਂ ਨੇ ਸਾਨੂੰ। "ਸ੍ਰਿੰਗੀ ਰਿਖੀ" ਜਿਸ ਨੂੰ ਜਨਾਨੀ ਦੀ ਸ਼ਕਲ ਦਾ ਨਹੀਂ ਸੀ ਪਤਾ, ਉਹਨਾਂ ਦੇ ਨਾਲ ਨੱਚਣ ਲਗ ਪਿਆ, ਵੇਸਵਾਵਾਂ ਦੇ। ਜਿਸ ਵੇਲੇ ਉਹਨਾਂ ਦਾ ਪਾਟ ਅਦਾ ਹੋ ਗਿਆ ਨਾ ਵੇਸਵਾਵਾਂ ਦਾ, ਉਹਨਾਂ ਨੇ ਸਾਜ ਸਮੇਟ ਕੇ ਘਰ ਜਾਣਾ ਹੀ ਸੀ ਤੇ ਸੱਧਰ ਭਰੀਆਂ ਨਜ਼ਰਾਂ ਨਾਲ ਵੇਖਦਾ ਰਿਹਾ, ਵੇਖਦਾ ਰਿਹਾ। ਆਖਿਰ ਉਹ ਅਲੋਪ ਹੋ ਗਈਆਂ। ਨਿੰਮੋਝੂਣਾ ਜਿਹਾ ਹੋ ਕੇ ਹਾਵੇ-ਹੌਕੇ ਭਰਨ ਲੱਗ ਪਿਆ। ਪ੍ਰਿਉ ਨੇ ਆਖਿਆ, ਸ੍ਰਿੰਗੀ ਰਿਖੀ ਕੱਲ ਤੂੰ ਮੰਨਦਾ ਨਹੀਂ ਸੀ, ਅੱਜ ਤੈਨੂੰ ਜਿਉਂਦੀ-ਜਾਗਦੀ ਕਰਾਮਾਤ ਦੱਸਾਂ! ਆਹ ਵੇਖ ਦਰੱਖਤਾਂ ਦੇ ਫਲ! ਇਹਨਾਂ ਦੇਵਤਿਆਂ ਦੇ "ਵੇਦ-ਮੰਤਰਾਂ" ਦੀ ਸ਼ਕਤੀ ਨਾਲ ਦਰੱਖਤਾਂ ਦੇ ਫੱਲ ਬਦਲ ਗਏ ਨੇ। ਉਹਨੇ ਕਿਹਾ ਐਵੇ ? ਜਿਸ ਵੇਲੇ ਸ੍ਰਿੰਗੀ ਰਿਖੀ

ਨੇ ਵੇਖਿਆ ਉਹ ਦਰੱਖਤ ਤੇ ਰਸਗੁੱਲੇ ਤੇ ਜਲੇਬੀਆਂ ਤੇ ਹੋਰ ਮਠਿਆਈਆਂ ਤੇ ਪਿਉ ਕਹਿਣ ਲੱਗਾ, "ਪੁੱਤ ! ਦਿਨ ਕੱਲ੍ਹ ਦਾ ਹੀ ਰਹਿ ਗਿਆ ਈ, ਕੱਲ੍ਹ ਨੂੰ ਹੀ ਉਹਨਾਂ ਫੇਰ ਆਉਣਾ ਈ !" ਜੇ ਬਚਣਾ ਈ ਤੇ ਸਵਾਹ ਕਰ ਦਈਂ ! "ਸ੍ਰਿੰਗੀ ਰਿਖੀ" ਦੇ ਅੰਦਰ ਐਹ ਗੱਲ ਪੱਕੀ ਬੱਝ ਗਈ ਕਿ ਪਿਉ ਸੜਦਾ ਹੈ, ਪਿਉ ਬਰਦਾਸ਼ਤ ਨਹੀਂ ਕਰਦਾ ਮੇਰੀ ਕਾਮਯਾਬੀ । ਦਿਨ ਬੀਤਿਆ, ਰਾਤ ਬੀਤੀ, ਤੀਸਰਾ ਦਿਨ ਹੋਇਆ। ਵੇਸਵਾਵਾਂ ਫਿਰ ਆ ਗਈਆਂ। ਉਸੇ ਤਰ੍ਹਾਂ ਨੱਚਣ ਗਾਉਣ ਲੱਗ ਪਈਆਂ, ਤਾਲ ਵੱਜਣ ਲੱਗ ਪਏ, "ਸ੍ਰਿੰਗੀ ਰਿਖੀ" ਨਾਲ ਨੱਚਣ ਲੱਗ ਪਿਆ। ਜਿਸ ਵੇਲੇ ਉਹ ਤੁਰਨ ਲੱਗੀਆਂ ਨਾ ਤਾਂ ਹੱਥ ਜੋੜ ਕੇ ਰਾਹ ਰੋਕ ਕੇ ਖਲੋ ਗਿਆ ਤੇ ਕਹਿਣ ਲੱਗਾ, ਵੇਸਵਾ ਜੀ, ਜਿਸ ਵੇਲੇ ਤੁਸੀਂ ਚਲੇ ਜਾਂਦੇ ਹੋ, ਬਾਅਦ ਵਿਚ ਆ ਜਾਂਦੇ ਨੇ ਪਿਤਾ ਜੀ ਤੇ ਉਹ ਮੈਨੂੰ ਤੁਹਾਡੇ ਵੇਦ ਨਹੀਂ ਸੁਣਨ ਦਿੰਦੇ, ਉਹ ਤੁਹਾਡੀ ਨ੍ਰਿਤਕਾਰੀ ਨਹੀਂ ਵੇਖਣ ਦਿੰਦੇ, ਬਹੁਤ ਗੁੱਸੇ ਹੁੰਦੇ ਹਨ ਤੇ ਮੈਂ ਤੁਹਾਡੇ ਕੋਲੋਂ ਝੋਲੀ ਅੱਡ ਕੇ ਖੈਰ ਮੰਗਦਾ ਹਾਂ ਕਿ ਵੇਸਵਾ ਜੀ, ਮੈਨੂੰ ਆਪਣੇ ਨਾਲ ਆਪਣੇ ਦੇਸ਼ ਲੈ ਚਲੋ ! ਮੈਂ ਇਥੇ ਰਹਿਣਾ ਈ ਨਹੀਂ ! ਕਿਤੇ ਬਾਪ-ਬੇਟੇ ਦੀ ਵਿਗੜ ਨਾ ਜਾਏ। ਮੈਨੂੰ ਆਪਣੇ ਨਾਲ ਹੀ ਲੈ ਚਲੋ । ਤੇ ਜਿਹੜੀ ਆਗੂ ਸੀ ਨਾ ਉਹਨਾਂ ਦੀ ਵੱਡੀ ਵੇਸਵਾ, ਉਹ ਕਹਿਣ ਲੱਗੀ ਤੇਰੇ ਵਰਗਾ ਸਾਡੇ ਦੇਸ਼ ਨਹੀਂ ਜਾ ਸਕਦਾ। ਜੇ ਸਾਡੇ ਦੇਸ਼ ਜਾਣਾ ਈ ਤਾਂ ਮੁੱਛਾਂ ਮੁਨਾ, ਦਾੜ੍ਹੀ ਮੁਨਾ, ਪੱਗ ਬੰਨ੍ਹ, ਇਕ ਵੇਸਵਾ ਦੇ ਕੰਧਾਰੇ ਉਤੇ ਚੜ੍ਹ, ਤੈਨੂੰ ਚੁੱਕ ਕੇ ਲੈ ਚਲੀਏ। ਜੇ ਜਾਣਾ ਈ ਤਾਂ ਤਿਆਰ ਹੋ ! "ਸ੍ਰਿੰਗੀ ਰਿਖੀ" ਸੋਚ ਸੋਚ ਕੇ ਕਹਿਣ ਲੱਗਾ, ਇਹ ਮੁੱਛਾਂ ਮੁਨਾਨੀਆਂ, ਇਹ ਦਾਹੜੀ ਮੁਨਾਨੀ ਇਹ ਕੰਮ ਤਾਂ ਨਾਈ ਦਾ ਹੈ । ਸੱਦੋ ਕਿਸੇ ਨੂੰ ਤਾਂ ਇਹ ਸਿਆਪਾ ਮੁਕਾਉ ਤੇ ਚੱਲੀਏ ਤੁਹਾਡੇ ਨਾਲ। ਕੇਸ ਮੁੰਨ ਦਿੱਤੇ, ਦਾਹੜੀ ਮੁੰਨ ਦਿੱਤੀ, ਪੱਗ ਬੰਨ੍ਹ ਦਿੱਤੀ ਤੇ ਇਕ ਵੇਸਵਾ ਨੇ ਕੰਧਾਰੇ ਚੁੱਕਿਆ। "ਲੋਮਪਾਤ" ਦੇ ਸ਼ਹਿਰ ਵਿਚ ਆਉਣ ਦੀ ਦੇਰ ਸੀ ਤੇ ਮੀਂਹ ਬੜਾ ਵਰ੍ਹਿਆ। ਸਾਰੇ ਦੇਸ਼ ਵਿਚ ਅੰਨ ਬੜਾ ਪੈਦਾ ਹੋਇਆ, ਪਰ ਸ੍ਰਿੰਗੀ ਰਿਖੀ ਦਾ ਖੁਰਾ-ਖੋਜ ਮਿਟਾ ਦਿੱਤਾ ਗਿਆ। ਇਕ ਵੇਸਵਾ ਨਾਲ ਉਸ ਦਾ ਵਿਆਹ ਹੋ ਗਿਆ। ਉਹਦੇ ਵਿਚੋਂ ਦੋ ਪੁੱਤਰ ਉਸ ਦੇ ਘਰ ਹੋਏ। ਜਿੰਨਾ ਕੀਤਾ ਹੋਇਆ ਜਪ-ਤਪ ਸੀ, ਉਹ ਮਿੱਟੀ ਵਿਚ ਮਿਲ ਗਿਆ। ਤੱਕੀਏ ਨੇ ਆਖਿਆ, "ਬਾਬਾ ਬੁੱਢਿਆ"

"ਕਾਮ, ਕ੍ਰੋਧ, ਅਹੰਕਾਰ ਦੱਖ,
ਇਹ ਸੰਜਮ ਕੌਣ ਛਕੋਰ।"

ਇਹ ਕਾਮ ਕ੍ਰੋਧ, ਲੋਭ, ਮੋਹ, ਹੰਕਾਰ ਬੜੇ ਔਖੇ, ਬੜੇ ਕਰੜੇ ਨੇ, ਪਰ ਤੇਰੇ ਲਾਗੇ ਇਹ ਨਹੀਂ ਫਟਕਦੇ ਨੇ ! ਕਿਸ ਤਰੀਕੇ ਨਾਲ ਤੇਰਾ ਛੁਟਕਾਰਾ ਹੋ ਗਿਆ!

"ਸੁਰਿ ਨਰ ਦੇਵ ਅਸੁਰ ਤ੍ਰੈ ਗੁਨੀਆ ਸਗਲੋ ਭਵਨੁ ਲੁਟਿਓ ਰੀ ॥"

ਜਿੰਨੇ ਰਾਕਸ਼, ਦੇਵਤੇ, ਰਿਸ਼ੀ ਮੁਨੀ, ਮਹਾਤਮਾ ਸਭ ਲੁੱਟ ਲਏ, ਸੰਸਾਰ ਲੁੱਟ

ਲਿਆ ਤੇ ਤੇਰਾ ਛੁਟਕਾਰਾ ਕਿਵੇਂ ਹੋ ਗਿਆ ਤੇ ਜਿਹੜਾ ਜਵਾਬ ਬਾਬੇ ਬੁੱਢੇ ਨੇ ਦਿੱਤਾ ਸੀ ਉਹ ਵੀ ਗੁਰੂ ਗ੍ਰੰਥ ਸਾਹਿਬ ਵਿਚ ਲਿਖਿਆ ਹੋਇਆ ਹੈ। ਬਾਬਾ ਬੁੱਢਾ ਕਹਿਣ ਲੱਗਾ, "ਤੱਕੀਆ ! ਤੂੰ ਸੱਚ ਕਹਿਨਾ ਏਂ ! ਐ ਤੱਕੀਆ, ਜਦੋਂ ਜੰਗਲ ਨੂੰ ਅੱਗ ਲਗ ਜਾਏ, ਘਾਹ ਭਾਵੇਂ ਸੁੱਕਾ ਹੋਵੇ ਤੇ ਭਾਵੇਂ ਹਰਾ ਸੜ ਜਾਂਦਾ ਹੈ, ਦਰੱਖਤ ਜਿਹੜੇ ਨੇ ਜਲ ਜਾਂਦੇ ਨੇ। ਜੀਵ-ਜੰਤੂ ਸੜ ਜਾਂਦੇ ਨੇ, ਜਦੋਂ ਜੰਗਲ ਨੂੰ ਅੱਗ ਲੱਗ ਜਾਏ।" ਪਰ ਤੱਕੀਆ ਕਹਿੰਦਾ ਹੈ, ਬਾਬਾ ਬੁੱਢਿਆ, ਜਿਹੜੇ ਕਿਸੇ ਬੂਟੇ ਉਤੇ ਮੇਰੇ ਵਾਹਿਗੁਰੂ ਦੀ ਕਿਰਪਾ ਹੋਵੇ ਨਾ ਤਾਂ ਉਹ ਉਸ ਭੜਕਦੀ, ਜਲਦੀ ਹੋਈ ਅੱਗ ਵਿਚ ਵੀ ਹਰਿਆ-ਭਰਿਆ ਰਹਿ ਜਾਂਦਾ ਹੈ। ਫਿਰ ਤੱਕੀਆ ਕਹਿੰਦਾ ਹੈ, "ਕਿਹੋ ਜਿਹਾ ਤੇਰਾ ਵਾਹਿਗੁਰੂ ? ਕਿਹੋ ਜਿਹਾ ਤੇਰਾ ਉਹ ਨਿਰੰਕਾਰ ? ਕਿੱਡਾ ਕੁ ਵੱਡਾ ਉਹ ਤੇਰਾ ਸਮਰਥ ਵਾਹਿਗੁਰੂ ਹੈ ?" ਤੇ ਅਗਲੀ ਤੁਕ ਵਿੱਚ ਉਸ ਦਾ ਜ਼ਿਕਰ ਕੀਤਾ ਹੋਇਆ ਬਾਬੇ ਬੁੱਢੇ ਨੇ ?

"ਬਰਨ ਨ ਜਾਕੋ ਐਸੋ ਸਮਰਥ ।
ਬਰਨ ਨ ਜਾਕੋ ਐਸੋ ਸਮਰਥ ।
ਸਾਰੇ ਮਿਲ ਕੇ ਆਖੋ !
ਬਰਨ ਨਾ ਜਾਕੋ ਐਸੋ ਸਮਰਥ !"
"ਐਸੋ ਸਮਰਥ.......ਬਰਨ ਨ ਜਾਪੈ,
ਤਾਂ ਕੀ ਉਪਮਾ ਜਾਤ ਨਾ ਕਿਹੋਗੀ ।"

ਇੰਨਾ ਵੱਡਾ ਸਮਰਥ ਹੈ ਉਹਦੀ ਉਪਮਾ ਕਹਿਣ ਵਿਚ ਨਹੀਂ ਆਉਂਦੀ ! ਉਹਦੀ ਸ਼ਕਤੀ ਬਿਆਨ ਕਰਨ ਵਿਚ ਨਹੀਂ ਆਉਂਦੀ । ਉਹਦਾ ਰੰਗ-ਰੂਪ, ਪ੍ਰਭਾਵ, ਤੇਜ਼, ਤੱਪ ਕਲਮ ਦੀ ਨੋਕ ਵਿਚ ਨਹੀਂ ਆਉਂਦਾ ।

"ਅੰਮ੍ਰਿਤਸਰ" ਦੇ ਇਤਿਹਾਸ ਵਿਚ ਇਕ ਕਥਾ ਆਉਂਦੀ ਹੈ ਕਿ ਇਕ ਸੇਠ ਦੇ ਦੋਵੇਂ ਮੁੰਡੇ ਵਿਆਹ ਕੇ ਨੂੰਹਾਂ ਆ ਗਈਆਂ, ਔਰ ਉਹ ਸੀ ਨੀਂਦ ਦੀਆਂ ਪਿਆਰੀਆਂ ਤੇ ਸੱਸ ਉਹਨਾਂ ਦੀ ਤਿੰਨ ਕੁ ਵਜੇ ਉਹਨਾਂ ਨੂੰ ਜਗਾ ਦੇਵੇ ਕਿ ਉਠੋ ! ਪੋਚਾ ਫੇਰੋ ਨੀ, ਭਾਂਡੇ ਧੋਵੋ ਨੀ, ਯਹ ਕਰੋ ਨੀ, ਵੋਹ ਕਰੋ ਨੀ ! ਉਹ ਕੁੜੀਆਂ ਬੜੀਆਂ ਪਰੇਸ਼ਾਨ ਹੋਈਆਂ। ਜੇ ਕਿਸੇ ਦਿਨ ਬੁਢੜੀ ਨੂੰ ਭਲਾ ਯਾਦ ਨਾ ਆਵੇ ਤੇ ਇਕ ਸਿੱਖ ਆਵੇ ਗੁਰੂ ਕਾ ਰੋਜ਼ "ਸ੍ਰੀ ਹਰਿਮੰਦਿਰ ਸਾਹਿਬ" ਦੇ ਦਰਸ਼ਨਾਂ ਨੂੰ ਜਾਣ ਵਾਲਾ। ਉਹ "ਸ੍ਰੀ ਸੁਖਮਨੀ ਸਾਹਿਬ" ਦਾ ਪਾਠ ਕਰਦਾ ਆਵੇ, ਬੜੇ ਪਿਆਰ ਨਾਲ ਉੱਚੀ-ਉੱਚੀ ਪਾਠ ਕਰਦਾ ਆਵੇ, ਗਲੀਆਂ ਦੇ ਮੋੜ ਮੁੜਦਾ-ਮੁੜਦਾ ਲੋਕਾਂ ਨੂੰ ਨਿਹਾਲ ਕਰਦਾ ਆਵੇ। ਜਿਸ ਵੇਲੇ ਉਸ ਪਾਠ ਕਰਨ ਵਾਲੇ ਦੀ ਅਵਾਜ਼ ਉਸ ਬੁਢੜੀ ਸੱਸ ਦੇ ਕੰਨਾਂ ਵਿਚ ਪਵੇ, ਉਹ ਫਿਰ ਜਾਗ ਪਏ ਤੇ ਸੁੱਤੀਆਂ ਨੂੰਹਾਂ ਨੂੰ ਫਿਰ ਜਗਾ ਦੇਵੇ। ਉਹ ਨੂੰਹਾਂ ਨੇ ਬੜੀ ਹੈਰਾਨੀ ਜਿਹੀ ਪ੍ਰਗਟ ਕੀਤੀ ਕਿ ਇਕ ਤੇ ਇਹ ਬੁਢੜੀ ਨਹੀਂ ਸੌਂਦੀ ਮਰਦੀ। ਪਰ ਜੇ ਕਿਸੇ ਦਿਨ ਇਹਨੂੰ ਜਾਗ ਨਾ ਆਵੇ

ਤੇ ਇਹ ਸੁਖਮਨੀ ਵਾਲਾ ਭਾਈ ਨਾ ਆਵੇ ਤੇ ਅਸੀਂ ਸੌਂ ਸਕੀਏ। ਉਹਨਾਂ ਦੋਹਾਂ ਨੂੰਹਾਂ ਨੇ ਸਲਾਹ ਕੀਤੀ, ਇਕ ਦਿਨ ਜਦੋਂ ਉਹ ਆਇਆ ਨਾ "ਸੁਖਮਨੀ ਸਾਹਿਬ" ਪੜ੍ਹਨ ਵਾਲਾ ਤੇ ਉਹ ਦੋਨਾਂ ਕੁੜੀਆਂ ਨੇ ਉਹ ਗੋਹੇ ਵਾਲੇ, ਲਿਬੜੇ ਹੋਏ ਪੋਚੇ ਉਹਦੇ ਸਿਰ ਵਿਚ ਮਾਰੇ । ਇਸ਼ਨਾਨ ਕੀਤਾ ਉਸ ਸਿੱਖ ਨੇ, ਕੱਪੜੇ ਮੈਲੇ ਹੋ ਗਏ ਉਸ ਦੇ, ਦਾਹੜੀ ਮੁੱਛਾਂ ਉਤੇ ਛਿੱਟਾਂ ਪੈ ਗਈਆਂ ਗੋਬਰ ਦੀਆਂ, ਮਿੱਟੀ ਦੀਆਂ, ਪੋਚੇ ਦੀਆਂ, ਉਤਾਂਹ ਧਿਆਨ ਮਾਰ ਕੇ ਵੇਖਿਆ ਤੇ ਆਖਿਆ ਕੁਝ ਨਹੀਂ। ਘਰ ਜਾ ਕੇ ਇਸ਼ਨਾਨ ਕੀਤਾ ਤੇ ਉਹ ਜਿਹੜੇ ਕਪੜੇ ਸੀ ਨਾ ਉਹ ਚੰਗੀ ਤਰ੍ਹਾਂ ਧੋ ਲਏ, ਚਿੱਟੇ ਕਰ ਦਿੱਤੇ ਧੋ ਕੇ, ਤੇ "ਸੁਖਮਨੀ ਸਾਹਿਬ" ਪੜ੍ਹਦਾ-ਪੜ੍ਹਦਾ ਫਿਰ ਉਸੇ ਰਾਹ ਤੋਂ ਲੰਘ ਕੇ "ਸ੍ਰੀ ਹਰਿਮੰਦਰ ਸਾਹਿਬ" ਦੀ ਪ੍ਰਕਰਮਾ ਵਿਚ ਜਾ ਬੈਠਾ। ਨਾਲੇ ਸੁਖਮਨੀ ਸਾਹਿਬ ਪੜ੍ਹਦਾ ਰਿਹਾ ਤੇ ਉਹ ਪਰੋਲੇ ਸੁੱਕਦੇ ਰਹੇ। ਲੀਰਾਂ ਉਹਨਾਂ ਦੀਆਂ ਪਾੜ ਦਿੱਤੀਆਂ, ਉਹਨਾਂ ਦੀਆਂ ਬੱਤੀਆਂ ਬਣਾਉਂਦਾ ਰਿਹਾ ਦੀਵੇ ਵਿਚ ਪਾਉਣ ਵਾਲੀਆਂ। ਉਹ ਕੋਈ 250 ਦੇ ਕਰੀਬ ਬੱਤੀ ਬਣੀ। ਜਿਸ ਵੇਲੇ ਅਰਦਾਸੀਆ ਅਰਦਾਸ ਲੱਗਾ ਕਰਨ ਤੇ ਉਸ "ਸੁਖਮਨੀ ਸਾਹਿਬ" ਪੜ੍ਹਨ ਵਾਲੇ ਸਿੱਖ ਨੇ 250 ਬੱਤੀਆਂ ਉਸ ਅਰਦਾਸੀਏ ਦੇ ਹੱਥ ਵਿਚ ਫੜਾ ਦਿੱਤੀਆਂ ਤੇ ਕਿਹਾ, ਫਲਾਣੇ ਮਕਾਨ ਵਾਲਾ, ਫਲਾਣਾ ਸੇਠ, ਗੁਰੂ ਰਾਮਦਾਸ ਦੇ ਦਰਬਾਰ ਦੀ ਰੌਸ਼ਨੀ ਵਾਸਤੇ "250 ਬੱਤੀ" ਦੀ ਅਰਦਾਸ ਕਰਵਾਈ ਹੈ। ਅਰਦਾਸੀਏ ਨੇ ਅਰਦਾਸ ਕੀਤੀ ਤੇ ਸੇਠ ਸਾਹਿਬ ਕੰਨਾਂ ਨਾਲ ਸੁਣ ਕੇ ਹੈਰਾਨ ਪਰੇਸ਼ਾਨ ਹੋ ਗਏ ਕਿ ਮੈਂ ਕਿਸੇ ਨੂੰ ਫੰਬੇ ਰੂੰ ਦੀ ਲੋੜ ਪੈ ਜਾਏ ਤੇ ਮੈਂ ਨਾ ਦੇਵਾ ਤੇ 250 ਬੱਤੀ ਮੈਂ ਕਿਸ ਤਰ੍ਹਾਂ ਅਰਦਾਸ ਕਰਵਾ ਦਿੱਤੀ। ਇਹ ਕਿਹੜਾ ਜੰਮ ਪਿਆ ਹੈ ਘਰ ਵਿਚੋਂ ਅਰਦਾਸ ਕਰਾਉਣ ਵਾਲਾ। ਅੱਜ 250 ਬੱਤੀ ਅਰਦਾਸ ਕਰਾਈ ਹੈ, ਭਲਕੇ 250 ਦੀਵਾ ਅਰਦਾਸ ਕਰਾਏਗਾ, ਪਰਸੋਂ 250 ਤੇਲ ਅਰਦਾਸ ਕਰਾਏਗਾ, ਸਾਡਾ ਤੇ ਬੇੜਾ ਗਰਕ ਹੋ ਜਾਏਗਾ। ਕਿਹੜਾ ਜੰਮ ਪਿਆ ਓਏ ਮੇਰੇ ਨਾਂ ਉਤੇ ਬੱਤੀਆਂ ਅਰਦਾਸ ਕਰਾਉਣ ਵਾਲਾ! ਆ ਗਿਆ ਘਰ, ਤੜਫਾਅ ਪਾ ਦਿੱਤਾ ਉਹਨੇ! ਕਿਨ੍ਹੇ ਬੱਤੀਆਂ ਅਰਦਾਸ ਕਰਵਾਈਆਂ ਹਨ ? ਕਿਹੜਾ ਹੈ ਮੂਰਖ ਸਾਡੇ ਘਰ ਐਸਾ ਜੰਮ ਪਿਆ ? ਕਿਹੜਾ ਵੱਡਾ ਦਾਨੀ ਹੈ ? ਮੇਰੀ ਸਲਾਹ ਤੋਂ ਬਿਨਾਂ! ਜਿਸ ਵੇਲੇ ਘਰ ਵਿਚ ਤੂਫਾਨ ਮੱਚ ਗਿਆ ਤੇ ਉਹ ਕੁੜੀਆਂ ਆ ਗਈਆਂ ਤੇ ਕਹਿਣ ਲੱਗੀਆਂ, ਅਸਲ ਕਥਾ ਸਾਖੀ ਆਹ ਜੇ! ਅਸਾਂ ਉਹਦੇ ਸਿਰ ਤੇ ਪਰੋਲੇ ਮਾਰੇ, ਅਸਾਂ ਉਸ ਦੇ ਕੱਪੜੇ ਗੰਦੇ ਕਰ ਦਿੱਤੇ। ਅਸਾਂ ਉਸ ਦਾ ਨਿਰਾਦਰ ਕੀਤਾ ਤੇ ਉਸ ਨੇ ਉਹੀ ਕਪੜਿਆਂ ਨੂੰ ਧੋ ਕੇ, ਸੁਖਾ ਕੇ, ਬਣਾ ਕੇ, ਬੱਤੀਆਂ ਵੱਟ ਕੇ, ਤੁਹਾਡੇ ਨਾਂ ਉਤੇ ਅਰਦਾਸ ਕਰਾ ਦਿਤੀ, ਉਹ ਕੋਈ ਪਰਉਪਕਾਰੀ ਸਿੱਖ ਹੈ। ਉਹ ਕੋਈ ਰੱਬ ਦੇ ਘਰੋਂ ਬਖਸ਼ਿਆ ਹੋਇਆ ਸੀ। ਉਸ ਵਿਚ ਕਾਮ ਹੈ ਨਹੀਂ, ਕ੍ਰੋਧ ਹੈ ਨਹੀਂ, ਗੁੱਸਾ ਹੈ ਨਹੀਂ, ਲੋਭ ਹੈ ਨਹੀਂ, ਮੋਹ ਹੈ ਨਹੀਂ। ਸੇਠ ਸਾਹਿਬ ਨੇ ਉਸ ਨੂੰ ਲੱਭਿਆ, ਲੱਭ ਕੇ ਉਸ ਦੇ ਅੱਗੇ ਜਾ

ਕੇ ਹੱਥ ਜੋੜੇ, ਮੱਥਾ ਟੇਕਿਆ। ਅਗਲੇ ਦਿਨ ਸਾਰੇ ਪਰਿਵਾਰ ਨੂੰ ਲੈ ਕੇ ਸਾਹਿਬ ਸੱਚੇ ਪਾਤਿਸ਼ਾਹ ਦੇ ਚਰਨ ਕਮਲਾਂ ਵਿਚ ਹਾਜ਼ਿਰ ਹੋ ਗਿਆ। ਮਹਾਰਾਜ ! ਮੈਂ ਭੁੱਲਾ ਹਾਂ, ਮੇਰੇ ਕੋਲੋਂ ਗਲਤੀ ਹੋ ਗਈ ਹੈ, ਮੇਰੇ ਤੇ ਕਿਰਪਾ ਕਰੋ, ਮੈਨੂੰ ਆਪਣੀ ਚਰਨੀਂ ਲਾ ਲਵੋ। ਔਰ ਮੇਰੇ ਪਰਿਵਾਰ ਨੂੰ ਸਿੱਖੀ ਬਖਸ਼ ਦਿਉ।

"ਬਰਨ ਨਾ ਜਾਕੋ ਐਸੋ ਸਮਰੱਥ,

ਬਰਨ ਨਾ ਜਾਕੋ ਐਸੋ ਸਮਰੱਥ।"

ਮਾਨ ਸਿੰਘ ਝੌਰ ਜੀ ਦੱਸਦੇ ਹਨ ਕਿ ਮੈਨੂੰ ਡੇਰੇ ਦਾ ਬਚਨ ਅਜੇ ਤੱਕ ਯਾਦ ਹੈ ਕਿ ਤਿੰਨ ਮੰਜ਼ਿਲ ਮਕਾਨ ਦੀ ਅਖੀਰਲੀ ਮੰਜ਼ਿਲ ਵਿਚ ਬੈਠੀ ਹੋਈ ਮਾਲਿਕ ਮਕਾਨ, ਮੂੰਹ ਵਿਚ ਪਾਨ ਪਾਇਆ ਹੋਇਆ, ਜਿਸ ਵੇਲੇ ਪਾਨ ਦੇ ਥੁੱਕ ਨਾਲ ਮੂੰਹ ਭਰ ਗਿਆ ਤੇ ਬਾਹਰ ਥੁੱਕ ਦਿੱਤਾ ਬਾਰੀ ਵਿਚੋਂ ਦੀ ਮੂੰਹ ਕਰਕੇ। ਬਜ਼ਾਰ ਵਿਚ ਇਕ ਸਾਹਿਬ ਤੁਰਿਆ ਜਾਂਦਾ ਸੀ ਤੇ ਉਹ ਥੁੱਕ ਸਾਹਿਬ ਦੇ ਸਿਰ ਵਿਚ ਪਿਆ। ਸਾਹਿਬ ਦੇ ਥੁੱਕ ਨਾਲ ਕੱਪੜੇ ਵੀ ਖਰਾਬ ਹੋ ਗਏ। ਗੰਦੇ-ਮੰਦੇ ਥੁੱਕ ਦੀਆਂ ਮੂੰਹ ਤੇ ਵੀ ਛਿੱਟਾਂ ਪਈਆਂ ਤੇ ਸਾਹਿਬ ਨੇ ਉਤਾਂਹ ਧਿਆਨ ਕਰਕੇ ਵੇਖਿਆ, ਪਰ ਉਸ ਦੇਵੀ ਨੂੰ ਆਖਿਆ ਕੁਝ ਨਹੀਂ। ਅਸ਼ੀਰਵਾਦ ਦਿੱਤੀ ਤੇ ਇੰਨੀ ਗੱਲ ਜ਼ਰੂਰ ਕਹੀ ਭਈ ਕਾਕੀ, ਬੱਚੀਏ, ਜਿਸ ਵਾਹਿਗੁਰੂ ਨੇ ਤੈਨੂੰ ਤਿੰਨ ਮੰਜ਼ਿਲਾ ਮਕਾਨ ਦਿੱਤਾ ਹੈ ਉਸ ਨੇ ਥੁੱਕ ਸੁੱਟਣ ਵਾਸਤੇ ਥੁੱਕ-ਦਾਨ ਵੀ ਦਿੱਤਾ ਹੋਊ। ਉਸ ਥੁੱਕ ਦਾਨੀ ਵਿਚ ਥੁੱਕ ਸੁੱਟਣਾ ਚਾਹੀਦਾ ਹੈ, ਤੇ ਜੇ ਭਲਾ ਕਦੇ ਬਜ਼ਾਰ ਵਿਚ ਹੀ ਥੁੱਕਣਾ ਤਾਂ ਕਿਸੇ ਭਲੇਮਾਨਸ ਨੂੰ ਵੇਖ ਲੈਣਾ ਚਾਹੀਦਾ ਹੈ ਨਾ, ਕਿਸੇ ਦੇ ਉਤੇ ਤੇ ਨਹੀਂ ਥੁੱਕਣਾ ਚਾਹੀਦਾ; ਪਰ ਹੰਕਾਰ ਵਿਚ ਰੱਤੀ ਮੱਤੀ ਹੋਈ ਤਿੰਨ ਮੰਜ਼ਿਲੇ ਮਕਾਨ ਦੀ ਮਾਲਿਕ ਨੇ ਬੜਾ ਗੁੱਸਾ ਕੀਤਾ, ਬੜਾ ਕ੍ਰੋਧ ਕੀਤਾ, ਅਜੇ ਦਸ ਕਦਮ ਨਹੀਂ ਗਿਆ ਸਾਹਿਬ ਤੇ ਏਸ ਦੇਵੀ ਦਾ ਪਤੀ ਆ ਗਿਆ ਪਉੜੀਆਂ ਚੜ੍ਹ ਕੇ ਉਤੇ। ਉਸ ਨੇ ਰੋਣੀ ਜਿਹੀ ਸ਼ਕਲ ਬਣਾ ਲਈ, ਭੈੜਾ ਜਿਹਾ ਮੂੰਹ ਬਣਾ ਲਿਆ ਤੇ ਝਾਟਾ ਇਧਰ-ਉਧਰ ਖਿਲਾਰ ਕੇ, ਅੱਥਰੂ ਕੇਰ ਕੇ ਕਹਿਣ ਲੱਗੀ, "ਤੂੰ ਮੇਰਾ ਮਾਲਿਕ ! ਤੇਰੇ ਨਾਲ ਲਈਆਂ ਮੈਂ ਲਾਵਾਂ, ਤੂੰ ਹੁਣ ਮੇਰਾ ਪਤੀ, ਮੈਂ ਤੇਰੇ ਚਰਨਾਂ ਦੀ ਦਾਸੀ, ਉਹ ਜਿਹੜਾ ਹੱਟਾ-ਕੱਟਾ ਸਾਹਿਬ ਜਾਂਦਾ ਈ ਇਥੋਂ ਦੀ ਲੰਘ ਕੇ ਗਿਆ ਈ ਤੇ ਮੇਰੇ ਵੱਲ ਬੁਰੀ ਨਜ਼ਰ ਨਾਲ ਵੇਖਦਾ ਸੀ, ਭੈੜੀ ਨਜ਼ਰ ਨਾਲ ਵੇਖਦਾ ਸੀ; ਮੈਨੂੰ ਮਖੌਲ ਕਰਦਾ ਗਿਆ ਈ। ਜੇ ਤੇਰੇ ਹੁੰਦਿਆਂ ਮੇਰੀ ਇੱਜ਼ਤ ਖਤਰੇ ਵਿਚ ਪੈ ਗਈ ਤੇ ਬਚਾਵੇਗਾ ਕੌਣ ?

ਸੁਣਦਿਆਂ-ਸਾਰ ਮਾਲਿਕ ਨੂੰ ਗੁੱਸਾ ਆਉਣਾ ਹੀ ਸੀ। ਨਾ ਪੁੱਛਿਆ, ਨਾ ਪੜਤਾਲਿਆ, ਡਾਂਗ ਲਈ ਤੇ ਦੌੜਿਆ ਸਾਹਿਬ ਦੇ ਪਿੱਛੇ, ਵੀਹਾਂ-ਤੀਹਾਂ ਕਦਮਾਂ ਤੋਂ ਜਾ ਕੇ ਪਿਛਲੇ ਪਾਸਿਉਂ ਦੀ ਸਿਰ ਤੇ ਮਾਰੀ ਡਾਂਗ ਤੇ ਬਜ਼ਾਰ ਵਿਚ ਲੰਮੇ ਪਾ ਦਿਤਾ। ਲੰਮੇ ਪਏ ਨੂੰ ਦੋ ਤਿੰਨ-ਚਾਰ ਹੋਰ ਡਾਂਗਾਂ ਮਾਰੀਆਂ। ਸਿਰ ਤੋਂ ਲਹੂ ਵਗਦਾ ਸੀ, ਡਾਂਗਾਂ ਦੀ ਪੀੜ ਹੁੰਦੀ ਸੀ, ਜ਼ਖਮ ਡੂੰਘਾ ਹੋ ਗਿਆ ਤੇ ਸਾਹਿਬ ਦੇ ਹੱਥ

ਜੁੜੇ, ਡਾਂਗਾਂ ਮਾਰਨ ਵਾਲਿਆ ਤੇਰਾ ਰੱਬ ਰੱਖਾਂ, ਮੇਰੇ ਸਿਰ ਤੋਂ ਲਹੂ ਕੱਢ ਦੇਣ ਵਾਲਿਆ, ਮੇਰਾ ਜ਼ਖਮ ਡੂੰਘਾ ਕਰਨ ਵਾਲਿਆ, ਗੁਰੂ ਅਮਰਦਾਸ ਦੀਆਂ ਤੇਰੇ ਉਤੇ ਰੱਖਾਂ ! ਧੰਨ ਗੁਰੂ ਅਰਜਨ ਦੇਵ ਤੇਰਾ ਲੋਕ-ਪਰਲੋਕ ਵਿਚ ਸਹਾਈ ਹੋਵੇ। ਸਾਹਿਬ ਅਸੀਸਾਂ ਦਿੰਦਾ ਰਿਹਾ, ਹੱਸਦਾ ਰਿਹਾ, ਕੋਈ ਬੱਦ-ਦੁਆ ਨਹੀਂ ਦਿੱਤੀ, ਕੋਈ ਗੁੱਸਾ ਨਹੀਂ ਕੀਤਾ, ਕੋਈ ਕ੍ਰੋਧ ਨਹੀਂ ਕੀਤਾ। ਤੇ ਅਚਨਚੇਤ ਜਿਸ ਮਕਾਨ ਦੀ ਤੀਸਰੀ ਮੰਜ਼ਿਲ ਤੇ ਮਕਾਨ ਮਾਲਿਕ ਬੈਠੀ ਹੋਈ ਸੀ, ਉਸ ਨੂੰ ਅੱਗ ਲੱਗ ਗਈ, ਲਾਟਾਂ ਨਿਕਲੀਆਂ, ਹਾਹਾ-ਕਾਰ ਮੱਚ ਗਈ। ਮਾਲਿਕ ਮਕਾਨ ਨੇ ਬੜੀ ਫੁਰਤੀ ਨਾਲ ਪੌੜੀਆਂ ਵਿੱਚ ਦੌੜ ਕੇ ਆਪਣੀ ਜਾਨ ਬਚਾਈ। ਮਕਾਨ ਸੜ ਕੇ ਢਾਅ-ਢੇਰੀ ਹੋ ਗਿਆ। ਇੰਨੇ ਚਿਰ ਨੂੰ ਮਾਲਿਕ ਸਾਹਿਬ ਨੂੰ ਮਾਰ ਕੁੱਟ ਕੇ ਆਇਆ ਤੇ ਇਸਤਰੀ ਨੇ ਆਖਿਆ ਮੈਂ ਮਹਾਰਾਜ ਤੁਹਾਡੇ ਕੋਲ ਝੂਠ ਬੋਲਿਆ ਸੀ, ਮੈਂ ਸਾਹਿਬ ਦੀ ਝੂਠੀ ਸ਼ਿਕਾਇਤ ਕੀਤੀ ਸੀ। ਤੁਸੀਂ ਸੱਚੇ ਸੀ ਤੇ ਤੁਸੀਂ ਮੇਰੀ ਸ਼ਿਕਾਇਤ ਨੂੰ ਸੱਚਿਆਂ ਜਾਣ ਕੇ ਸਾਹਿਬ ਨੂੰ ਮਾਰਿਆ, ਸਾਹਿਬ ਨੂੰ ਗਾਲ੍ਹਾਂ ਕੱਢੀਆਂ, ਰੱਬ ਦੇ ਪਿਆਰੇ ਦੀ ਤੁਸਾਂ ਬੇਇਜ਼ਤੀ ਕੀਤੀ। ਔਰ ਮੈਂ ਸਮਝਣੀ ਹਾਂ ਕਿ ਉਸ ਦੀ ਬੱਦ-ਦੁਆ ਨਾਲ, ਉਸ ਦੇ ਸਰਾਪ ਨਾਲ ਸਾਡਾ ਘਰ ਸੜ ਗਿਆ। ਇਹ ਦੁਨੀਆਂ ਦਾ ਦੁੱਖ ਹੈ, ਪਰਲੋਕ ਵਿੱਚ ਪਤਾ ਨਹੀਂ ਸਾਨੂੰ ਕੀ ਦੁੱਖ ਹੋਵੇ ਕਿ ਨਾ ਹੋਵੇ। ਚੱਲ ਦੋਵੇਂ ਜਾਣੇ ਰੱਲ ਕੇ ਸਾਹਿਬ ਕੋਲੋਂ ਮਾਫੀ ਮੰਗ ਲਈਏ। ਸਾਹਿਬ ਬਜ਼ਾਰ ਵਿੱਚ ਲੰਮੇ ਪਿਆ, ਦੁਨੀਆਂ ਇੱਕਠੀ ਹੋਈ ਹੈ, ਲਹੂ ਵਗਦਾ ਜਾਂਦਾ ਸੀ ਤੇ ਲੜਕੀ ਨੇ ਅਗਾਂਹ ਹੋ ਕੇ ਆਖਿਆ, "ਸਾਹਿਬ ! ਮੈਂ ਗਲਤੀ ਕੀਤੀ ਹੈ, ਮੈਂ ਤੇਰੀ ਝੂਠੀ ਸ਼ਿਕਾਇਤ ਆਪਣੇ ਪਤੀ ਕੋਲ ਲਾਈ। ਪਤੀ ਮੇਰਾ ਸੱਚਾ ਹੈ ਔਰ ਉਹਨੇ ਮੇਰੀ ਸ਼ਿਕਾਇਤ ਸੱਚੀ ਜਾਣੀ ਔਰ ਤੈਨੂੰ ਮਾਰਿਆ, ਤੈਨੂੰ ਦੁੱਖੀ ਕੀਤਾ, ਤੇਰਾ ਲਹੂ ਕੱਢਿਆ ਤੇ ਤੇਰਾ ਜ਼ਖਮ ਗਹਿਰਾ ਹੋ ਗਿਆ, ਪਤਾ ਨਹੀਂ ਤੂੰ ਬਚੇਂ ਕਿ ਨਾ ਬਚੇਂ ! ਪਰ ਸੰਤਾ, ਰੱਬ ਦਿਆ ਪਿਆਰਿਆ, ਅਸੀਂ ਦੁਨੀਆਂਦਾਰ ਸਾਂ, ਅਸਾਂ ਤੇ ਗਲਤੀਆਂ ਕਰਨੀਆਂ ਸੀ। ਤੂੰ ਰੱਬ ਦਾ ਪਿਆਰਾ ਹੋ ਕੇ, ਤੂੰ ਬਦ-ਦੁਆ ਦੇ ਕੇ ਮੇਰਾ ਮਕਾਨ ਕਿਉਂ ਸਾੜਿਆ ? ਤੂੰ ਸਰਾਪ ਦੇ ਕੇ ਮੇਰਾ ਮਕਾਨ ਕਿਉਂ ਸਾੜਿਆ ?" ਤੇ ਮਾਨ ਸਿੰਘ ਝੌਰ ਜੀ ਕਹਿੰਦੇ ਮੈਂ ਪੁਸਤਕ ਵਿੱਚ ਬਚਨ ਪੜ੍ਹੇ ਨੇ ਕਿ ਤਾਂਘ ਵਿੱਚ ਤੇ ਸਾਹਿਬ ਨਹੀਂ ਰੋਇਆ, ਅੱਥਰੂ ਨਹੀਂ ਨਿਕਲੇ, ਪਰ ਉਸ ਲੜਕੀ ਦੇ ਬਚਨ ਸੁਣ ਕੇ ਸਾਹਿਬ ਦੇ ਨੇਤਰ ਭਰ ਗਏ। ਕਹਿਣ ਲੱਗੇ, "ਬੇਟਾ, ਮੈਨੂੰ ਤੋਹਮਤ ਨਾ ਲਾ, ਤੇਰਾ ਪਤੀ ਤੇਰੇ ਕੋਲ ਹੈ ! ਏਸ ਨੂੰ ਪੁੱਛ ਲੈ ਮੈਂ ਕੋਈ ਸਰਾਪ ਦਿੱਤਾ ! ਮੈਂ ਕੋਈ ਬਦ-ਦੁਆ ਦਿੱਤੀ ! ਤੇਰੇ ਸਾਹਮਣੇ ਹੈ, ਡਾਂਗਾ ਮਾਰਦਾ ਰਿਹਾ। ਮੈਂ "ਗੁਰੂ ਅਮਰਦਾਸ" ਦੀ ਦਰਗਾਹ ਵਿੱਚ ਬੇਨਤੀ ਕਰਦਾ ਰਿਹਾ ਹਾਂ, ਬਾਪੂ ਇਹਨਾਂ ਨੂੰ ਬਚਾਅ ਲੈ ! ਮੈਂ ਗੁਰੂ "ਰਾਮਦਾਸ" ਬਾਪੂ ਦੇ ਚਰਨ ਕਮਲਾਂ ਵਿੱਚ ਬਿਨੈ ਕਰਦਾ ਰਿਹਾ ਹਾਂ, ਗੁਰੂਦੇਵ ਇਹਨਾਂ ਦੇ ਰਾਖੇ ਬਣਿਓ ! ਇਹ ਮਾਰਦਾ ਰਿਹਾ, ਮੇਰਾ ਲਹੂ ਵਗਦਾ ਰਿਹਾ ਤੇ ਮੈਂ

ਧੰਨ ਗੁਰੂ ਅਰਜਨ ਦੇਵ ਸੱਚੇ ਪਾਤਸ਼ਾਹ ਦੇ ਅੱਗੇ ਅਰਦਾਸਾਂ ਕਰਦਾ ਰਿਹਾ ਹਾਂ ਗੁਰੂ ਅਰਜਨ ਸਾਹਿਬ, ਇਹਨਾਂ ਨੂੰ ਤੱਤੀ ਵਾਅ ਨਾ ਲੱਗਣ ਦੇਈਂ।" ਤੇ ਲੜਕੀ ਨੇ ਪੁਛਿਆ ਜੇ ਤੂੰ ਇਸ ਤਰ੍ਹਾਂ ਕਰਦਾ ਰਿਹਾ ਤੇ ਸਾਡਾ ਘਰ ਕਿਉਂ ਸੜਿਆ ! ਸਰਾਪ ਨਹੀਂ ਦਿੱਤਾ ਤੇ ਘਰ ਕਿਉਂ ਸੜਿਆ ? ਹੱਸ ਕੇ ਕਹਿਣ ਲੱਗਾ, ਸਾਹਿਬ, ਬੀਬੀ ਜਾਹ ਆਰਾਮ ਨਾਲ, ਕਿਤੇ ਫੇਰ ਬਣਾ ਲਈਂ, ਇਹ ਹੈ ਖਸਮਾਂ-ਖਸਮਾਂ ਦੀ ਲੜਾਈ। ਤੂੰ ਆਪਣੇ ਮਾਲਕ ਨੂੰ ਝੂਠੀ ਸ਼ਿਕਾਇਤ ਕੀਤੀ, ਉਹਨੂੰ ਗੁੱਸਾ ਆਇਆ ਤੇ ਉਹਨੇ ਮੈਨੂੰ ਕੁੱਟ ਕੱਢਿਆ ਤੇ ਨਿਖਸਮਾਂ ਤੇ ਮੈਂ ਵੀ ਤਾਂ ਨਹੀਂ ਨਾ, ਖਸਮ ਤਾਂ ਮੇਰੇ ਸਿਰ ਤੇ ਵੀ ਆ ਗਿਆ। ਜਿਹੜੇ ਖਸਮ ਦੇ ਅੱਗੇ ਮੈਂ ਰੋਜ਼ ਤਰਲਾ ਲੈਂਦਾ ਹਾਂ, ਰੋਜ਼ ਮਿੰਨਤਾਂ ਕਰਦਾ ਹਾਂ, ਜਿਹੜੇ ਖਸਮ ਨੂੰ ਮੈਂ ਰੋਜ਼ ਰਿਝਾਉਂਦਾ ਹਾਂ :-

"ਖਸਮਾਨਾ ਕਰ ਪਿਆਰੇ ਪ੍ਰਭ ਜੀ....,
ਖਸਮਾਨਾ ਕਰ ਪਿਆਰੇ ॥"
ਪ੍ਰਭ ਜੀ..........ਖਸਮਾਨਾ ਕਰ ਪਿਆਰੇ,
ਬੁਰੇ ਭਲੇ ਹਮ ਥਾਰੇ ।
ਹ. ਅਪਰਾਧੀ ਤੁਮ੍ ਬਖਸਾਤੇ ॥"

ਸਾਹਿਬ ਕਹਿੰਦਾ ਜਿਹੜੇ ਖਸਮ ਦੇ ਅੱਗੇ ਮੈਂ ਤਰਲੇ ਲੈਂਦਾ ਵਾਂ ਨਾ ਰੋਜ਼, ਜਿਸ ਵੇਲੇ ਮੇਰੇ ਖਸਮ ਨੂੰ ਮੇਰੀ ਮੁਸੀਬਤ ਦਾ, ਦੁੱਖ ਦਾ ਪਤਾ ਲੱਗਾ ਤੇ ਤੇਰੇ ਮਾਲਿਕ ਨੂੰ ਗੁੱਸਾ ਆਇਆ। ਉਹਨੇ ਮੈਨੂੰ ਮਾਰਿਆ, ਮੇਰੇ ਮਾਲਿਕ ਨੇ ਮੈਨੂੰ ਦੁੱਖੀ ਦੇਖਿਆ, ਉਹਨੇ ਤੇਰਾ ਘਰ ਸਾੜ ਸੁਟਿਆ। ਖਸਮਾਂ-ਖਸਮਾਂ ਦੀ ਲੜਾਈ ਹੈ, ਖਸਮਾਂ-ਖਸਮਾਂ ਦਾ ਜੰਗ ਹੈ। ਲੜਕੀ ਨੇ ਪੈਰ ਫੜ ਲਏ, ਉਹਦੇ ਪਤੀ ਨੇ ਪੈਰ ਫੜ ਲਏ, ਸੰਤਾ, ਮਹਾਪੁਰਸ਼ਾ, ਤੇਰਾ ਖਸਮ ਉੱਚਾ, ਤੇਰੇ ਖਸਮ ਦਾ ਮੁਕਾਬਲਾ ਕੋਈ ਨਹੀਂ ਕਰ ਸਕਦਾ :

"ਬਰਨ ਨਾ ਜਾਕੋ ਐਸੋ ਸਮਰੱਥ, ਬਰਨ ਨਾ ਜਾਕੋ ਐਸੋ ਸਮਰੱਥ.....।
ਐਸੋ ਸਮਰੱਥ, ਬਰਨ ਨਾ ਜਾਕੋ, ਤਾਂ ਕੀ ਉਪਮਾ ਜਾਤ ਨਾ ਕਿਹੋਰੀ ।

ਇਹ ਸੰਸਾਰ ਕੱਜਲ ਦੀ ਕੋਠੜੀ ਹੈ, ਇਹ ਸੰਸਾਰ ਸੁਰਮੇ ਦੀ ਕੋਠੜੀ ਹੈ।

"ਕਬੀਰ ਜਗੁ ਕਾਜਲ ਕੀ ਕੋਠਰੀ ਅੰਧ ਪਰੇ ਤਿਸ ਮਾਹਿ ॥
ਹਉ ਬਲਿਹਾਰੀ ਤਿਨ ਕਉ ਪੈਸਿ ਜੁ ਨੀਕਸਿ ਜਾਹਿ ॥"

(ਪੰਨਾ ੧੩੬੫)

ਸਦਕੇ ਉਹਨਾਂ ਤੋਂ ਜਿਹੜੇ "ਕਜਲ-ਕੋਠੜੀ" ਵਿੱਚ ਵੜ ਕੇ ਕਾਲੇ ਨਹੀਂ ਹੋਏ, ਛਾਲ ਮਾਰ ਕੇ ਦੂਰ ਲਾਂਭੇ ਨਿਕਲ ਗਏ। ਨਹੀਂ ਲੱਗਾ ਸੇਕ ਉਹਨਾਂ ਨੂੰ। ਪਰ ਸਾਹਿਬ ਸੱਚਾ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਤੱਕੀਏ ਦੀ ਤੇ "ਬਾਬਾ ਬੁੱਢਾ" ਦੀ ਵਾਰਤਾਲਾਪ ਵੇਖ ਕੇ ਕਹਿੰਦੇ ਨੇ ਪਿਆਰਿਓ ! ਜਿਹੜਾ ਗੁਰੂ ਕੋਲੋਂ ਅੰਮ੍ਰਿਤ ਨਾਮ ਸੁਣਿਆ ਜੇ ਨਾ, ਉਹ ਗੁਰੂ ਦਾ ਉਪਦੇਸ਼ ਮਹਾ-ਮੰਤਰ ਬਣ ਕੇ, ਕਲਿਆਨ-ਕਾਰੀ ਬਣ ਕੇ ਹਿਰਦੇ ਵਿੱਚ ਵੱਸ ਗਿਆ, ਹਿਰਦੇ ਵਿੱਚ ਟਿਕ ਗਿਆ,

ਅੰਦਰ ਉਸ ਦਾ ਨਿਵਾਸ ਹੋ ਗਿਆ। ਉਸ ਤੇ ਦੁਨੀਆਂ ਦੀ ਕੋਈ ਮੁਸੀਬਤ ਲਾਗੇ ਨਹੀਂ ਫੱਟਕਦੀ! ਕੋਈ ਦੁੱਖ ਲਾਗੇ ਨਹੀਂ ਹੁੰਦਾ। ਮਾਨ ਸਿੰਘ ਝੌਰ ਜੀ ਕਹਿੰਦੇ ਮੈਂ ਮਹਾਪੁਰਸ਼ਾਂ ਦਾ ਬਚਨ ਪੜ੍ਹਿਆ ਸੀ ਕਿ ਦੁੱਖ-ਸੁੱਖ ਵਿਪਤਕਾਲ ਬ੍ਰਹਮ-ਗਿਆਨੀ ਨਹੀਂ ਹੁੰਦਾ। ਮੁਸੀਬਤਾਂ ਬ੍ਰਹਮ-ਗਿਆਨੀ ਨੂੰ ਵੀ ਪੈਂਦੀਆਂ ਨੇ। ਬੰਦ-ਬੰਦ "ਮਨੀ ਸਿੰਘ" ਦਾ ਵੀ ਕੱਟਿਆ ਜਾ ਸਕਦਾ ਹੈ। ਖੋਪਰੀ ਤੇ ਤਾਰੂ ਸਿੰਘ ਦੀ ਵੀ ਲਾਹੀ ਜਾ ਸਕਦੀ ਹੈ। ਦੇਗ ਵਿਚ "ਭਾਈ ਦਿਆਲੇ" ਨੂੰ ਵੀ ਉਬਾਲਿਆ ਜਾ ਸਕਦਾ ਹੈ। ਜਿਸ ਵੇਲੇ ਸਿੱਖ ਇਤਿਹਾਸ ਦੇ ਵਰਕੇ ਫੋਲੋਗੇ ਨਾ ਤੇ ਰੌਂਗਟੇ ਖੜੇ ਹੋ ਜਾਂਦੇ ਨੇ। ਪਰਮ ਸਤਿਕਾਰ ਯੋਗ ਭਾਈ ਸਾਹਿਬ ਭਾਈ ਮਨੀ ਸਿੰਘ, ਭਾਈ ਸਤੀ ਦਾਸ, ਭਾਈ ਮਤੀ ਦਾਸ, ਜਿਨ੍ਹਾਂ ਨੂੰ ਆਰ੍ਹੇ ਨਾਲ ਚੀਰ ਕੇ ਦੋ ਤਖਤੇ ਕਰ ਦਿੱਤੇ। ਮੁਸਲਮਾਨ ਇਤਿਹਾਸਕਾਰਾਂ, ਭਾਵੇਂ ਵਿੰਗੇ, ਟੇਢੇ ਤਰੀਕੇ ਨਾਲ ਲਿਖਿਆ ਹੈ, ਪਰ ਲਿਖਣਾ ਪੈ ਗਿਆ ਉਹਨਾਂ ਨੂੰ ! ਮੇਰੇ ਇਲਾਕੇ ਦਾ ਬੜਾ ਪੁਰਾਣਾ ਮੁਜੱਨਫ ! ਆਪਣੀ ਕਲਮ ਨਾਲ ਲਿਖਦਾ ਹੈ ਕਿ ਭਾਈ ਮਤੀ ਦਾਸ ਸਾਹਿਬ ਚੀਰੇ ਗਏ, ਦੋ ਤਖੱਤੇ ਬਣ ਗਏ। ਇਹ ਜਦੋਂ ਚੀਰੇ ਜਾ ਰਹੇ ਸਨ ਨਾ ਤੇ ਉਦੋਂ ਕੋਈ ਕਲਾਮ ਪੜ੍ਹਦੇ ਸਨ ਤੇ ਉਹ ਕਲਾਮ ਅਜੇ ਪੂਰੀ ਨਹੀਂ ਹੋਈ ਸੀ ਤੇ ਪੂਰੀ ਹੋਣ ਤੋਂ ਪਹਿਲਾਂ ਹੀ ਭਾਈ ਮਤੀ ਦਾਸ ਦੇ ਦੋ ਤਖਤੇ ਬਣਾ ਦਿੱਤੇ ਗਏ। ਉਹ ਕਹਿੰਦੇ ਸੱਜਾ ਤਖਤਾ ਸੱਜੇ ਪਾਸਿਓਂ ਤੇ ਖੱਬਾ ਤਖੱਤਾ ਖੱਬੇ ਪਾਸਿਓਂ, ਵਾਰੋ-ਵਾਰੀ ਬੋਲਦੇ ਸਨ ਤੇ ਜਦੋਂ ਉਹਨਾਂ ਦੀ ਕਲਾਮ ਪੂਰੀ ਹੋ ਗਈ, ਉਹ ਤਖਤੇ ਇਕੱਠੇ ਹੋ ਗਏ। ਮੇਰੀ ਅਵਾਜ਼ ਨਿਕਲੀ ਤੇ ਉਹਨਾਂ ਦੇ ਪ੍ਰਾਣ ਹੋ ਗਏ। "ਭਾਈ ਵੀਰ ਸਿੰਘ" ਜੀ ਨੇ ਇਹਦੇ ਤੇ ਟੀਕਾ-ਟਿਪਣੀ ਕਰਦਿਆਂ ਆਪਣਾ ਫੈਸਲਾ ਦਿੱਤਾ ਹੈ ਕਿ ਉਹ "ਸ੍ਰੀ ਜਪੁ ਸਾਹਿਬ" ਹੀ ਹੋ ਸਕਦਾ ਹੈ, ਜਿਹੜਾ ਭਾਈ ਮਤੀ ਦਾਸ ਜੀ ਪੜ੍ਹਦੇ ਸਨ, ਪੂਰਾ ਹੋਣ ਤੋਂ ਪਹਿਲਾਂ ਹੀ ਉਹਨਾਂ ਦੇ ਦੋ ਤਖੱਤੇ ਬਣਾ ਦਿੱਤੇ ਗਏ। ਇਕੱਲੇ-ਇਕੱਲੇ ਤਖਤੇ ਤੇ ਜਿਹੜਾ "ਜਪੁਜੀ ਸਾਹਿਬ" ਰਹਿੰਦਾ ਸੀ, ਉਹ ਪੂਰਾ ਕੀਤਾ ਗਿਆ। ਜਿਸ ਵੇਲੇ ਆਖਰੀ ਤੁਕਾਂ ਆਈਆਂ, ਦੋਵੇਂ ਤਖਤੇ ਇਕੱਠੇ ਹੋ ਗਏ ਤੇ ਫਿਰ ਮੇਲਿਆ ਅਵਾਜ਼ ਨੂੰ :

"ਜਿਨੀ ਨਾਮੁ ਧਿਆਇਆ
ਗਏ ਮਸਕਤਿ ਘਾਲਿ ॥
ਨਾਨਕ ਤੇ ਮੁਖ ਉਜਲੇ
ਕੇਤੀ ਛੁਟੀ ਨਾਲਿ ॥"

ਭਾਈ ਮਤੀ ਦਾਸ ਜੀ ਦੇ ਭਰਾ "ਭਾਈ ਸੱਤੀ ਦਾਸ" ਨੂੰ ਰੂੰ ਵਿੱਚ ਲਪੇਟਿਆ ਗਿਆ। ਬੇਅੰਤ ਰੂੰ ਇਕੱਠਾ ਕਰਕੇ, ਉਹਦੇ ਵਿੱਚ ਲਬੇਟ ਕੇ ਤੇ ਦਿੱਲੀ ਦੇ ਚਾਨਣੀ ਚੌਂਕ ਵਿਚ ਰੱਖ ਕੇ ਉਸ ਰੂੰ ਨੂੰ ਅੱਗ ਲਾ ਦਿੱਤੀ ਗਈ। ਮਿਸਟਰ ਮੈਕਾਲਫ ਦਾ ਇਹ ਕਹਿਣਾ ਕਿ ਉਹ ਰੂੰ ਕਈ ਦਿਨ ਬਲਦਾ ਰਿਹਾ, ਕਈ ਦਿਨ ਧੁਖਦਾ ਰਿਹਾ,

ਲੰਘਣ ਵਾਲੇ ਲੋਕ ਆਉਂਦੇ ਜਾਂਦੇ ਵੇਖਦੇ ਰਹੇ। ਤੇ ਸਤੀ ਦਾਸ ਜੀ ਉਸ ਰੂੰ ਦੀ ਮੱਠੀ ਅੱਗ ਵਿੱਚ ਰਿਝਦੇ ਰਹੇ। ਆਖਿਰ ਉਹ ਰੂੰ ਦੇ ਨਾਲ ਹੀ ਸੁਆਹ ਦਾ ਢੇਰ ਜਿਹਾ ਬਣ ਕੇ ਚਾਨਣੀ ਚੌਂਕ ਦੀ ਧਰਤੀ ਵਿੱਚ ਸਮਾਅ ਗਏ। ਜਲਾਦ ਨੇ ਇਕ ਵੇਰਾਂ ਅਵਾਜ਼ ਵੀ ਮਾਰੀ ਹੇ ਸਤੀ ਦਾਸਾ ! ਪੀੜ ਨਹੀਂ ਹੁੰਦੀ ? ਸਤੀ ਦਾਸਾ, ਸੇਕ ਨਹੀਂ ਲਗਦਾ ? ਲੇਕਿਨ ਪਿਆਰਿਓ ਜਿਨ੍ਹਾਂ ਦੀ ਬਿਰਤੀ ਆਪਣੇ ਪਿਆਰੇ ਨਾਲ ਜੁੜੀ ਹੋਈ ਹੈ ਨਾ ਉਹਨਾਂ ਦਾ ਤੇ ਹੋਕਾ ਹੈ :

"ਬਰਨ ਨਾ ਜਾਕੋ ਐਸੋ ਸਮਰੱਥ,
ਬਰਨ ਨਾ ਜਾਕੋ ਐਸੋ ਸਮਰੱਥ.....,"
"ਕਰਿ ਕਿਰਪਾ ਪ੍ਰਭ ਨਦਰਿ ਅਵਲੋਕਨ
ਅਪੁਨੈ ਚਰਣਿ ਲਗਾਈ ॥
ਪ੍ਰੇਮ ਭਗਤੀ ਨਾਨਕ ਸੁਖੁ ਪਾਇਆ
ਸਾਧੂ ਸੰਗਿ ਸਮਾਈ ਪਿਆਰੇ,
ਸਾਧੂ ਸੰਗਿ ਸਮਾਈ.......,
ਸਾਧੂ ਸੰਗਿ ਸਮਾਈ ਪਿਆਰੇ......,
ਸਾਧੂ ਸੰਗਿ ਸਮਾਈ ॥" (ਪੰਨਾ ੩੮੪)

ਇਸ ਤਰ੍ਹਾਂ ਕਿਰਪਾ ਕਰਕੇ ਜਿਨ੍ਹਾਂ-ਜਿਨ੍ਹਾਂ ਜਗਿਆਸੂਆਂ ਨੂੰ, ਇਸਤਰੀਆਂ ਨੂੰ ਪ੍ਰਭੂ-ਰੂਪ ਪਤੀ ਨੇ ਆਪਣੀ ਚਰਨੀਂ ਲਾ ਲਿਆ। ਜਿਨ੍ਹਾਂ-ਜਿਨ੍ਹਾਂ ਜਗਿਆਸੂ ਰੂਪ ਇਸਤਰੀਆਂ ਦੇ ਉਤੇ ਕਿਰਪਾ ਕਰਕੇ ਮੇਹਰ ਦੀ ਨਦਰ ਨਾਲ ਜਿੰਨਾਂ-ਜਿੰਨਾਂ ਨੂੰ ਵੇਖਿਆ, ਉਹਨਾਂ ਦੀ ਸਮਾਈ ਹੋ ਗਈ "ਸਤਿਨਾਮ-ਵਾਹਿਗੁਰੂ" ਦੀ ! ਉਹਨਾਂ ਵਿੱਚ ਤੇ ਵਾਹਿਗੁਰੂ ਵਿੱਚ ਭੇਦ ਕੋਈ ਨਾ ਰਿਹਾ। ਪਰਵਾ ਦਾ ਮੁਕਾਬਲਾ ਕਰਦੇ ਆਉਣ ਵਾਲੇ, ਮਹਾਂਪੁਰਖੋ ਇਹ ਸਾਰੀਆਂ ਕਥਾਵਾਂ ਹਿਰਦੇ ਵਿੱਚ ਵਸਾਉਣ ਵਾਲੀਆਂ ਨੇ :

"ਬਰਨ ਨਾ ਜਾਕੋ ਐਸੋ ਸਮਰਥ, ਬਰਨ ਨਾ ਜਾਕੋ ਐਸੋ ਸਮਰਥ।"

"ਭਾਈ ਗੁਰਦਾਸ" ਜੀ ਨੇ ਆਪਣੇ ਕਬਿੱਤ ਸਵੱਈਆਂ ਵਿੱਚ ਇਕ ਬਚਨ ਲਿਖਿਆ ਹੈ ਕਿ ਜੇ ਬਗਲੇ ਨੂੰ ਮਾਨਸਰੋਵਰ ਦੇ ਕੰਢੇ ਬਿਠਾ ਲਈਏ ਤਾਂ ਬਗਲਾ ਮਾਨਸਰੋਵਰ ਦੇ ਅਮੋਲਕ ਮੋਤੀ ਤਿਆਗ ਕੇ ਮੱਛੀਆਂ ਲੱਭ-ਲੱਭ ਕੇ ਖਾਂਦਾ ਹੈ। ਮੱਝ ਜਾਂ ਗਾਂ ਦੇ ਨਾਲ ਜੋਕ ਲਾ ਦੇਈਏ ਤਾਂ ਉਹ ਦੁੱਧ ਨਹੀਂ ਪੀਂਦੀ, ਬਲਕਿ ਥਣਾਂ ਦਾ ਲਹੂ ਪੀ ਕੇ ਚੁਸਤ ਹੋ ਕੇ ਚੁਰੱਸਤੇ ਵਿਚ ਚਲੀ ਜਾਂਦੀ ਹੈ। ਬਹੁਤ ਸਾਰੀਆਂ ਖੁਸ਼ਬੂਦਾਰ ਚੀਜ਼ਾਂ ਇਕੱਠੀਆਂ ਕਰਕੇ ਜੇਕਰ ਉਸੇ ਉਪਰ ਮੱਖੀ ਬਿਠਾ ਦੇਵੋ ਤਾਂ ਨਹੀਂ ਬੈਠਦੀ, ਬਲਕਿ ਜਿਥੇ ਗੰਦਗੀ ਹੈ, ਉਥੇ ਮੱਖੀ ਛੇਤੀ ਉਡ ਕੇ ਜਾਂਦੀ ਹੈ। ਔਰ ਸਾਰਾ-ਸਾਰਾ ਦਿਨ ਗੁਜ਼ਾਰਦੀ ਹੈ। ਜਿਸ ਤਰ੍ਹਾਂ ਹਾਥੀ ਦਾ ਇਸ਼ਨਾਨ ਕਰਵਾਈਏ, ਮਲ-ਮਲ ਕੇ ਨੁਵਾਈਏ , ਪਾਣੀ ਵਿਚੋਂ ਨਿਕਲਦਿਆਂ-ਸਾਰ ਆਪਣੀ

ਮੂੰਡ ਵਿੱਚ ਪਾਣੀ ਲੈ ਕੇ ਫਿਰ ਆਪਣੇ ਤੇ ਪਾਉਂਦਾ ਹੈ। ਚਾਰ ਪ੍ਰਮਾਣ ਦਿੱਤੇ ਨੇ ਭਾਈ ਗੁਰਦਾਸ ਜੀ ਨੇ ਤੇ ਚੌਥੀ ਤੁੱਕ ਵਿਚ "ਗੁਰਮਤਿ-ਸਿਧਾਂਤ" ਬਿਆਨ ਕੀਤਾ ਹੈ। ਜਿਹੜੇ ਮਹਾਂਪੁਰਸ਼ਾ ਦੇ ਵਿਰੋਧੀ, ਨਿੰਦਕ, ਦੁਸ਼ਟਾਂ, ਪਾਪੀਆਂ, ਹਤਿਆਰਿਆਂ ਦੇ ਸੰਗੀ, ਉਹਨਾਂ ਨੂੰ ਸੰਗਤ ਚੰਗੀ ਨਹੀਂ ਲਗਦੀ। ਸ੍ਰੀ ਗੁਰੂ ਅਮਰਦੇਵ ਤੀਸਰੇ ਬਾਪੂ ਦਾ ਹੁਕਮ ਹੈ ਭਈ :

ਸੰਤਾਂ ਨਾਲਿ ਵੈਰੁ ਕਮਾਵਦੇ....,

ਤੇ ਮਨਮੁੱਖ ਦੇ ਮਨ ਦੀ ਹਾਲਤ ਹੈ ਸੰਤਾਂ ਨਾਲ, ਰੱਬ ਦੇ ਪਿਆਰਿਆਂ ਨਾਲ ਵੈਰ ਕਰਨਾ, ਉਹਨਾਂ ਦੀ ਨਿੰਦਿਆਂ ਕਰਨੀ, ਉਹਨਾਂ ਤੇ ਚਿੱਕੜ ਸੁੱਟਣਾ :

ਸੰਤਾ ਨਾਲਿ ਵੈਰੁ ਕਮਾਵਦੇ ਦੁਸ਼ਟਾ ਨਾਲਿ ਮੋਹ ਪਿਆਰੁ ॥

(ਪੰਨਾ ੬੪੯)

ਦੁਸ਼ਟਾਂ, ਪਾਪੀਆਂ, ਹਤਿਆਰਿਆਂ ਨਾਲ ਮੋਹ ਕਰਨਾ, ਪਿਆਰ ਕਰਨਾ, ਗਲਵਕੱੜੀਆਂ ਪਾਉਣੀਆਂ ਤੇ ਮਹਾਂਪੁਰਖਾਂ ਤੇ ਚਿੱਕੜ ਸੁੱਟਣਾ। ਨਤੀਜਾ ਕੀ ਹੈ ? ਐਸੇ ਦੁਸ਼ਟ ਲੋਕਾਂ ਨੂੰ ਨਾ ਮਾਤ-ਲੋਕ ਵਿਚ ਸੁੱਖ ਹੈ ਤੇ ਨਾ ਪਰਲੋਕ ਵਿਚ। ਬਾਰ-ਬਾਰ ਜੰਮਦੇ ਨੇ ਤੇ ਬਾਰ-ਬਾਰ ਮਰਦੇ ਨੇ। ਇਹ ਜਿਹੜਾ ਮੈਂ ਸ਼ਬਦ ਪੜ੍ਹਿਆ ਹੈ ਉਹ ਰਾਗ ਆਸਾ ਦਾ ਹੈ। ਔਰ ਇਸ ਦਾ ਥੋੜਾ ਜਿਹਾ ਪਿਛੋਕੜ ਵੀ ਹੈ। "ਬਾਬਾ ਬੁੱਢਾ" ਜੀ ਬੀੜ ਵਿਚ ਰਹਿੰਦੇ ਸਨ ਤੇ ਉਹਨਾਂ ਕੋਲ ਇਕ ਤੱਕੀਆ ਆਇਆ। ਇਹ ਲੁਕੇ ਹੋਏ ਹੀਰੇ ਨੇ ਇਤਿਹਾਸ ਦੇ ਜਿਹੜੇ ਸਾਡੇ ਕੰਨਾਂ ਤੱਕ ਨਹੀਂ ਪਹੁੰਚਦੇ। ਇਕ ਤੱਕੀਆ ਆਇਆ ਉਹਨਾਂ ਕੋਲ ਤੇ ਅੱਠ ਦਿਨ ਬੀੜ ਵਿੱਚ ਬੈਠਾ ਰਿਹਾ, ਕਿਸੇ ਨਾਲ ਬੋਲਿਆ ਨਹੀਂ। ਨੇਮ ਨਾਲ ਗੁਰਦੁਆਰੇ ਜਾਣਾ, ਕਥਾ ਸੁਣਨੀ, ਦਿਨੇ ਆਪਣਾ ਨਿਤਨੇਮ ਕਰਨਾ, ਤੇ ਰਾਤ ਨੂੰ ਫਿਰ ਸੰਗਤ ਵਿੱਚ ਆਉਣਾ, ਪਰ ਬੋਲਣਾ ਨਹੀਂ। ਅਠੱਵੇਂ ਦਿਨ "ਬਾਬੇ ਬੁੱਢੇ" ਦੇ ਅੱਗੇ ਢਹਿ ਕੇ ਲੰਮੇ ਪੈ ਗਿਆ। ਕਹਿਣ ਲੱਗਾ, "ਬਾਬਾ! ਜਿਹੋ ਜਿਹਾ ਤੁਹਾਨੂੰ ਸੁਣਿਆ ਸੀ ਉਹੋ ਜਿਹਾ ਵੇਖ ਲਿਆ। ਤੇ ਮੈਂ ਜਿਸ ਮਤਲਬ ਲਈ ਆਇਆ ਹਾਂ, ਮੈਂ ਅੱਜ ਝੋਲੀ ਅੱਡ ਕੇ ਤੁਹਾਡੇ ਕੋਲੋਂ ਖੈਰ ਮੰਗਦਾ ਹਾਂ ਬਾਬਾ ਜੀ, ਮੈਨੂੰ ਨਾਮ ਦੀ ਦਾਤ ਬਖਸ਼ੋ।" ਲੱਭਦਾ ਫਿਰਦਾ ਹਾਂ, ਪਰ ਅਜੇ ਤਕ ਮਨ ਦੀ ਮੁਰਾਦ ਪੂਰੀ ਨਹੀਂ ਹੋਈ ਮਹਾਰਾਜ, ਨਾਮ ਦੀ ਦਾਤ ਬਖਸ਼ੋ। ਬਾਬਾ ਜੀ ਕਹਿਣ ਲੱਗੇ, ਤੱਕੀਆ। ਤੂੰ ਧੰਨ ਹੈਂ, ਜਿਸ ਨੇ ਨਾਮ ਦੀ ਲੋੜ ਮਹਿਸੂਸ ਕੀਤੀ। ਨਹੀਂ ਤੇ ਦੁਨੀਆਂ ਵਿੱਚ ਨਾਮ ਦੀ ਲੋੜ ਦੁਨੀਆਂਦਾਰ ਮਹਿਸੂਸ ਹੀ ਨਹੀਂ ਕਰਦੇ। ਬੱਕਰੀ ਦੇ ਕੋਠੇ ਦੀ ਲੋੜ ਮਹਿਸੂਸ ਕਰਦੇ ਨੇ ਕਿ ਬੱਕਰੀ ਕਿਤੇ ਬਾਹਰ ਨਾ ਰਹਿ ਜਾਏ। ਜੇ ਪਾਥੀਆਂ ਬਾਹਰ ਪਾਈਆਂ ਹੋਣ ਤਾਂ ਉਹਨਾਂ ਨੂੰ ਵੀ ਅੰਦਰ ਪਾਉਣ ਦੀ ਲੋੜ ਮਹਿਸੂਸ ਕਰਦੇ ਨੇ ਕਿ ਕਿਤੇ ਭਿੱਜ ਨਾ ਜਾਣ। ਲੇਕਿਨ ਨਾਮ ਦੀ ਲੋੜ ਅਜੇ ਮਹਿਸੂਸ ਨਹੀਂ ਕਰਦੇ। ਇਹਨਾਂ ਨੂੰ ਪਤਾ ਹੀ ਨਹੀਂ ਕਿ ਨਾਮ ਵੀ ਕੋਈ ਵਸਤੂ ਹੈ, ਪਰ ਜਿਨ੍ਹਾਂ ਨੂੰ ਪਤਾ ਹੈ ਉਹ ਮੁਬਾਰਕ ਨੇ, ਧੰਨ ਨੇ! ਬਾਬੇ

ਬੁੱਢੇ ਆਖਿਆ "ਤੂ ਧੰਨ ਹੈਂ !" ਜਿਹੜਾ ਮੋਹ-ਮਾਇਆ ਦੇ ਭਰੇ ਜਗਤ ਵਿੱਚ ਪੈਦਾ ਹੋ ਕੇ ਨਾਮ ਦੀ ਲੋੜ ਮਹਿਸੂਸ ਕਰਦਾ ਹੈਂ। ਪਰ ਤੱਕੀਆ, ਤੂੰ ਥੋੜਾ ਜਿਹਾ ਟਪਲਾ ਖਾ ਗਿਆ ਹੈਂ, ਨਾਮ ਦੇ ਖਜ਼ਾਨੇ ਦੀ ਚਾਬੀ ਮੇਰੇ ਕੋਲ ਨਹੀਂ । ਨਾਮ ਦਾ ਦਾਤਾ ਸਾਹਿਬ ਸੱਚਾ ਪਾਤਸ਼ਾਹ ਸੋਢੀ ਸੁਲਤਾਨ ਪੰਜਵਾਂ ਨਾਨਕ ਸ੍ਰੀ ਅੰਮ੍ਰਿਤਸਰ ਸਾਹਿਬ ਰਹਿੰਦਾ ਹੈ । ਆ ਮੈਂ ਤੈਨੂੰ ਉਹਦੇ ਕੋਲ ਲੈ ਜਾਵਾਂ ! ਦੇਖੋ, ਇਹ ਗੁਰਮਤਿ ਹੈ । ਸਰਕਾਰ ਨੇ ਬਹੱਤਰ ਪੰਘੂੜੇ ਬਣਾਏ ਸਨ, ਇਹ ਸੀ ਗ੍ਰਹਿਸਥ ਦੀ ਨਿਸ਼ਾਨੀ। ਭਈ ਇਹਨਾਂ ਪੰਘੂੜਿਆਂ ਵਿੱਚ ਬੱਚੇ ਲਿਟਾ ਕੇ ਤੇ ਗੁਰੂ ਘਰ ਦੀ ਸੇਵਾ ਕਰਦੇ ਰਹਿਣਾ। ਬਾਬੇ ਬੁੱਢੇ ਨੇ ਆਖਿਆ, "ਤੱਕੀਆ ! ਚੱਲ ਮੈਂ ਤੈਨੂੰ ਗੁਰੂ ਕੋਲ ਲੈ ਚੱਲਾਂ।" ਸਾਰਾ ਦਿਨ ਬੀੜ ਵਾਲੇ ਗੁਰੂਦੁਆਰੇ ਦਾ ਕੰਮ ਸਾਂਭ ਕੇ, ਰਹਰਾਸਿ ਪੜ੍ਹ ਕੇ, ਅਰਦਾਸ ਕਰਕੇ, ਮਾਇਆ ਸਾਂਭ ਕੇ, ਜਿੰਨੀ ਇਕੱਠੀ ਹੁੰਦੀ ਸੀ, ਬੋਰੀ ਵਿੱਚ ਪਾ ਕੇ "ਹਰਿਮੰਦਰ ਸਾਹਿਬ" ਭੇਜ ਦਿੰਦੇ ਸਨ, ਆਪਣੇ ਕੋਲ ਕੁਝ ਨਹੀਂ ਸੀ ਰੱਖਦੇ। ਜਿਸ ਕਮਰੇ ਵਿੱਚ ਗੁਰੂ ਅਮਰ ਦੇਵ ਆਰਾਮ ਕਰਦੇ ਸੀ, ਉਸ ਦੇ ਲਾਗੇ ਕਮਰੇ ਵਿੱਚ "ਬਾਬੇ ਬੁੱਢੇ" ਔਰ ਤੱਕੀਏ ਨੂੰ ਆਰਾਮ ਦਿੱਤਾ। "ਹਰਿਮੰਦਰ ਸਾਹਿਬ" ਦੀ ਡਿਊਟੀ ਤੋਂ ਵਿਹਲੇ ਹੋ ਕੇ ਸਰਕਾਰ ਆਪਣੇ ਕਮਰੇ ਵਿੱਚ ਆ ਗਏ ਕਿ ਬਾਬਾ ਜੀ ਦੇ ਦਰਸ਼ਨ ਹੁਣ ਸਵੇਰੇ ਈ ਕਰਾਂਗੇ । ਔਰ ਬਾਬਾ ਬੁੱਢਾ ਤੇ ਤੱਕੀਆ ਸਾਰੀ ਰਾਤ ਪ੍ਰਮਾਰਥ ਦੀਆਂ ਗੱਲਾਂ ਕਰਦੇ ਰਹੇ ਔਰ ਆਪਣੇ ਪਿਆਰੇ ਪ੍ਰੀਤਮ ਨੂੰ ਲੱਭਣ ਤੇ ਢੂੰਡਣ ਦੀਆਂ ਗੱਲਾਂ ਕਰਦੇ ਰਹੇ। ਅਰਜਨ ਸਾਹਿਬ ਨੂੰ ਅਵਾਜ਼ ਪਹੁੰਚਦੀ ਰਹੀ, ਹਜ਼ੂਰ ਸਾਰੇ ਬਚਨ ਉਹਨਾਂ ਦੇ ਸੁਣਦੇ ਰਹੇ । ਔਰ ਪ੍ਰਭਾਤੇ ਇਸ਼ਨਾਨ ਕਰਕੇ, ਚੌਂਕੜਾ ਮਾਰ ਕੇ ਬਾਬੇ ਬੁੱਢੇ ਔਰ ਤੱਕੀਏ ਦੇ ਬਚਨਾਂ ਨੂੰ ਗੁਰਬਾਣੀ ਦਾ ਰੂਪ ਦੇ ਕੇ, ਸ਼ਬਦ ਦੀ ਸ਼ਕਲ ਦੇ ਕੇ "ਗੁਰੂ ਗ੍ਰੰਥ ਸਾਹਿਬ" ਵਿੱਚ ਅੰਕਿਤ ਕਰਕੇ ਸਦੀਵੀ ਉਪਦੇਸ਼ ਬਣਾ ਦਿੱਤਾ। ਸਲੋਕ ਦੇ ਦਿੱਤਾ ਲੋਕਾਂ ਦੇ ਕਲਿਆਣ ਵਾਸਤੇ ਉਪਦੇਸ਼ ਬਣਾ ਦਿੱਤਾ । ਤੱਕੀਏ ਨੇ ਬਾਬੇ ਬੁੱਢੇ ਅੱਗੇ ਪ੍ਰਸ਼ਨ ਕੀਤਾ ਕਿ ਬਾਬਾ, ਮੋਹ ਦੀ ਮਾੜੀ ਨੀਂਦ ਹੈ ਸਾਰਾ ਜਹਾਨ ਮੋਹ ਦੀ ਮਾੜੀ ਨੀਂਦ ਵਿੱਚ ਸੁੱਤਾ ਹੈ, ਕਬੀਰ ਸਾਹਿਬ ਦੀ ਕਿਤਾਬ ਹੈ, ਉਸ ਵਿੱਚ "ਨੀਂਦ ਤੇ ਗੋਰਖ" ਦਾ ਇਕ ਬੜਾ ਲੰਬਾ ਝਗੜਾ ਆਉਂਦਾ ਹੈ । ਭਈ :

"ਨੀਂਦ ਕਹੇ ਮੈਂ ਹਰਿ ਕੀ ਦਾਸੀ,
ਇਕ ਹੱਥ ਮੁਕਤ, ਦੂਜੇ ਹੱਥ ਫਾਂਸੀ ।"

ਨੀਂਦ ਕਹਿੰਦੀ ਹੈ ਮੇਰੇ ਹੱਥ ਵਿੱਚ ਮੁਕਤੀ ਹੈ । ਜਦੋਂ ਕੋਈ ਜਾਗਦਾ ਰਹੇ, ਮੇਰੀ ਪਰਵਾਹ ਨਾ ਕਰੇ, ਉਸ ਦੀ ਮੈਂ ਮੁਕਤੀ ਕਰ ਦੇਨੀ ਹਾਂ । ਔਰ ਜਿਹੜਾ ਮੇਰੇ ਪੰਜੇ ਵਿੱਚ ਫੱਸ ਜਾਏ, ਘੁਰਾੜੇ ਮਾਰਦਾ ਰਹੇ, ਸਾਰੀ ਜ਼ਿੰਦਗੀ ਬਤੀਤ ਕਰ ਦੇਵੇ, ਉਹਨੂੰ ਮੈਂ ਫਾਹੇ ਦਵਾ ਹੀ ਦਿੰਦੀ ਹਾਂ !

"ਨੀਂਦ ਕਹੇ ਮੈਂ ਆਪ ਬਿਪੱਤੀ,
ਗੋਰਖ ਜਾਗੇ ਮੈਂ ਭਈ ਸੁੱਤੀ ।"

ਜਾਗਣ ਵਾਲੇ ਨੂੰ "ਸਾਧੂ" ਆਖਿਆ। ਕੋਈ ਸਾਧੂ ਜਾਗਦਾ ਹੈ, ਕੋਈ ਰੱਬ ਦਾ ਮਹਾਂਪੁਰਸ਼ ਪਿਆਰਾ ਜਾਗਦਾ ਹੈ। ਮੋਹ ਦੀ ਨੀਂਦ ਦਾ ਮੁਕਾਬਲਾ ਕੀਤਾ ਨਹੀਂ ਜਾ ਸਕਦਾ। ਇਹ ਬਦੋ-ਬਦੀ ਆਦਮੀ ਨੂੰ ਢਾਹ ਲੈਂਦੀ ਹੈ। ਪਰ ਬਾਬਾ ਬੁੱਢਾ ਤੂੰ ਮੋਹ ਦੀ ਨੀਂਦ ਤੋਂ ਛੁਟਕਾਰਾ ਪਾ ਲਿਆ। ਇਹ ਤੱਕੀਏ ਦੇ ਬਚਨ ਸੀ। ਐ ਬਾਬਾ ਬੁੱਢਿਆ ਤੇਰੇ ਉਤੇ ਕਿਸ ਦੀ ਕਿਰਪਾ ਹੋਈ ? ਤੇਰੇ ਉਤੇ ਕਿਸ ਦੀ ਦਿਆਲਤਾ ਹੋਈ ? ਤੇਰੇ ਉਤੇ ਕਿਸ ਦੀ ਮਿਹਰਬਾਨੀ ਹੋਈ, ਤੂੰ ਕਿਵੇਂ ਮੋਹ ਦੀ ਨੀਂਦ ਤੋਂ ਬੱਚ ਗਿਆ ? ਬਾਬਾ ਬੁੱਢਾ, ਇਹ ਜਿਹੜੀ ਮਹਾ-ਮੋਹਨੀ ਅਰਥਾਤ ਮਾਇਆ ਹੈ, ਇਹ ਤੈਨੂੰ ਵਿਆਪਦੀ ਨਹੀਂ। ਸਾਰਾ ਦਿਨ ਬੀੜ ਵਿੱਚ ਜਗਿਆਸੂ ਆਉਂਦੇ ਰਹਿੰਦੇ ਨੇ, ਮਾਇਆ ਦਾ ਢੇਰ ਲਗਦਾ ਰਹਿੰਦਾ ਹੈ, ਸ਼ਾਮ ਨੂੰ ਬੋਰੀ ਵਿੱਚ ਪਾ ਕੇ ਹਰਿਮੰਦਰ ਸਾਹਿਬ ਭੇਜ ਦੇਦਾ ਹੈਂ, ਆਪਣੇ ਕੋਲ ਨਹੀਂ ਰੱਖਦਾ। ਲੋਕੀਂ ਇਹਦੇ ਵਾਸਤੇ ਬੜੇ ਪਾਪ, ਬੜੇ ਅਨਿਆਏ, ਬੜੀਆਂ ਕੁਰੀਤੀਆਂ ਕਰਦੇ ਨੇ ਬਾਬਾ ! ਤੈਨੂੰ ਇਹ ਵਿਆਪਦੀ ਨਹੀਂ !

"ਮਹਾ ਮੋਹਨੀ ਤੁਧੁ ਨਾ ਵਿਆਪੈ"

ਤੂੰ ਇਹਦੇ ਵੱਲ ਕਦੀ ਧਿਆਨ ਨਹੀਂ ਦਿੰਦਾ। ਤੂੰ ਇਹਦੇ ਵੱਲ ਪਿਆਰ ਹੀ ਨਹੀਂ ਕਰਦਾ। ਬੜੀ ਪ੍ਰਬਲ ਕਿਰਪਾ ਹੈ ਤੇਰੇ ਉਤੇ ਕਿਸੇ ਮਹਾਂਪੁਰਸ਼ ਦੀ !

"ਮਹਾਂ ਮੋਹਨੀ ਤੁਧੁ ਨਾ ਵਿਆਪੈ" *(ਪੰਨਾ ੩੮੩)*

ਜਿੰਨੇ ਵੀ ਤੁਸੀਂ ਸੱਜਣ ਬੈਠੇ ਹੋ, ਉਹ ਸਾਰੇ ਗੁਰੂ ਗ੍ਰੰਥ ਸਾਹਿਬ ਜੀ ਦਾ ਇਹ ਬਚਨ ਯਾਦ ਕਰੋ, ਜਿਹਦੇ ਵਿੱਚ ਸਾਹਿਬਾਂ ਨੇ ਉੱਚੀ ਅਵਾਜ਼ ਨਾਲ ਹੋਕਾ ਦਿੱਤਾ ਹੈ :

"ਓਟ ਗਹੀ ਤੌਂ ਛੂਟੋ ਪ੍ਰਭ ਕੀ....,
ਓਟ ਗਹੀ ਤੌਂ ਛੂਟੋ।
ਓਟ ਗਹੀ ਤੌਂ ਛੂਟੋ।"

ਸਾਹਿਬ ਕਹਿੰਦੇ ਨੇ ਇਕ ਐਸੀ ਸ਼ਕਤੀ ਸੰਸਾਰ ਵਿੱਚ ਕੰਮ ਕਰ ਰਹੀ ਹੈ, ਪ੍ਰਬਲ ਸ਼ਕਤੀ ਸੰਸਾਰ ਵਿੱਚ ਕੰਮ ਕਰ ਰਹੀ ਹੈ। ਉਹਦੇ ਕੋਲੋਂ ਜੇ ਛੁਟਕਾਰਾ ਪਾਉਣਾ ਜੇ ਤਾਂ ਪ੍ਰਭੂ ਦੀ ਓਟ ਲਉ, ਵਾਹਿਗੁਰੂ ਦੀ ਓਟ ਲਉ। "ਵਾਹਿਗੁਰੂ ਦੀ ਓਟ" ਤੋਂ ਬਿਨਾਂ ਉਸ ਵੱਡੀ ਸ਼ਕਤੀ ਤੋਂ ਤੁਹਾਡਾ ਛੁਟਕਾਰਾ ਨਹੀਂ ਹੋ ਸਕਦਾ। ਤੱਕੀਆ ਕਹਿੰਦਾ, ਮਹਾਰਾਜ ! ਕੋਈ ਹੋਰ ਉਪਾਅ ਹੈ ਨਹੀਂ। ਤੇ ਸਾਹਿਬਾਂ ਨੇ ਦੂਸਰਾ ਉਪਾਅ ਇਹ ਬਿਆਨ ਕੀਤਾ :

"ਸਾਧ ਪ੍ਰਸਾਦ !"

ਸਾਧ ਦੀ ਕਿਰਪਾ ਨਾਲ, ਸਾਧ ਦੀ ਰਹਿਮਤ ਨਾਲ। ਸਾਧੂ ਦੀ ਸੰਗਤ ਵਿੱਚ ਰਹਿ ਕੇ, ਸਾਧ ਦੀ ਕਿਰਪਾ-ਦ੍ਰਿਸ਼ਟੀ ਨਾਲ, ਮਨ ਕਰਕੇ, ਬਚਨਾਂ ਕਰਕੇ, ਕਰਮਾਂ ਕਰਕੇ, ਜਿਹੜਾ ਧਿਆਉਂਦਾ ਰਹਿੰਦਾ ਹੈ "ਸਤਿਨਾਮ-ਵਾਹਿਗੁਰੂ" ਨੂੰ, ਉਹਦਾ ਤੇ

ਛੁਟਕਾਰਾ ਹੋ ਜਾਏਗਾ। ਨਹੀਂ ਤੇ ਉਸ ਮਹਾਂ ਸ਼ਕਤੀ ਕੋਲੋਂ ਛੁਟਕਾਰਾ ਨਹੀਂ ਹੁੰਦਾ। ਤਾਂ ਸਿੱਖਾਂ ਨੇ ਹੱਥ ਜੋੜ ਕੇ ਆਖਿਆ, ਮਹਾਰਾਜ ਜੀ, ਇੰਨੀ ਵੱਡੀ ਪ੍ਰਬਲ ਸ਼ਕਤੀ, ਦਾਅ-ਪੇਚ ਜਿਹਦੇ ਤੁਸੀਂ ਬੜੇ ਵਰਤਦੇ ਹੋ, ਜੇ ਸਾਡੇ ਉਤੇ ਵੀ ਹਮਲਾ ਕਰ ਜਾਏ ਤੇ ਸਾਨੂੰ ਪਤਾ ਨਹੀਂ ਲੱਗਣਾ। ਕਿਰਪਾ ਕਰਕੇ ਉਹਦਾ ਕੋਈ ਚਿੰਨ੍ਹ-ਚੱਕਰ ਸਾਨੂੰ ਦੱਸ ਦਿਉ ਤੇ ਗਰੀਬ-ਨਿਵਾਜ਼ ਸੱਚੇ ਪਾਤਸ਼ਾਹ ਨੇ ਪਹਿਲੀ ਤੁੱਕ ਵਿੱਚ ਉਸ ਦੇ ਚਿੰਨ੍ਹ-ਚੱਕਰ ਲਿਖੇ ਨੇ ;

"ਜਿਨਿ ਕੀਨੇ ਵਸਿ ਅਪੁਨੈ ਤ੍ਰੈ ਗੁਣ"

ਤਿੰਨ ਗੁਣ ਨੇ ਰਜੋ, ਤਮੋ, ਸਤੋ ! ਤਿੰਨਾਂ ਗੁਣਾਂ ਤੋਂ ਨਿਰਾਦ ਹੈ ਬ੍ਰਹਮਾ, ਵਿਸ਼ਨੂੰ, ਮਹੇਸ਼। ਸਾਹਿਬ ਕਹਿੰਦੇ ਨੇ ਇਹ ਜਿਹੜੇ ਤਿੰਨ ਗੁਣ ਨੇ ਬ੍ਰਹਮਾ, ਵਿਸ਼ਨੂੰ, ਮਹੇਸ਼, ਉਸ ਸ਼ਕਤੀ ਨੇ ਆਪਣੇ ਵੱਸ ਵਿਚ ਕੀਤੇ ਹੋਏ ਨੇ ! ਤੁਸੀਂ ਸ਼ਿਵਜੀ ਦੀ ਕੋਈ ਤਸਵੀਰ ਵੇਖ ਲਵੋ, ਉਹਨੇ ਬੈਲ ਦੇ ਪਿਛੇ ਪਾਰਬਤੀ ਬੈਠਾਈ ਹੋਈ ਹੈ। ਤੁਸੀਂ ਕੋਈ ਤਸਵੀਰ ਰਾਮ ਚੰਦਰ ਦੀ ਵੇਖ ਲਉ, ਸੀਤਾ ਨਾਲ ਹੈ। ਕ੍ਰਿਸ਼ਨ ਦੀ ਕੋਈ ਤਸਵੀਰ ਵੇਖ ਲਵੋ, ਰਾਧੇ ਨਾਲ ਹੈ। ਬ੍ਰਹਮਾ ਦੀ ਤੁਸੀਂ ਕੋਈ ਤਸਵੀਰ ਵੇਖ ਲਵੋ, ਸਾਵਿਤਰੀ ਨਾਲ ਹੈ। ਜਿਸ ਸ਼ਕਤੀ ਨੇ ਬ੍ਰਹਮਾ, ਵਿਸ਼ਨੂੰ, ਮਹੇਸ਼ ਆਪਣੇ ਵੱਸ ਕਰ ਲਏ ਨੇ, ਚਾਰ ਭਵਨ ਤੇ ਸਾਰਾ ਸੰਸਾਰ ਵੀ ਜਿਸ ਨੇ ਆਪਣੇ ਵੱਸ ਵਿੱਚ ਕਰ ਲਿਆ ਹੋਇਆ ਹੈ ਨਾ। ਜਿਹੜੇ ਜਗਤ ਦੇ ਇਸ਼ਨਾਨ ਕਰਨ ਵਾਲੇ ਤੀਰਥ ਹੈ ਨਾ, ਇਹ ਵੀ ਉਸ ਸ਼ਕਤੀ ਨੇ ਆਪਣੇ ਵੱਸ ਵਿਚ ਕਰ ਲਏ ਹੋਏ ਨੇ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਢੰਡੋਰਾ, ਬਾਰ-ਬਾਰ ਦਿੱਤਾ ਹੋਇਆ ਢੰਡੋਰਾ ਅਸਾਂ ਸੁਣਿਆ ਨਹੀਂ !

"ਤੀਰਥਿ ਜਾਉ ਤ ਹਉ ਹਉ ਕਰਤੇ ॥
ਤੀਰਥਿ ਜਾਉ ਤ ਹਉ ਹਉ ਕਰਤੇ ॥
ਪੰਡਿਤ ਪੂਛਉ ਤ ਮਾਇਆ ਰਾਤੇ ॥੧॥
ਪੰਡਿਤ ਪੂਛਉ ਤ ਮਾਇਆ ਰਾਤੇ ॥੧॥" (ਪੰਨਾ ੩੮੫)

ਮਾਨ ਸਿੰਘ ਝੌਰ ਜੀ ਕਹਿੰਦੇ, ਮੈਂ ਬੰਬਈ ਵਿਚ ਗਾਂਈਂ ਦੀ ਪੂਜਾ ਵੇਖੀ ਹੈ, ਗਾਂਈਂ ਦੀ ਪੂਜਾ ! ਮਾਈਆਂ ਦਸਾਂ ਕੁ ਪੈਸਿਆਂ ਦੀਆਂ ਘਾਹ ਦੀਆਂ ਤੜੀਆਂ ਲੈਂਦੀਆਂ ਨੇ ਮਹਾਰਾਸ਼ਟਰ ਦੀਆਂ। ਤੇ ਇਕ ਵੱਛੀ ਹੁੰਦੀ ਹੈ ਫੜੀ ਹੋਈ ਰੱਸੀਓਂ। ਇਧਰ ਵੱਛੀ ਖਲ੍ਹਾਰ ਦਿੰਦੀਆਂ ਨੇ ਤੇ ਉਧਰ ਘਾਹ ਰੱਖ ਦਿੰਦੀਆਂ ਨੇ। ਵੱਛੀ ਵਿਚਾਰੀ ਨੇ ਤਾਂ ਘਾਹ ਵੱਲ ਵੇਖ ਕੇ ਆਸ ਲਾਉਣੀ ਹੈ ਨਾ ਕਿਤੇ ਮੇਰੇ ਮੂੰਹ ਵਿਚ ਪੈ ਜਾਵੇ। ਤੇ ਇਕ ਮਾਈ ਜਿਸ ਨੇ ਸੋਟੀ ਫੜੀ ਹੁੰਦੀ ਹੈ ਉਹ ਵੇਖਦੀ ਹੈ ਖਬਰਦਾਰ ਜੇ ਘਾਹ ਵਲ ਵੇਖਿਆ ਤੇ ਫਿਰ ਲੰਘਦਾ ਟਪਦਾ ਮਹਾਰਾਸ਼ਟਰ ਦਾ ਬੰਦਾ ਆ ਜਾਂਦਾ ਹੈ ਤੇ ਫਿਰ ਮਾਈ ਵੱਲ ਵੇਖਦਾ ਹੈ ਤੇ ਫਿਰ ਮਾਈ ਘਾਹ ਦੀ ਇਕ ਤੜੀ ਫੜ ਕੇ ਵੱਛੀ ਅੱਗੇ ਪਾਉਂਦੀ ਹੈ ਤੇ ਫਿਰ ਜਦੋਂ ਵੱਛੀ ਫੜਨ ਲੱਗਦੀ ਹੈ ਤਾਂ ਉਹ

ਮਾਈ ਫਿਰ ਚੁੱਕ ਕੇ ਘਾਹ ਪਿੱਛੇ ਰੱਖ ਦਿੰਦੀ ਹੈ। ਉਹ ਦਸਾਂ ਪੈਸਿਆਂ ਦੇ ਵੀਹ ਰੁਪਏ ਬਣਾਉਂਦੀਆਂ ਨੇ ਤੇ ਫਿਰ ਘਾਹ ਘਰ ਲੈ ਜਾਂਦੀਆਂ ਨੇ। ਕਿੰਨਾ ਫਰੇਬ ਹੈ ਪੂਜਾ ਵਿਚ, ਕਿੰਨਾ ਦਗਾ ਹੈ ਪੂਜਾ ਵਿਚ। ਵੱਛੀ ਵਿਚਾਰੀ ਸਾਰਾ ਦਿਨ ਭੁੱਖੀ ਹੀ ਮਰ ਜਾਂਦੀ ਹੈ। ਉਹਦੇ ਨਾਂ ਤੇ ਦਸਾਂ ਪੈਸਿਆਂ ਦਾ ਘਾਹ ਖਰੀਦ ਕੇ ਵੀਹ ਰੁਪਏ ਕਮਾ ਕੇ, ਘਾਹ ਫਿਰ ਸਾਰੇ ਦਾ ਸਾਰਾ ਬਚਾ ਲਿਆ। ਤੇ ਦਾਅਵਾ ਇਹ ਹੈ ਹਮ ਗਊ ਕੇ ਰਖਸ਼ਕ ਹੈਂ। ਉਹ ਜਿਹੜੀ ਸ਼ਕਤੀ ਹੈ ਇਸ ਨੇ ਜਗਤ ਦੇ ਇਸ਼ਨਾਨ ਕਰਨ ਵਾਲੇ ਤੀਰਥ ਵੀ ਵੱਸ ਵਿੱਚ ਕਰ ਲਏ। ਜਿਹੜੇ ਸਾਧਾਂ ਦੇ ਤਪੱਸਿਆ ਕਰਨ ਵਾਲੇ ਤਪੋਬਨ ਸਨ, ਉਹ ਵੀ ਉਸ ਸ਼ਕਤੀ ਨੇ ਆਪਣੇ ਵੱਸ ਕਰ ਲਏ। ਜਿਸ ਨੇ ਤੀਰਥ ਵੱਸ ਵਿਚ ਕਰ ਲਏ , ਤਪੱਸਵੀ ਵੱਸ ਵਿਚ ਕਰ ਲਏ, ਵਿਸ਼ਨੂੰ, ਬ੍ਰਹਮਾ, ਮਹੇਸ਼ ਵੱਸ ਵਿੱਚ ਕਰ ਲਏ, ਸਾਰਾ ਸੰਸਾਰ ਵੱਸ ਵਿਚ ਕਰ ਲਿਆ, ਉਸ ਸ਼ਕਤੀ ਅੱਗੇ ਵਿਚਾਰਾ ਮਨੁੱਖ ਕੀ ਹੋਇਆ ? ਇਹ ਇਨਸਾਨ ਵਿਚਾਰਾ ਕੀ ਹੋਇਆ ? ਜੇ ਛੁਟਕਾਰਾ ਪਾਉਣਾ ਜੇ :

"ਓਟ ਗਹੀ ਤੌਂ ਛੂਟੋ ਪ੍ਰਭ ਕੀ, ਓਟ ਗਹੀ ਤੌਂ ਛੂਟੋ।"

ਸਿੱਖਾਂ ਨੇ ਹੱਥ ਜੋੜੇ, ਮਹਾਰਾਜ ! ਸ਼ਕਤੀ ਬੜੀ ਪ੍ਰਬਲ ਹੈ। ਇਹਦੇ ਤੋਂ ਛੁਟਕਾਰਾ ਪਾਉਣਾ ਬੜਾ ਮੁਸ਼ਕਲ ਹੈ। ਕ੍ਰਿਪਾ ਕਰਕੇ ਸਾਨੂੰ ਉਸ ਦੀ ਸ਼ਕਲ ਬਿਆਨ ਕਰੋ। ਉਸ ਦਾ ਰੂਪ ਰੰਗ ਦੱਸ ਦਿਉ, ਕਿਤੇ ਰਾਤ-ਬਰਾਤੇ ਸਾਡੇ ਉਤੇ ਹਮਲਾ ਕਰ ਜਾਏ ਤੇ ਉਹਦੀ ਸ਼ਕਲ ਵੇਖ ਕੇ ਅਸੀਂ ਪਹਿਚਾਣ ਜਾਈਏ। ਉਸ ਦੀ ਸ਼ਕਲ ਸਾਨੂੰ ਦੱਸ ਦਿਉ, ਅਸੀਂ ਨਾ ਕਿਤੇ ਲੁੱਟੇ ਜਾਈਏ ਤੇ ਸਾਹਿਬ ਉਸ ਦੀ ਸ਼ਕਲ ਬਿਆਨ ਕਰਦੇ ਨੇ :

ਉਸ ਦੇ ਕੰਨ ਹੈ ਨੀ ਅਰਥਾਤ ਭਾਵੇਂ ਸਾਰਾ ਦਿਨ ਉਸ ਦੀਆਂ ਗੱਲਾਂ ਕਰਦੇ ਰਹੋ।

ਚੌਦਾਂ ਕਰੋੜ ਅਵਾਜ਼ ਮਾਰੋ, ਮੂੰਹੋਂ ਬੋਲ ਹੀ ਨਹੀਂ ਸਕਦੀ। ਨਾ ਉਸ ਦੇ ਲੱਬ, ਨਾ ਉਸ ਦੀ ਜ਼ਬਾਨ, ਨਾ ਉਸ ਦਾ ਤਾਲੂ, ਨਾ ਉਸ ਦੀ ਠੋਡੀ, ਨਾ ਅੱਖੀਆਂ, ਨਾ ਨੱਕ, ਸ਼ਕਲ ਉਸ ਦੀ ਇੰਨੀ ਭੈੜੀ। ਬ੍ਰਹਮਾ, ਵਿਸ਼ਨੂੰ, ਮਹੇਸ਼ ਨੂੰ ਮੋਹ ਲੈਣ ਵਾਲੀ ਨਜ਼ਰ ਅਰਥਾਤ ਹੈ ਬ੍ਰਹਮਾ, ਵਿਸ਼ਨੂੰ, ਮਹੇਸ਼ ਨੂੰ ਮੋਹ ਲੈਣ ਵਾਲੀ ਦੀਆਂ ਅੱਖਾਂ ਵੀ ਹੈ ਨਹੀਂ। ਸ਼ਕਲ ਇੰਨੀ ਭੈੜੀ ਹੈ ਕਿ ਅੱਖਾਂ ਹੈ ਨਹੀਂ, ਭਰਵੱਟੇ ਹੈ ਨਹੀਂ, ਬੁੱਲ੍ਹ ਹੈ ਨਹੀਂ, ਤਾਲੂ ਹੈ ਨਹੀਂ, ਦੰਦ ਹੈ ਨਹੀਂ, ਜ਼ਬਾਨ ਹੈ ਨਹੀਂ, ਲੇਕਿਨ ਚਲਾਕ ਏਨੀ ਹੈ, ਠੱਗੀਬਾਜ਼ ਐਸੀ ਹੈ, ਚਲਾਕ ਐਸੀ ਹੈ ਕਿ ਸਾਰਿਆਂ ਨੂੰ ਮੋਹ ਲੈਂਦੀ ਹੈ। ਜੇ 90 ਵਰ੍ਹਿਆਂ ਦੇ ਹੱਥ ਵਿੱਚ ਆ ਜਾਏ ਹੈ ਤਾਂ ਉਹ ਨਹੀਂ ਮੁੱਠ ਖੋਲ੍ਹਦਾ। ਜੇ ਸਵਾ ਮਹੀਨੇ ਦੇ ਕਾਕੇ ਦੇ ਹੱਥ ਵਿਚ ਆ ਜਾਏ ਹੈ ਤਾਂ ਮੁੱਠ ਉਹ ਵੀ ਨਹੀਂ ਖੋਲ੍ਹਦਾ। ਗਿਆਨੀ ਧਿਆਨੀ ਕੁੜੀ ਦੇ ਵਿਆਹ ਵੇਲੇ ਬੜਾ ਉਪਦੇਸ਼ ਕਰਦੇ ਨੇ ਪਤੀ ਪਰਮੇਸ਼ਵਰ ਹੁੰਦਾ ਹੈ, ਪਤੀ ਸੰਤ ਹੈ ਤੇਰਾ, ਪਤੀ ਦੀ ਸੇਵਾ ਵਿਚ ਹੀ ਤੇਰੀ ਮੁਕਤੀ ਹੈ। ਪਰ ਮਾਨ ਸਿੰਘ ਝੌਰ ਜੀ ਕਹਿੰਦੇ ਮੈਂ ਕਿਸੇ ਵੇਲੇ ਹੈਰਾਨ ਹੁੰਦਾ ਹਾਂ ਕਿ ਜੇ

ਪਤੀ ਪਰਮੇਸ਼ਵਰ ਹੈ, ਜੇ ਪਤੀ ਸੰਤ ਹੈ ਤੇ ਮਾਈਆਂ ਦੀ ਲਾਈਨ ਲਾ ਕੇ ਪੁੱਛੀਏ ਮਾਂ ! ਤੂੰ ਆਪਣੇ ਪਰਮੇਸ਼ਵਰ ਕੋਲੋਂ ਕੁਝ ਲੁਕਾਅ ਕੇ ਤੇ ਨਹੀਂ ਰਖਿਆ ਹੋਇਆ, ਪਰਮੇਸ਼ਵਰ ਨਾਲ ਤੇ ਨਹੀਂ ਕੋਈ ਹੇਰਾ-ਫੇਰੀ ਕੀਤੀ ਤੇ ਸਿਆਣੀਆਂ ਮਾਈਆਂ ਉਦੋਂ ਉਸੇ ਵੇਲੇ ਦੱਸ ਦੇਣਾ ਕਿ ਫਲਾਣੀ ਪਟਾਰੀ ਵਿਚ ਮੇਰਾ ਸੌ ਦਾ ਨੋਟ ਪਿਆ ਹੈ, ਮੈਂ ਲੁਕਾਅ ਕੇ ਰਖਿਆ ਹੋਇਆ ਹੈ, ਮਰਨ ਜੀਉਣ ਦੀ ਥਾਂ ! ਜੇ ਆਦਮੀ ਆਪਣੀ ਪਤਨੀ ਨਾਲ ਧੋਖਾ ਕਰ ਸਕਦਾ ਹੈ, ਪਰਮੇਸ਼ਵਰ ਨਾਲ ਧੋਖਾ ਕਰ ਸਕਦਾ ਹੈ ਤਾਂ ਸੰਸਾਰ ਨਾਲ ਉਹ ਕਿੰਨਾ ਇਮਾਨਦਾਰੀ ਨਾਲ ਵਰਤੇਗਾ। ਇਸ ਦੇ ਗੁਲਾਮ ਹੋ ਗਏ ਹਾਂ ਅਸੀਂ। ਸਿੱਖਾਂ ਆਖਿਆ ਮਹਾਰਾਜ ਸ਼ਕਲ ਇਸ ਦੀ ਬੜੀ ਭੈੜੀ ਹੈ, ਪਹਿਚਾਣੀ ਨਹੀਂ ਜਾਣੀ, ਤੁਸੀਂ ਸ਼ਕਲ ਬਿਆਨ ਕਰ ਜਾਉ। ਸਾਹਿਬਾਂ ਨੇ ਲਛੱਣ ਬਿਆਨ ਕੀਤੇ ਨੇ ਕਿ ਉਸ ਨੇ ਮਾਂ ਨਾਲ ਧੀ ਲੜਾ ਦਿੱਤੀ, ਨੂੰਹ ਨਾਲ ਸੱਸ ਲੜਾ ਦਿੱਤੀ, ਪਿਉ ਨਾਲ ਪੁੱਤ ਲੜਾ ਦਿੱਤਾ, ਲੇਕਿਨ ਸਾਹਿਬਾਂ ਨੇ ਇਸ ਤੋਂ ਬਚਣ ਦਾ ਉਪਾਇ ਵੀ ਦੱਸਿਆ ਹੈ। ਮਹਾਰਾਜ ਕਹਿੰਦੇ, ਜੇ ਇਸ ਤੋਂ ਬਚਣਾ ਹੈ, ਘਰ ਵਿਚ ਸ਼ਾਂਤੀ ਲਿਆਉਣੀ ਜੇ, ਤਾਂ ਕਦੇ ਵੀ "ਵਾਹਿਗੁਰੂ" ਦੇ ਨਾਮ ਦਾ ਪੱਲਾ ਨਾ ਛੱਡਣਾ।

ਸੋ ਗੁਰਸਿੱਖੋ ! "ਤੁਸੀਂ ਜਿੰਨੇ ਵੀ ਆਏ ਹੋ ਸਮਝ ਗਏ ਹੋਵੋਗੇ ਕਿ ਸੰਸਾਰ ਵਿਚ ਕਿਹੋ ਜਿਹੀਆਂ ਸ਼ਕਤੀਆਂ ਨੇ ਜੋ ਘਰ ਵਿਚ ਵੀ ਤੇ ਸੰਸਾਰ ਵਿਚ ਵੀ ਅਸ਼ਾਂਤੀ ਪੈਦਾ ਕਰ ਸਕਦੀਆਂ ਨੇ, ਪਰ ਅਸੀਂ "ਸਤਿਨਾਮ-ਵਾਹਿਗੁਰੂ" ਦੇ ਨਾਮ ਦਾ ਪੱਲਾ ਨਹੀਂ ਛੱਡਣਾ। ਅਸੀਂ ਉਸ "ਸਾਹਿਬ" ਵਾਂਗੂੰ ਬਣਨਾ ਹੈ ਜੋ ਇੰਨੀ ਮਾਰ ਖਾਣ ਦੇ ਬਾਵਜੂਦ ਵੀ ਉਸ ਆਦਮੀ ਦੀ ਅਰਦਾਸ ਕਰ ਰਿਹਾ ਹੈ, ਵਾਹਿਗੁਰੂ ਅੱਗੇ ਜੋ ਉਸ ਨੂੰ ਬਿਨਾਂ ਕਿਸੇ ਗਲਤੀ ਤੋਂ ਮਾਰ ਰਿਹਾ ਹੈ। ਜੇ ਵਾਹਿਗੁਰੂ ਦਾ ਸਾਥ ਤੁਹਾਡੇ ਨਾਲ ਹੈ ਤਾਂ ਸੰਸਾਰ ਵੀ ਤੁਹਾਡੇ ਨਾਲ ਹੈ।"

ਵਾਹਿਗੁਰੂ ਕੀ ਉਪਮਾ

ਸੰਸਾਰੀ ਢਾਂਚਾ ਐਸੀ ਢਾਲਣਾ ਵਿਚ ਢਾਲਿਆ ਗਿਆ ਹੈ, ਜਿਸ ਵਿਚ ਇਨਸਾਨ ਨੂੰ ਕਿਸੇ ਵੀ ਚੀਜ਼ ਦਾ ਗਿਆਨ ਨਹੀਂ। ਕੁਝ ਇਹੋ ਜਿਹੀਆਂ ਗਿਆਨ ਦੀਆਂ ਗੱਲਾਂ ਹਨ ਜੋ ਅੱਜ ਦੀ ਪੀੜ੍ਹੀ ਦੇ ਲੋਕਾਂ ਨੂੰ ਪਤਾ ਨਹੀਂ। ਪਰ ਅੱਜ ਅਸੀਂ ਗਿ: ਮਾਨ ਸਿੰਘ ਝੌਰ ਜੀ ਕੋਲੋਂ ਕਿਰਤ ਦੇ ਬਾਰੇ ਕੁਝ ਗਿਆਨ ਦੀਆਂ ਗੱਲਾਂ ਹਾਸਿਲ ਕਰਾਂਗੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਅੰਮ੍ਰਿਤ ਬਾਣੀ ਦਾ ਸਹਾਰਾ ਕਦੀ ਆਪਣੇ ਉੱਪਰ ਲਉ। ਮਿੰਟ-ਮਿੰਟ ਉਤੇ ਟੇਕ ਲਉ। ਮਿੰਟ-ਮਿੰਟ ਤੱਕ ਉਹਨਾਂ ਦੀ ਰੌਸ਼ਨੀ ਪ੍ਰਾਪਤ ਕਰਕੇ ਫਿਰ ਉਹਦੇ ਵਿਚ ਸਫਰ ਕਰੋ, ਤੁਹਾਨੂੰ ਸੁਆਦ ਜਿਹਾ ਆਵੇਗਾ। ਸਰਕਾਰ ਕਹਿੰਦੇ ਨੇ :

"ਕੀਰਤਿ ਕਰਨ ਸਰਨ ਮਨਮੋਹਨ ਜੋਹਨ"

ਦੋ ਗੱਲਾਂ ਦੱਸੀਆਂ ਹਨ ਸਰਕਾਰ ਨੇ, ਇਕ ਵਾਹਿਗੁਰੂ ਦੀ ਕੀਰਤੀ ਕਰਨੀ, ਵਾਹਿਗੁਰੂ ਦੀ ਉਪਮਾ ਕਰਨੀ, ਵਾਹਿਗੁਰੂ ਦੀ ਵਡਿਆਈ ਕਰਨੀ, ਵਾਹਿਗੁਰੂ ਦੀ ਸੋਭਾ ਕਰਨੀ। ਇਕ ਹੈ ਇਹ ਕੰਮ ਔਰ ਦੂਜਾ ਜਿਹੜਾ ਮਨਮੋਹਨ ਸਤਿਨਾਮ ਹੈ ਉਸ ਦੀ ਸ਼ਰਨ ਵੱਲ ਵੇਖਣਾ ਯਾਨੀ ਉਹਦੀ ਸ਼ਰਨ ਲੈਣੀ! "ਵਾਹਿਗੁਰੂ ਦੀ ਸ਼ਰਨ ਲੈਣੀ" ਤੇ "ਵਾਹਿਗੁਰੂ ਦੀ ਕੀਰਤੀ ਕਰਨੀ" ਇਹ ਦੋਵੇਂ ਚੀਜ਼ਾਂ ਪਾਪਾਂ ਨੂੰ ਨਸ਼ਟ ਕਰਨ ਵਾਸਤੇ ਹਨ, ਪਾਪਾਂ ਨੂੰ ਤਬਾਹ ਕਰਨ ਵਾਸਤੇ ਹਨ, ਪਾਪਾਂ ਨੂੰ ਬਰਬਾਦ ਕਰਨ ਵਾਸਤੇ ਸਮਰਥ ਨੇ ਇਹ ਦੋਵੇਂ ਚੀਜ਼ਾਂ! ਅਸੀਂ ਹੁਣ ਕਿਰਤ ਕਰਨੋਂ ਸੰਗਦੇ ਹਾਂ, ਉਹਦੀ ਸ਼ਰਨ ਲੈਣੋਂ ਵੀ ਝਿਜਕਦੇ ਹਾਂ। ਗਿ: ਮਾਨ ਸਿੰਘ ਝੌਰ ਜੀ ਕਹਿੰਦੇ ਹਨ ਕੀਰਤੀ ਕਰਨ ਵਾਲੇ ਮੈਂ ਵੇਖੇ ਨੇ "ਸੰਤ ਬਾਬਾ ਸ਼ਾਮ ਸਿੰਘ ਜੀ" ਪਹਿਲਾਂ ਤੇ ਇਹ ਆਪਣੇ ਡੇਰੇ ਕੀਰਤਨ ਕਰਦੇ ਸਨ, ਫਿਰ "ਸ੍ਰੀ ਅਕਾਲ ਤਖਤ ਸਾਹਿਬ" ਜਾ ਕੇ ਕੀਰਤਨ ਕਰਦੇ ਸਨ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਚੌਂਕੀ ਦੀ ਸਮਾਪਤੀ ਕਰਕੇ, ਡੇਰੇ ਜਾ ਕੇ, ਥੋੜਾ ਜਿਹਾ ਆਹਾਰ ਕਰਕੇ, ਘੰਟਾ ਕੁ ਆਰਾਮ ਕਰਕੇ, ਫਿਰ ਕੀਰਤਨ ਕਰਨ ਲੱਗ ਪੈਂਦੇ ਸਨ। ਫਿਰ ਪਿਛਲੇ ਪਹਿਰ ਦਾ ਕੀਰਤਨ ਆਰੰਭ ਹੁੰਦਾ ਸੀ। ਰਾਤ ਨੂੰ ਜਿਹੜੀ ਗਿਆਰਾਂ ਵਜੇ ਚੌਂਕੀ ਨਿਕਲਦੀ ਹੈ "ਸ੍ਰੀ ਹਰਿਮੰਦਰ

ਸਾਹਿਬ", ਉਸ ਚੌਂਕੀ ਦੇ ਨਾਲ "ਬਾਬਾ ਸ਼ਾਮ ਸਿੰਘ ਜੀ" ਸ਼ਾਮਿਲ ਹੁੰਦੇ ਸਨ ਤੇ ਸਵੇਰੇ ਤਿੰਨ ਵਜੇ ਫਿਰ ਜਾਗੋ ਹੁੰਦੇ ਸਨ। ਤੁਸੀਂ ਗੌਰ ਫੁਰਮਾਉ ਕਿੰਨੀ ਕੁ ਸੋਭਾ ਉਹ ਕਰਦੇ ਹੋਣਗੇ, ਕਿੰਨੀ ਕੁ "ਕੀਰਤੀ" ਉਹ ਗਾਉਂਦੇ ਹੋਣਗੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਬਚਨ ਹੈ ਨਾ ਭਾਈ :

"ਕੀਰਤਿ ਪ੍ਰਭ ਕੀ ਗਾਉ ਮੇਰੀ ਰਸਨਾਂ॥" (ਪੰਨਾ ੧੨੯੮)

ਤੇ ਸੱਚੀਂ-ਮੁੱਚੀਂ ਉਹ ਗਾਉਂਦੇ ਸਨ :

"ਕੀਰਤਿ ਕਰਨ ਸਰਨ ਮਨਮੋਹਨ
ਜੋਹਨ ਪਾਪ ਬਿਦਾਰਨ ਕਉ ॥"
ਹਰਿ ਤਾਰਨ ਤਰਨ ਸਮ੍ਰਥ ਸਭੈ ਬਿਧਿ
ਕੁਲਹ ਸਮੂਹ ਉਧਾਰਨ ਸਉ ॥" (ਪੰਨਾ ੧੩੮੭)

"ਤਰਨ" ਦਾ ਅਰਥ ਹੈ ਜਹਾਜ਼! ਵਾਹਿਗੁਰੂ ਦੇ ਨਾਮ ਦਾ ਜਹਾਜ਼ ਜਿਹੜਾ ਹੈ ਨਾ, ਇਹ ਸੰਸਾਰ ਸਮੁੰਦਰ ਤੋਂ ਤਾਰਨ ਵਾਸਤੇ ਸਮਰਥ ਹੈ। ਏਸ ਨਾਮ ਦੇ ਜਹਾਜ਼ ਉਤੇ ਅਸੀਂ ਚੜ੍ਹ ਕੇ ਪਾਰ ਹੋ ਸਕਦੇ ਹਾਂ। ਹੋਰ ਦਿਖਾਵੇ ਦੇ ਕਰਮ ਜਿਹੜੇ ਨੇ ਉਹਨਾਂ ਦੇ ਜਹਾਜ਼ ਤੇ ਚੜ੍ਹ ਕੇ ਸੰਸਾਰ ਸਮੁੰਦਰ ਤੋਂ ਅਸੀਂ ਪਾਰ ਨਹੀਂ ਹੋ ਸਕਦੇ। ਵਾਹਿਗੁਰੂ ਦਾ ਨਾਮ ਸਾਰੀਆਂ ਕੁੱਲਾਂ ਦਾ ਪਾਰ-ਉਤਾਰਾ ਕਰਦਾ ਹੈ। ਐ ਮੇਰੇ ਚਿੱਤ! ਬੇਖਬਰ ਚਿੱਤ, ਮੇਰੇ ਗੁਮਰਾਹ ਚਿੱਤ, ਸੁੱਤੇ ਹੋਏ ਚਿੱਤ, ਤੂੰ ਨਿਰੰਕਾਰ ਨੂੰ ਸਿਮਰ, ਪਰ ਸਤਿਸੰਗ ਵਿਚ ਆ ਕੇ ਸਿਮਰ। ਮਾਨ ਸਿੰਘ ਝੌਰ ਜੀ ਦਸਦੇ ਹਨ, ਮੈਂ ਦਿਲੀ ਵਿਚ ਕਈ ਸਿੱਖ ਵੇਖੇ ਨੇ ਜੋ ਰੋਜ਼ ਗੁਰਦੁਆਰੇ ਆਉਂਦੇ ਸਨ, ਪਰ ਹੁਣ ਨਹੀਂ ਆਉਂਦੇ। ਕਈ ਸਿੱਖਾਂ ਨੂੰ ਮੈਂ ਪੁਛਿਆ, "ਸਰਦਾਰ ਜੀ, ਕੀ ਗੱਲ ਹੋਈ?" ਉਹ ਕਹਿੰਦੇ ਗੱਲ ਤੇ ਕੋਈ ਨਹੀਂ, ਵਾਹਿਗੁਰੂ ਨੇ ਬੜੀ ਕਿਰਪਾ ਕੀਤੀ, ਧਨ-ਪਦਾਰਥ ਬਖਸ਼ ਦਿੱਤਾ ਤੇ ਕੋਠੀ ਵੀ ਬਣਾ ਲਈ ਹੈ। ਔਰ ਉਸ ਕੋਠੀ ਵਿਚ ਇਕ ਕਮਰਾ "ਗੁਰੂ ਗ੍ਰੰਥ ਸਾਹਿਬ ਜੀ" ਦਾ ਵੀ ਬਣਾਇਆ ਹੈ। ਮਹਾਰਾਜ ਗੁਰਦੁਆਰੇ ਵਿਚ ਆਉਣ ਦੀ ਹੁਣ ਲੋੜ ਹੀ ਨਹੀਂ ਰਹੀ, ਮਹਾਰਾਜ ਦੇ ਦਰਸ਼ਨ ਘਰ ਹੀ ਕਰ ਲੈਂਦੇ ਹਾਂ। ਤੇ ਮੈਂ ਫਿਰ ਝਿਜਕਦਾ ਨਹੀਂ, ਮੈਂ ਕਹਿ ਦੇਂਦਾ ਹਾਂ, ਸਰਦਾਰਾ, ਘਾਟੇ ਵਿਚ ਚਲਾ ਗਿਆ ਏਂ! ਕੀ ਹੋਇਆ ਕੋਠੀ ਬਣਾ ਲਈ! ਕੀ ਹੋਇਆ ਜੇ ਗੁਰੂ ਦਾ ਕਮਰਾ ਬਣਾ ਲਿਆ! ਇਹ ਚੰਗਾ ਜੇ ਗੁਰੂ ਦਾ ਕਮਰਾ ਘਰ ਬਣਾ ਲਿਆ, ਚੰਗੇ ਸੰਸਕਾਰ ਬਣੇ ਰਹਿੰਦੇ ਨੇ! ਵੇਲੇ-ਕੁਵੇਲੇ ਲੋੜ ਪਏ ਮੈਂ ਗੱਲ ਪਾਸ ਕਰ ਲੈਂਦਾ ਹਾਂ। ਕੋਈ ਸ਼ਬਦ ਭੁੱਲ ਜਾਏ ਮੈਂ ਚੇਤੇ ਕਰ ਲੈਂਦਾ ਹਾਂ। ਗੁਰੂ ਮੇਰੇ ਨਾਲ ਹੈ, ਪਰ ਮੈਂ ਕਿਹਾ ਸਰਦਾਰਾ! ਜਿਹੜਾ ਬਚਨ ਸਾਹਿਬ ਲਿਖੇ ਗਏ ਸ਼ੀ ਨਾ :

"ਮੇਰੇ ਮਾਧਉ ਜੀ ਸਤਿਸੰਗਤਿ ਮਿਲੇ ਸਿ ਤਰਿਆ॥" (ਪੰਨਾ ੪੯੫)

ਕੋਠੀ ਵਿਚ ਗੁਰੂ ਸਾਹਿਬ ਦਾ ਤੂੰ ਕਮਰਾ ਬਣਾ ਕੇ, ਤੂੰ ਜਿਹੜਾ ਸੰਗਤ ਵਿਚ ਆਉਣਾ ਛੱਡ ਦਿੱਤਾ ਹੈ ਨਾ, ਇਹ ਤੂੰ ਗੁਰਮਤਿ ਦੇ ਅਸੂਲਾਂ ਦੇ ਉਲਟ ਲੱਗ

ਪਿਆ ਹੈਂ ਕਰਨ ਅਮਲ। ਪਰ ਮੇਰਾ ਬਾਪੂ ਕਹਿੰਦਾ ਹੈ :

"ਸਤਸੰਗਤੀ ਸੰਗਿ ਹਰਿ ਧਨੁ ਖਟੀਐ
ਹੋਰ ਥੈ ਹੋਰਤੁ ਉਪਾਇ ਹਰਿ ਧਨੁ ਕਿਤੈ ਨ ਪਾਈ ॥" (ਪੰਨਾ ੭੩੪)

ਐ ਬੇਖਬਰ ਮਨ! ਸਿਮਰ ਉਸ ਪਿਆਰੇ ਸਤਿਨਾਮ ਸ੍ਰੀ ਵਾਹਿਗੁਰੂ ਨੂੰ! ਧਰਮ ਦੇ ਹਨੇਰੇ ਵਿਚ ਭੁੱਲਾ ਹੋਇਆ ਹੈਂ ਰਸਤੇ ਨੂੰ। ਮੋਹ ਦੇ ਜਾਲ ਵਿਚ ਫਸਿਆ ਹੋਇਆ ਕਿੱਧਰ ਭੱਜਦਾ ਹੈਂ ਤੂੰ, ਕਿਧਰ ਦੌੜਦਾ ਹੈ ਤੂੰ:

"ਮੂਰਤ ਘਰੀ ਚਸਾ ਪਲੁ ਸਿਮਰਨੁ ਰਾਮ ਨਾਮੁ ਰਸਨਾ ਸੰਗਿ ਲਉ ॥"

(ਪੰਨਾ ੧੩੮੭)

ਮੂਰਤ ਦਾ ਅਰਥ ਹੈ ਮੁਹੂਰਤ। ਸਮੇਂ ਦਾ ਇਕ ਥੋੜਾ ਜਿਹਾ ਹਿੱਸਾ। ਜਿੰਨਾ ਚਿਰ ਤੈਨੂੰ ਅੱਖ ਝਪਕਦਿਆਂ ਲੱਗਦਾ ਹੈ ਕਮਲਿਆ, ਇੰਨਾ ਚਿਰ ਹੀ ਕਿਤੇ ਸਿਮਰ ਲੈ! ਤੂੰ ਨਿਚੱਜਿਆਂ ਕੰਮਾਂ ਵਿਚ ਲੱਗਾ ਹੋਇਆ ਹੈਂ, ਤੂੰ ਝੂਠਿਆਂ ਕੰਮਾਂ ਵਿਚ ਲੱਗਾ ਹੋਇਆ ਹੈਂ, ਜਿਨ੍ਹਾਂ ਵਿਚੋਂ ਤੈਨੂੰ ਥੋੜਾ ਜਿਹਾ ਸੁਖ ਮਿਲਦਾ ਹੈ। ਔਰ ਉਨੇ ਹੀ ਸੁਖ ਵਿਚ ਤੂੰ ਮਸਤ ਹੋ ਜਾਨਾ ਏਂ! ਓਨੇ ਹੀ ਸੁਖਾਂ ਦੇ ਬੰਧਨਾਂ ਵਿਚ ਤੂੰ ਬੱਝ ਜਾਨਾ ਹੈਂ। ਤੇ ਨਤੀਜਾ ਇੰਨਾ ਉਹਦਾ ਕਿ ਕਰੋੜਾਂ ਜਨਮ ਤੈਨੂੰ ਧਾਰਨੇ ਪੈਂਦੇ ਨੇ। ਉਹ ਥੋੜੇ ਜਿਹੇ ਸੁਖ ਵਾਸਤੇ ਤੂੰ ਕਰੋੜਾਂ ਜਨਮਾਂ ਦਾ ਦੁੱਖ ਕਿਉਂ ਪਾਉਂਦਾ ਹੈਂ? ਕਰੋੜਾਂ ਜਨਮਾਂ ਦੀ ਪੰਡ ਤੂੰ ਆਪਣੇ ਸਿਰ ਤੇ ਕਿਉਂ ਚੁੱਕਦਾ ਹੈਂ? ਗਰੀਬ ਨਿਵਾਜ਼ ਤੇ ਕਹਿੰਦੇ ਨੇ ਸਾਧਾਂ ਸੰਤਾਂ, ਮਹਾਤਮਾਂ ਦੀ ਸਿੱਖਿਆ ਤਾਂ ਇਹ ਹੀ ਹੈ, ਗੁਰੂ ਗ੍ਰੰਥ ਸਾਹਿਬ ਜੀ ਦੀ ਤਾਂ ਸਿਖਿਆ ਇਹ ਹੀ ਹੈ :

"ਸਿਖ੍ਯ੍ਯਾ ਸੰਤ ਨਾਮੁ ਭਜੁ ਨਾਨਕ
ਰਾਮ ਰੰਗਿ ਆਤਮ ਸਿਉ ਰੰਉ ॥੨॥" (ਪੰਨਾ ੧੩੮੭)

ਸਿਮਰ ਨਾਮ, ਮਨ ਕਰਕੇ, ਵਾਹਿਗੁਰੂ ਦੇ ਪ੍ਰੇਮ ਵਿਚ ਰੰਗਿਆ ਜਾ, ਤੇ ਦਿਨੇ-ਰਾਤ ਉਹਦੇ ਨਾਂ ਨਾਲ ਸਿਫਤੀ ਕਰਿਆ ਕਰ, ਕਾਰੋਬਾਰ ਕਰਿਆ ਕਰ; ਵਿਹਲੜ ਪੰਥ ਨਹੀਂ ਇਹ ਬਣਾਇਆ, ਇਹ ਕੰਧੇ ਉਤੇ ਬੋਝ ਨਹੀਂ ਪਾਉਂਦਾ। ਇਹ ਆਪਣੀ ਰੋਜ਼ੀ ਆਪ ਕਮਾਉਂਦਾ!

"ਉਦਮ ਕਰੇਦਿਆ ਜੀਉ ਤੂੰ
ਕਮਾਵਦਿਆ ਸੁਖ ਭੁੰਚੁ ॥
ਧਿਆਇਦਿਆ ਤੂੰ ਪ੍ਰਭੂ ਮਿਲੁ
ਨਾਨਕ ਉਤਰੀ ਚਿੰਤ ॥੧॥" (ਪੰਨਾ ੫੨੨)

ਝੂਠੀਆਂ ਆਸਾਂ ਛੱਡ ਦੇ, ਉੱਦਮ ਵਿਚ ਤੇਰਾ ਜੀਵਨ ਹੈ। ਤੇ ਉੱਦਮ ਨਾਲ ਕਮਾਈ ਹੋਈ ਰੋਟੀ ਖਾਣੀ ਤੇਰਾ ਹੱਕ ਹੈ। ਸੁਖ ਨਾਲ ਖਾ, ਸੁੱਖ ਲੈ ਤੇ ਸੁੱਖ ਦੀ ਨੀਂਦ ਸੌਂ। ਪਰ ਜਿਸ ਨੇ ਸਭ ਕੁਝ ਬਖਸ਼ਿਆ ਹੈ ਨਾ, ਉਹਦੇ ਨਾਲ ਆਪਣੀ ਲਿਵ ਜ਼ਰੂਰ ਲਾ, ਉਹਦੇ ਨਾਲ ਆਪਣਾ ਮਨ ਜ਼ਰੂਰ ਜੋੜ! ਉਹਨੂੰ ਕਦੇ ਵਿਸਾਰ ਨਾ

ਦੇਈਂ, ਉਹਨੂੰ ਕਦੇ ਭੁੱਲ ਨਾ ਜਾਈਂ। ਗਰੀਬ ਨਿਵਾਜ਼ ਸਾਹਿਬ ਸੱਚਾ ਪਾਤਿਸ਼ਾਹ ਕਿੰਨਾ ਜ਼ਬਰਦਸਤ ਉਪਦੇਸ਼ ਕਰਦੇ ਨੇ। ਮਹਾਰਾਜ ਕਹਿੰਦੇ ਨੇ:

"ਦੇਹ ਨਾ !"

ਆਹ ਜਿਹੜੀ ਦੇਹ ਨੂੰ ਤੂੰ ਰੋਜ਼ ਸਵਾਰਦਾ ਰਹਿੰਦਾ ਹੈਂ, ਸ਼ਿੰਗਾਰਦਾ ਰਹਿੰਦਾ ਹੈਂ, ਪੋਚਦਾ ਰਹਿੰਦਾ ਹੈਂ, ਬੜੇ-ਬੜੇ ਚੰਗੇ ਸਾਬਣ ਤੇ ਬੜੇ ਅਤਰ ਉਹਦੇ ਵਾਸਤੇ ਤੂੰ ਵਰਤਦਾ ਰਹਿੰਦਾ ਹੈਂ। ਇਹ ਕਾਇਆਂ ਨੇ ਸਦਾ ਨਹੀਂ ਰਹਿਣਾ। ਕਿਤੇ ਹੋਸ਼ ਕਰ, ਖਬਰਦਾਰ ਹੋ। ਜਿਹੜਾ ਤੇਰੇ ਸਿਰ ਤੇ ਚੌਰ ਹੋ ਰਿਹਾ ਹੈ, ਇਹ ਸਦਾ ਨਹੀਂ ਰਹਿਣਾ। ਜਿਹੜਾ ਚੌਰ ਕਰਨ ਵਾਲਾ ਚੌਰ ਕਰ ਰਿਹਾ ਹੈ, ਉਹਨੇ ਨਹੀਂ ਸਦਾ ਰਹਿਣਾ। ਉਮਰ ਤੇਰੀ ਤੁਰਦੀ ਜਾ ਰਹੀ ਹੈ, ਜਿਵੇਂ ਨਦੀ ਦਾ ਪਾਣੀ ਤੁਰਦਾ ਜਾ ਰਿਹਾ ਹੈ ਨਾ, ਜਿਵੇਂ ਨਦੀ ਦਾ ਪਾਣੀ ਸਹਿਜੇ-ਸਹਿਜੇ ਆਪਣੀ ਰਫਤਾਰ ਨਾਲ ਸਮੁੰਦਰ ਵੱਲ ਦੌੜਦਾ ਜਾ ਰਿਹਾ ਹੈ ਨਾ। ਇਸੇ ਤਰ੍ਹਾਂ ਤੇਰੀ ਉਮਰ ਵੀ ਤੁਰਦੀ ਜਾ ਰਹੀ ਹੈ। ਔਰ ਤੈਨੂੰ ਪਤਾ ਨਹੀਂ ਲੱਗਦਾ? ਜਿਨ੍ਹਾਂ ਰੱਥਾਂ ਦੇ ਉਪਰ ਚੜ੍ਹ ਕੇ ਤੂੰ ਝੂਟੇ ਲੈਂਦਾ ਹੈਂ, ਜਿਨ੍ਹਾਂ ਰੱਥਾਂ ਦੇ ਅੱਗੇ ਬੜੇ ਸੁੰਦਰ ਘੋੜੇ, ਤਾਕਤਵਾਰ ਜਿਹੜੇ ਅੱਗੇ ਨੇ, ਉਹਨਾਂ ਵੀ ਸਦਾ ਨਹੀਂ ਰਹਿਣਾ। ਜਿਨ੍ਹਾਂ ਹਾਥੀਆਂ ਉਤੇ ਤੇਰੇ ਜਲੂਸ ਨਿਕਲਦੇ ਨੇ ਨਾ, ਉਹਨਾਂ ਵੀ ਸਦਾ ਨਹੀਂ ਰਹਿਣਾ। ਜਿਹੜੇ ਸਿੰਘਾਸਨ ਉਤੇ ਤੂੰ ਬੈਠਾ ਹੈਂ ਆਕੜ ਕੇ, ਲੋਕਾਂ ਤੇ ਹੁਕਮ ਕਰਦਾ ਹੈਂ ਉਹ ਵੀ ਸਦਾ ਨਹੀਂ ਰਹਿਣੇ। ਇਕ ਮਿੰਟ ਵਿਚ ਇਨ੍ਹਾਂ ਤੈਨੂੰ ਛੱਡ ਕੇ ਚਲਾ ਜਾਣਾ ਹੈ। ਜਿਨ੍ਹਾਂ ਕਿਲ੍ਹਿਆਂ ਦਾ ਤੈਨੂੰ ਮਾਣ ਹੈ, ਉਹ ਸਦਾ ਨਹੀਂ ਰਹਿਣੇ। ਹੋਰ ਕਈ ਇਸ ਤਰ੍ਹਾਂ ਬਣਾਈ ਫਿਰਦਾ ਹੈਂ, ਮੇਰੇ ਰਿਸ਼ਤੇਦਾਰ ਬੜੇ-ਬੜੇ ਤਗੜੇ ਨੇ, ਸਦਾ ਨਹੀਂ ਰਹਿਣਾ। ਜਿਹੜਾ ਤੂੰ ਆਪਣਾ ਖਜ਼ਾਨਾ ਜਮ੍ਹਾਂ ਕੀਤਾ ਹੋਇਆ ਹੈ ਕਿ ਮੇਰਾ ਪੰਦਰਾਂ ਲੱਖ ਹੈ, ਬੈਂਕ ਬੈਲੰਸ ਹੈ, ਮੈਨੂੰ ਕਿਸੇ ਚੀਜ਼ ਦੀ ਪਰਵਾਹ ਨਹੀ, ਪਰ ਮੇਰਾ ਬਾਪੂ ਕਹਿੰਦਾ ਏਸ ਨੇ ਵੀ ਸਦਾ ਨਹੀਂ ਰਹਿਣਾ!

"ਕੋਟ ਨ ਓਟ ਨ ਕੋਸ ਨ ਛੋਟਾ"

ਅੰਤ ਵੇਲੇ ਮਿੱਤਰਾਂ ਨੇ ਵੀ ਤੇਰੀ ਬਾਂਹ ਨਹੀਂ ਫੜਨੀ।

"ਮਿਤ੍ਰ ਨ ਪੁਤ੍ਰ ਨ ਕਲਤ੍ਰ" *(ਪੰਨਾ ੧੩੮੮)*

ਜਿਹੜੇ ਕਾਕੇ ਵਾਸਤੇ ਤੂੰ ਪ੍ਰਬੰਧ ਕਰਦਾ ਹੈਂ, ਜਿਹੜੀ ਇਸਤਰੀ ਵਾਸਤੇ ਤੂੰ ਠੱਗੀਆਂ ਕਰਦਾ ਹੈਂ, ਜਿਹੜੇ ਕੁਟੰਬ ਵਾਸਤੇ ਤੂੰ ਬੜੇ-ਬੜੇ ਝੂਠ ਬੋਲਦਾ ਹੈਂ, ਉਹਨਾਂ ਤੇਰਾ ਸਾਥ ਨਹੀਂ ਦੇਣਾ। ਰੋਜ਼ ਅਸੀਂ ਪੜ੍ਹਦੇ ਹਾਂ:

"ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥
ਸੁਤ ਦਾਰਾ ਪਹਿ ਆਨਿ ਲੁਟਾਵੈ ॥੧॥" *(ਪੰਨਾ ੬੫੬)*

ਪ੍ਰਬੰਧ ਕਰਕੇ, ਠੱਗੀ ਕਰਕੇ, ਹੇਰਾ-ਫੇਰੀ ਕਰਕੇ ਪਰਾਇਆ ਧਨ ਤੂੰ ਲੁੱਟ-ਪੁੱਟ ਕੇ ਤੂੰ ਘਰ ਲੈ ਆਇਓਂ। ਉਸ ਵਿਚੋਂ ਕੁਝ ਪੁੱਤਰ ਨੂੰ ਸੂਟ ਬਣਾ ਦਿਤੇ,

ਕੁਝ ਇਸਤਰੀ ਨੂੰ ਗਹਿਣੇ ਬਣਾ ਦਿਤੇ!

"ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥
ਸੁਤ ਦਾਰਾ ਪਹਿ ਆਨਿ ਲੁਟਾਵੈ ॥੧॥
ਮਨ ਮੇਰੇ ਭੂਲੇ ਕਪਟੁ ਨ ਕੀਜੈ ॥
ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥੧॥ ਰਹਾਉ ॥ (ਪੰਨਾ ੬੫੬)

ਹੇ ਮੇਰੇ ਭੁੱਲਿਆ ਹੋਇਆ ਮਨਾਂ! ਧੋਖੇ ਨਾ ਕਰ,

ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥
ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥

ਮਿੰਟ-ਮਿੰਟ ਵਿਚ, ਸ਼ਕਿੰਟ-ਸਕਿੰਟ ਵਿਚ, ਤੇਰਾ ਤਨ ਕਮਜ਼ੋਰ ਹੁੰਦਾ ਜਾ ਰਿਹਾ ਹੈ। ਜਿਹੜਾ ਤੇਰਾ ਬੁਢਾਪਾ ਹੈ, ਉਹ ਤੈਨੂੰ ਖਿੱਚਦਾ ਆ ਰਿਹਾ ਹੈ। ਜਿਸ ਵੇਲੇ ਉਹਨੇ ਤੈਨੂੰ ਬੁਢਾਪੇ ਵਿਚ ਖਿੱਚ ਲਿਆ, ਅੱਖਾਂ ਨੇ ਵੇਖਣਾ ਛੱਡ ਦਿਤਾ, ਕੰਨਾਂ ਨੇ ਸੁਣਨਾ ਛੱਡ ਦਿੱਤਾ, ਜ਼ਬਾਨੋਂ ਬੋਲਣੋਂ ਰਹਿ ਗਇਉ, ਹੱਥਾਂ ਨਾਲੋਂ ਕਿਰਤ ਕਰਨੋਂ ਤੇ ਪੈਰਾਂ ਨਾਲੋਂ ਤੁਰਨਾ ਜਦੋਂ ਰਹਿ ਗਇਉਂ ਨਾ ਤੇ ਜਿਸ ਵਾਸਤੇ ਤੂੰ ਇੰਨੇ ਪਾਪ ਕੀਤੇ, ਇਨ੍ਹਾਂ ਤੇਰਾ ਸਾਥ ਨਹੀਂ ਦੇਣਾ, ਇਨ੍ਹਾਂ ਤੈਨੂੰ ਘੁੱਟ ਪਾਣੀ ਦਾ ਨਹੀਂ ਦੇਣਾ। ਕਿਉਂ ਕੁਟੰਬ ਕਰਨਾ ਹੈਂ, ਕਿਉਂ ਠੱਗੀਆਂ ਕਰਦਾ ਹੈਂ? ਜੇ ਸੂਰਜ ਇੱਧਰ ਹੋਵੇ ਤਾਂ ਛਾਂ ਉੱਧਰ ਹੁੰਦੀ ਹੈ ਤੇ ਜੇ ਸੂਰਜ ਉੱਧਰ ਹੋਵੇ ਤਾਂ ਛਾਂ ਇੱਧਰ ਹੁੰਦੀ ਹੈ। ਜਿਸ ਤਰ੍ਹਾਂ ਸੂਰਜ ਦੇ ਨਾਲ ਦਰੱਖਤਾਂ ਦਾ ਪਰਛਾਵਾਂ ਬਦਲਦਾ ਰਹਿੰਦਾ ਹੈ ਨਾ। ਇਸੇ ਤਰ੍ਹਾਂ ਵਕਤ ਵੇਲੇ ਸੱਜਣਾਂ, ਮਿੱਤਰਾਂ, ਪੁੱਤਰਾਂ, ਯਾਰਾਂ ਦਾ ਜਿਹੜਾ ਪਿਆਰ ਹੈ ਇਸ ਨੇ ਵੀ ਬਦਲ ਜਾਣਾ ਹੈ। ਉਹਨਾਂ ਤੇਰਾ ਸਾਥ ਨਹੀਂ ਦੇਣਾ! ਕਹਿੰਦਾ, "ਮਹਾਰਾਜ! ਫਿਰ ਮੈਂ ਕੀ ਕਰਾਂ?" ਮਹਾਰਾਜ ਕਹਿੰਦੇ ਨੇ :

"ਦੀਨ ਦਯਾਲ ਪੁਰਖ ਪ੍ਰਭ ਪੂਰਨ
ਛਿਨ ਛਿਨ ਸਿਮਰਹੁ ਅਗਮ ਅਪਾਰਹੁ ॥" (ਪੰਨਾ ੧੩੮੮)

ਹਜ਼ੂਰ ਕਹਿੰਦੇ ਨੇ ਜਿਹੜਾ ਦੀਨਾਂ ਦੁਖੀਆਂ ਉਤੇ ਦਇਆ ਕਰਨ ਵਾਲਾ ਹੈ, ਜਿਹੜਾ ਪੁਰਖ ਪੂਰਨ ਹੈ, ਉਸ ਨੂੰ ਮਿੰਟ-ਮਿੰਟ ਸਿਮਰੋ!

"ਸ੍ਰੀ ਪਤ ਨਾਥ ਨਾਨਕ ਜਨ"

ਸ੍ਰੀ ਦਾ ਅਰਥ ਹੈ "ਮਾਇਆ"। ਮਾਇਆ ਰੂਪ ਹੈ ਜਗਤ, ਜੋ ਸਾਰੇ ਜਗਤ ਦਾ ਮਾਲਿਕ ਹੈ। ਬਾਬਾ ਨਾਨਕ-ਨਿਰੰਕਾਰੀ ਸਾਹਿਬ ਸੱਚਾ ਪਾਤਿਸ਼ਾਹ ਹੋਕਾ ਦਿੰਦੇ ਨੇ ਉਸ ਦੀ ਸ਼ਰਨ ਵਿਚ ਆਉ, ਹੱਥ ਜੋੜ ਕੇ ਮਿੰਨਤ ਕਰੋ!

"ਕਿਰਪਾ ਕਰਤਾਰੋ ਇਹ ਭਗਵੰਤ ॥
ਕਿਰਪਾ ਕਰਤਾਰੋ ਇਹ ਭਗਵੰਤ ॥"

ਸਾਰੇ ਸਬੰਧ ਨੇ ਹੁਣ ਸਮਝ ਲਿਆ ਹੈ ਨਾ ਕਿ ਸੱਜਣ ਨਹੀਂ ਰਹਿਣੇ, ਮਿੱਤਰ ਨਹੀਂ ਰਹਿਣੇ, ਕਿਲ੍ਹੇ ਨਹੀਂ ਰਹਿਣੇ, ਖਜ਼ਾਨੇ ਨਹੀਂ ਰਹਿਣੇ, ਜੋ ਕੁਝ ਅਸੀਂ ਸੰਜਮ

ਕੀਤਾ ਹੈ, ਉਹ ਇਸ ਤਰ੍ਹਾਂ ਨਹੀਂ ਰਹਿਣਾ। ਜੇ ਰਹਿਣਾ ਹੈ ਤਾਂ ਕੇਵਲ "ਸਤਿਨਾਮ-ਵਾਹਿਗੁਰੂ"। ਜਿਸ ਦੇ ਵੱਲ ਇਨਸਾਨ ਦਾ ਧਿਆਨ ਘਟ ਗਿਆ। ਇਕ ਗੱਲ ਮਾਨ ਸਿੰਘ ਝੌਰ ਜੀ ਸੁਣਾਉਣਾ ਚਾਹੁੰਦੇ ਨੇ ਕਿ ਕਬੀਰ ਸਾਹਿਬ ਕੋਲ ਇਕ ਸੇਠ ਜੀ ਆ ਗਏ ਤੇ ਕਹਿਣ ਲੱਗੇ, ਕਬੀਰਾ, ਤੂੰ ਗਰੀਬ ਬੜਾ! ਮੇਰੀ ਕੋਠੀ ਚਲਿਆ ਚਲ, ਕਮਰਾ ਇਕ ਤੈਨੂੰ ਦੇ ਦਿਆਂਗੇ, ਪ੍ਰਸ਼ਾਦਿ-ਪਾਣੀ ਦਾ ਪ੍ਰਬੰਧ ਵੀ ਕਰ ਦਿਆਂਗੇ! ਕਬੀਰ ਮੁਸਕਰਾ ਕੇ ਕਹਿਣ ਲੱਗੇ, "ਸੇਠ ਜੀ, ਜੇ ਮੈਂ ਹੁੰਦਾ ਕੰਗਲਾ, ਜੇ ਮੈਂ ਹੁੰਦਾ ਗਰੀਬ ਮੁਖਲਸ, ਜੇ ਮੈਂ ਹੁੰਦਾ ਗਰੀਬੀ ਦਾ ਮਾਰਿਆ ਹੋਇਆ, ਰੋਟੀ ਦਾ ਮੁਹਤਾਜ, ਫਿਰ ਤੇ ਮੈਂ ਤੁਹਾਡੇ ਨਾਲ ਚੱਲਿਆ ਚਲਦਾ, ਪਰ ਹੁਣ ਮੈਂ ਨਹੀਂ ਜਾਣਾ, ਕਿਉਂਕਿ ਤੂੰ ਵੀ ਸੇਠ ਤੇ ਮੈਂ ਵੀ ਸੇਠ! ਸੇਠ ਦੇ ਘਰ ਸੇਠ ਕਿਉਂ ਜਾਏ? ਕੀ ਲੋੜ ਪਈ ਹੈ?" ਸੇਠ ਜੀ ਕਹਿਣ ਲੱਗੇ, "ਕਬੀਰਾ! ਜ਼ਮੀਨ-ਅਸਮਾਨ ਦੇ ਕਲਾਵੇ ਨਾ ਮਿਲਾ, ਤੇਰੇ ਧੀਆਂ-ਪੁੱਤਰਾਂ ਨੂੰ ਤਾਂ ਦੋ ਵਕਤ ਦੀ ਰੋਟੀ ਵੀ ਪੇਟ ਭਰ ਕੇ ਖਾਣ ਲਈ ਨਹੀਂ ਲੱਭਦੀ। ਤੂੰ ਸੇਠ ਕਾਹਦਾ?" ਕਬੀਰ ਜੀ ਕਹਿਣ ਲੱਗੇ, "ਸੇਠ ਇਸ ਕਰਕੇ ਹਾਂ ਮੈਂ ਕਿਉਂਕਿ ਤੇਰੇ ਮੇਰੇ ਧਨ ਵਿਚ ਫਰਕ ਹੈ! ਕਿਉਂਕਿ ਤੇਰੇ ਧਨ ਨੂੰ ਅੱਗ ਦਾ ਡਰ ਹੈ, ਤੇਰੇ ਧਨ ਨੂੰ ਚੋਰ ਦਾ ਡਰ ਹੈ, ਤੇਰੇ ਧਨ ਨੂੰ ਡਾਕੂ ਦਾ ਡਰ ਹੈ, ਪਾਣੀ ਦਾ ਡਰ ਹੈ। ਲੇਕਿਨ ਜਿਹੜਾ ਮੇਰਾ ਧਨ ਹੈ ਨਾ, ਉਸ ਨੂੰ ਨਾ ਅੱਗ ਦਾ ਡਰ ਹੈ, ਨਾ ਚੋਰ ਦਾ ਡਰ ਹੈ, ਨਾ ਡਾਕੂ ਦਾ ਡਰ ਹੈ, ਨਾ ਰਾਜੇ ਦਾ ਡਰ! ਸੇਠ ਸਾਹਿਬ ਦਾ ਮੱਥਾ ਠਣਕਿਆ! ਸੇਠ ਜੀ ਕਹਿਣ ਲੱਗੇ, "ਕਬੀਰਾ! ਐਸਾ ਧਨ ਕਿਹੜਾ?" ਤੇ ਕਹਿੰਦੇ ਕਬੀਰ ਜੀ ਨੇ ਉਸ ਵੇਲੇ ਗੱਲ ਕਹੀ ਕਿ ਮੇਰੇ ਧਨ ਨੂੰ ਅੱਗ ਨਹੀਂ ਸਾੜਦੀ!

"ਪਵਨ ਨਹੀਂ ਮਜਨਾ।"

ਜਿੰਨੀ ਭਾਵੇਂ ਤੇਜ਼ ਹਵਾ ਵਗੇ ਮੇਰਾ ਧਨ ਕੰਬਦਾ ਹੀ ਨਹੀਂ, ਮੇਰਾ ਧਨ ਡੋਲਦਾ ਹੀਂ ਨਹੀਂ। ਕਬੀਰ ਜੀ ਕਹਿੰਦੇ ਸੇਠਾ, ਜਿਹੜਾ ਮੇਰੇ ਕੋਲ ਧਨ ਹੈ ਉਹਦੇ ਲਾਗੇ ਚੋਰ ਆ ਹੀ ਨਹੀਂ ਸਕਦੇ। ਸੇਠ ਜੀ ਕਹਿਣ ਲੱਗੇ, "ਕਬੀਰਾ, ਐਸਾ ਧਨ ਕਿਹੜਾ ਹੈ?" ਕਬੀਰ ਕਹਿਣ ਲੱਗੇ :

"ਰਾਮ ਨਾਮ ਧਨੁ ਕਰਿ ਸੰਚਉਨੀ
ਸੋ ਧਨੁ ਕਤ ਹੀ ਨ ਜਾਵੈ ॥੧॥" (ਪੰਨਾ ੩੩੬)

ਇਕ ਵਾਰੀ ਜੇ ਇਹ ਧਨ ਤੇਰੇ ਕੋਲ ਆ ਗਿਆ, ਮੁੜ ਕੇ ਇਹ ਧਨ ਜਾਏਗਾ ਨਹੀਂ।

"ਹਮਰਾ ਧਨੁ ਮਾਧਉ ਗੋਬਿੰਦੁ ਧਰਣੀਧਰੁ
ਇਹੈ ਸਾਰ ਧਨੁ ਕਹੀਐ ॥
ਜੋ ਸੁਖੁ ਪ੍ਰਭ ਗੋਬਿੰਦ ਕੀ ਸੇਵਾ
ਸੋ ਸੁਖੁ ਰਾਜਿ ਨ ਲਹੀਐ ॥੧॥ ਰਹਾਉ ॥" (ਪੰਨਾ ੩੩੬)

ਸੇਠਾ, ਜਿਹੜਾ ਧਨ ਮੇਰੇ ਕੋਲ ਹੈ ਨਾ "ਸਤਿਨਾਮ-ਵਾਹਿਗੁਰੂ" ਦਾ ਨਾਮ! ਉਸ ਧਨ ਨੂੰ ਲੱਭਦੇ-ਲੱਭਦੇ, ਖੋਜਦੇ-ਖੋਜਦੇ, ਢੂੰਡਦੇ-ਢੂੰਡਦੇ ਬ੍ਰਹਮਾ ਤੇ ਉਸ ਦੇ ਚਾਰੇ ਪੁੱਤਰ ਵਹਿਸ਼ੀ ਹੋ ਗਏ, ਟੱਕਰਾਂ ਮਾਰਦੇ ਰਹੇ, ਪਰ ਇਹਨਾਂ ਨੂੰ ਧਨ ਨਾ ਲੱਭਾ। ਲੇਕਿਨ ਜਿਸ ਦੇ ਮਨ ਵਿੱਚ ਵੱਸ ਗਿਆ "ਸਤਿਨਾਮ-ਵਾਹਿਗੁਰੂ", ਜਿਸ ਦੀ ਜ਼ਬਾਨ ਦੀ ਨੋਕ ਉਤੇ ਆ ਗਿਆ "ਸਤਿਨਾਮ-ਵਾਹਿਗੁਰੂ !"

"ਨਿਜ ਧਨੁ ਗਿਆਨੁ ਭਗਤਿ ਗੁਰਿ ਦੀਨੀ
ਤਾਸੁ ਸੁਮਤਿ ਮਨੁ ਲਾਗਾ ॥" (ਪੰਨਾ ੩੩੬)

ਇਹ ਜਿਹੜਾ ਨਾਮ ਦਾ ਧਨ ਹੈ, ਤ੍ਰਿਸ਼ਨਾ ਵਿੱਚ ਸੜਦੇ ਹੋਏ ਮਨ ਵਾਸਤੇ ਇਹ ਪਾਣੀ ਰੂਪ ਹੈ। ਇਹ ਜਿਹੜਾ ਮਨ ਦਸਾਂ ਪਾਸਿਆਂ ਨੂੰ ਦੌੜਿਆ ਫਿਰਦਾ ਹੈ, ਕਾਬੂ ਨਹੀਂ ਆਉਂਦਾ, ਇਸ ਨੂੰ ਘੁੱਟ ਕੇ ਬੰਨ੍ਹ ਲੈਣ ਵਾਸਤੇ ਵਾਹਿਗੁਰੂ ਦੇ ਨਾਮ ਦਾ ਧਨ ਚਾਹੀਦਾ ਹੈ। ਐ ਸੇਠ, ਮਾਇਆ ਦੇ ਹੰਕਾਰ ਵਿੱਚ ਮਸਤ ਹੋਏ, ਅੰਦਰ ਝਾਤੀ ਮਾਰ ਕੇ ਵੇਖ, ਤੇਰੇ ਘਰ ਲੱਖਾਂ ਕਰੋੜਾਂ ਹਾਥੀ ਹਣੋਗੇ, ਤੇਰੇ ਘਰ ਲੱਖਾਂ ਕਰੋੜਾਂ ਘੋੜੇ ਹੋਣਗੇ, ਲੱਖਾਂ-ਕਰੋੜਾਂ ਰੱਥ ਹੋਣਗੇ।

"ਹਮ ਘਰਿ ਏਕੁ ਮੁਰਾਰੀ ॥" (ਪੰਨਾ ੩੩੬)

ਸਾਡੇ ਹਿਰਦੇ ਦੇ ਘਰ ਵਿੱਚ ਕੇਵਲ ਵੱਸਦਾ ਹੈ "ਸਤਿਨਾਮ-ਵਾਹਿਗੁਰੂ !" ਉਹ ਵਾਹਿਗੁਰੂ ਜਿਸ ਦੇ ਵਾਸਤੇ ਬਾਣੀ ਕਹਿੰਦੀ ਹੈ :

ਹਰਿ ਧਨ ਕਉ ਉਚਕਾ ਨੇੜਿ ਨ ਆਵਈ
ਜਮੁ ਜਾਗਾਤੀ ਡੰਡੁ ਨ ਲਗਾਈ ॥੪॥ (ਪੰਨਾ ੭੩੪)

ਸ਼ਕਤੀ ਦੇ ਪੁਜਾਰੀ ਰੱਬ ਦੇ ਪੁਜਾਰੀ ਨਹੀਂ, ਰੱਬ ਨਾਲੋਂ ਟੁੱਟੇ ਹੋਏ ਸ਼ਕਤੀ ਦੇ ਪੁਜਾਰੀ, ਮਾਇਆ ਦੇ ਸੇਵਕ। ਉਹਨਾਂ ਤਾਕਤਾਂ ਨੇ ਸ਼ਕਤੀ ਦੇ ਪੁਜਾਰੀਆਂ ਨੇ ਜ਼ੁਲਮ ਕਰਕੇ, ਅਨਿਆਏ ਕਰਕੇ, ਝੂਠ ਬੋਲ ਕੇ, ਜ਼ਹਿਰ ਵਾਲਾ, ਜ਼ਹਿਰ ਦਾ ਭਰਿਆ ਹੋਇਆ ਧਨ, ਚਾਂਦੀ-ਸੋਨਾ ਇਕੱਠਾ ਕਰ ਲਿਆ। ਔਰ ਜਦੋਂ ਉਹ ਸੰਸਾਰ ਛੱਡ ਕੇ ਤੁਰੇ ਤੇ ਉਹਨਾਂ ਨਾਲ ਇਕ ਪੈਰ ਵੀ ਇਹ ਧਨ ਨਾ ਤੁਰਿਆ। ਇਕ ਪੈਰ ਵੀ ਉਹਨਾਂ ਦਾ ਸਾਥ ਨਾ ਦਿੱਤਾ। ਇਥੇ ਦਾ ਇਥੇ ਹੀ ਰਹਿ ਗਿਆ, ਹਾਵੇ ਹੌਕੇ ਮਾਰਦੇ ਚਲੇ ਗਏ !

"ਸਾਕਤੀ ਪਾਪ ਕਰਿ ਕੈ ਬਿਖਿਆ ਧਨੁ ਸੰਚਿਆ
ਤਿਨਾ ਇਕ ਵਿਖ ਨਾਲਿ ਨ ਜਾਈ ॥
ਹਲਤੈ ਵਿਚਿ ਸਾਕਤ ਦੁਹੇਲੇ ਭਏ
ਹਥਹੁ ਛੁੜਕਿ ਗਇਆ ਅਗੈ ਪਲਤਿ ਸਾਕਤੁ
ਹਰਿ ਦਰਗਹ ਢੋਈ ਨ ਪਾਈ ॥੫॥ (ਪੰਨਾ ੭੩੪)

ਐਸ ਜਨਮ ਵਿੱਚ ਉਹ ਸਾਕਤ ਲੋਕ ਔਖੇ ਹੋਏ। ਰੋਣਾ-ਪਿੱਟਣਾ ਹੀ ਗਲ ਵਿਚ ਪਿਆ ਰਿਹਾ, ਝੋਲੀ ਵਿਚ ਪਿਆ ਰਿਹਾ। ਤੇ ਕਿਸੇ ਵੇਲੇ ਵਾਹਿਗੁਰੂ ਦੀ

ਦਰਗਾਹ ਵਿੱਚ ਗਿਆ, ਪਰ ਉਹਨੂੰ ਦਰਗਾਹ ਵਿਚ ਵੀ ਕੋਈ ਢੋਈ ਨਾ ਮਿਲੀ! ਕਿਉਂਕਿ ਸੰਸਾਰ ਵਿੱਚ ਰਹਿ ਕੇ ਬਿਖਿਆ ਧਨ ਜਮ੍ਹਾਂ ਕਰਦਾ ਰਿਹਾ, ਨਾਮ ਤੇ ਸਿਮਰਿਆ ਕੋਈ ਨਹੀਂ। ਨਾਮ ਵੱਲ ਤੇ ਧਿਆਨ ਦਿੱਤਾ ਈ ਕੋਈ ਨਹੀਂ, ਵਾਹਿਗੁਰੂ ਦੀ ਦਰਗਾਹ ਵਿਚ ਵੀ ਉਹਨੂੰ ਥਾਂ ਨਾ ਲੱਭਾ !

"ਹਰਿ ਦਰਗਹ ਢੋਈ ਨ ਪਾਈ ॥"

ਇਸੁ ਹਰਿ ਧਨ ਕਾ ਸਾਹੁ ਹਰਿ ਆਪਿ ਹੈ...... (ਪੰਨਾ ੭੩੪)

ਕਿਸੇ ਧਨ ਦਾ ਦੇਣ ਵਾਲਾ ਵੱਡਾ ਸ਼ਾਹੂਕਾਰ, ਪਰ ਭੰਡਾਰਾਂ ਦਾ ਮਾਲਿਕ ਹੈ "ਸਤਿਨਾਮ-ਵਾਹਿਗੁਰੂ"। ਜਿਸ ਨੂੰ ਦਇਆ ਕਰਕੇ ਇਹ ਨਾਮ ਦਾ ਧਨ ਦਿੰਦਾ ਹੈ, ਉਹ ਧਨ ਦਾ ਵਣਜ ਵਪਾਰ ਕਰਦਾ ਹੈ। ਵਾਹਿਗੁਰੂ ਦੇ ਨਾਮ ਦਾ ਜਿਹੜਾ ਧਨ ਹੈ, ਉਸ ਨੂੰ ਘਾਟਾ ਨਹੀਂ ਪੈਂਦਾ, ਇਹ ਮੁੱਕਦਾ ਨਹੀਂ, ਇਹ ਸੜਦਾ ਗਲਦਾ ਨਹੀਂ। ਮੈਨੂੰ ਵਾਹਿਗੁਰੂ ਨੇ ਸੋਝੀ ਪਾ ਦਿੱਤੀ ਹੈ, ਮੈਨੂੰ ਵਾਹਿਗੁਰੂ ਨੇ ਗਿਆਨ ਦੇ ਦਿੱਤਾ, ਮੈਨੂੰ ਵਾਹਿਗੁਰੂ ਨੇ ਦ੍ਰਿੜ੍ਹਤਾ ਦੇ ਦਿੱਤੀ ਹੈ। ਚੰਗੀ ਤਰ੍ਹਾਂ ਇਹ ਸਮਝਾ ਦਿੱਤਾ ਹੈ ਕਿ ਇਹ ਧਨ ਇਕ ਵੇਰਾਂ ਕੋਲ ਆਇਆਂ ਜਾਂਦਾ ਨਹੀਂ। ਭਾਗ ਸਵੱਲੇ ਹੋਣ, ਤੇ ਧਨ ਵੱਲ ਆਦਮੀ ਦੀ ਰੁਚੀ ਹੋਵੇ, ਨਾਮ ਸਿਮਰਨ ਵੱਲ ਜੁੜੇ, ਠੱਗੀਆਂ ਵਲੋਂ ਹੱਟੇ, ਚੰਗੇ ਕੰਮਾਂ ਵੱਲ ਜੁੜੇ, ਫਿਰ ਉਹ ਲੋਕ ਸੁਖੀਆ ਤੇ ਪਰਲੋਕ ਸੁਹੇਲਾ ਹੋ ਜਾਏ !

"ਭਗਤੀ ਹਰਿ ਲਿਵ ਲਾਈ, ਪਿਆਰੇ,
ਭਗਤੀ ਹਰਿ ਲਿਵ ਲਾਈ.......।
ਭਗਤੀ ਹਰਿ ਲਿਵ ਲਾਈ, ਪਿਆਰੇ,
ਭਗਤੀ ਹਰਿ ਲਿਵ ਲਾਈ ॥

(ਪੰਨਾ ੭੩੪)

ਤੂ ਠਾਕੁਰੁ ਤੁਮ ਪਹਿ ਅਰਦਾਸਿ ॥
ਜੀਉ ਪਿੰਡੁ ਸਭੁ ਤੇਰੀ ਰਾਸਿ ॥

(ਪੰਨਾ ੨੬੮)

"ਕਹੁ ਨਾਨਕ ਸਭ ਤੇਰੀ ਵਡਿਆਈ
ਕੋਈ ਨਾਉ ਨਾ ਜਾਣੈ ਮੇਰਾ ॥੪॥"

(ਪੰਨਾ ੩੮੩)

"ਕਬੀਰ ਮੇਰਾ ਮੁਝ ਮਹਿ ਕਿਛੁ ਨਹੀ
ਜੋ ਕਿਛੁ ਹੈ ਸੋ ਤੇਰਾ ॥
ਤੇਰਾ ਤੁਝ ਕਉ ਸਉਪਤੇ
ਕਿਆ ਲਾਗੈ ਮੇਰਾ ॥"

(ਪੰਨਾ ੧੩੭੫)

ਮਾਨ ਸਿੰਘ ਝੌਰ ਜੀ ਹਜ਼ੂਰ ਦਾ ਇਕ ਬਚਨ ਪੜ੍ਹਦੇ ਨੇ :

"ਤੁਝ ਬਿਨੁ ਦੂਜਾ ਨਾਹੀ ਕੋਇ ॥

ਸੰਸਾਰ ਵੱਲ ਜ਼ਰਾ ਕੁ ਨਿਗ੍ਹਾ ਮਾਰ ਕੇ ਵੇਖੋ, ਦਿਲ ਕੰਬ ਜਾਂਦਾ ਹੈ, ਪੈਰ ਥਿੜਕ ਜਾਂਦੇ ਨੇ, ਮਨ ਭੈ-ਭੀਤ ਹੋ ਜਾਂਦਾ ਹੈ। ਸੰਸਾਰ ਦੀ ਅਵੱਸਥਾ ਵੱਲ ਵੇਖੋ। ਐਸ ਵੇਲੇ ਸਾਰੀ ਦੁਨੀਆਂ ਦੀ ਜਾਨ ਭਾਵੇਂ ਇਹ ਦੋ ਅਰਬ ਹੈ, ਭਾਵੇਂ ਇਹ ਢਾਈ ਅਰਬ ਹੈ। ਸਾਰੀ ਦੁਨੀਆਂ ਦੀ ਜਾਨ ਐਵੇਂ ਤੇਈਆਂ-ਚੌਵੀਆਂ ਦੇ ਹੱਥ ਵਿਚ ਹੈ।

"ਅਮਰੀਕਾ" ਕੋਲ ਬੜੇ ਮਾਰੂ ਹਥਿਆਰ ਨੇ! ਚਾਈਨਾ ਕੋਲ, ਬਰਤਾਨੀਆਂ ਕੋਲ, ਰਸ਼ੀਆ ਕੋਲ ਐਸੇ-ਐਸੇ ਮਾਰੂ ਹਥਿਆਰ ਨੇ ਕਿ ਜਿਨ੍ਹਾਂ ਦਾ ਇਥੋਂ ਮੂੰਹ ਸਿੱਧਾ ਕਰ ਦੇਈਏ ਕਿ ਤੂੰ ਫਲਾਣੇ ਥਾਂ ਜਾ ਕੇ ਚੱਲਣਾ ਤੇ ਉਸ ਨੇ ਉਥੇ ਜਾ ਕੇ ਹੀ ਚਲਣਾ। ਇਕ ਪਾਸੇ ਤੇ ਉਹ ਨੇ ਜਿਹੜੇ ਦਿਨੇ ਰਾਤ ਇਸੇ ਕੋਸ਼ਸ਼ ਵਿਚ ਲੱਗੇ ਹੋਏ ਨੇ ਕਿ ਦੁਨੀਆਂ ਬਰਬਾਦ ਕਿਵੇਂ ਹੋ ਸਕਦੀ ਹੈ ? ਦੁਨੀਆਂ ਤਬਾਹ ਕਿਵੇਂ ਹੋ ਸਕਦੀ ਹੈ ? ਤੇ ਮਾਨ ਸਿੰਘ ਝੌਰ ਜੀ ਕਹਿੰਦੇ ਮੈਂ ਕਈ ਵੇਰਾਂ ਇਕਾਂਤ ਵਿਚ ਬੈਠਾ ਸੋਚਦਾ ਹਾਂ ਕਿ ਇਹ ਨਿੱਕੇ-ਨਿੱਕੇ ਬੱਚੇ, ਸੰਸਾਰ ਦੇ ਬਗੀਚੇ ਦੇ ਫੁੱਲ ਸਕੂਲਾਂ ਵਿੱਚ ਜਿਨ੍ਹਾਂ ਦੀ ਚਹਿਲ-ਪਹਿਲ ਹੈ। ਗਰਾਊਂਡਾਂ ਵਿੱਚ ਜਿਨ੍ਹਾਂ ਦੀ ਚਹਿਲ-ਪਹਿਲ ਹੈ, ਇੱਧਰ-ਉੱਧਰ ਇਹ ਫਿਰਦੇ ਨੇ, ਬੜੇ ਸੋਹਣੇ ਇਹ ਲਗਦੇ ਨੇ। ਤੇ ਜਿਨ੍ਹਾਂ ਨੇ ਇੰਨੇ-ਇੰਨੇ ਮਾਰੂ ਹਥਿਆਰ ਬਣਾਏ ਨੇ ਤੇ ਮੈਂ ਕਈ ਵਾਰਾਂ ਸੋਚਦਾ ਹਾਂ ਹੇ ਵਾਹਿਗੁਰੂ! ਉਹਨਾਂ ਨੂੰ ਇਹ ਬੱਚੇ, ਉਹਨਾਂ ਨੂੰ ਇਹ ਸੰਸਾਰ, ਉਹਨਾਂ ਨੂੰ ਹੱਸਦੀ-ਭੱਜਦੀ ਦੁਨੀਆਂ ਕਿਉਂ ਨਹੀਂ ਚੰਗੀ ਲੱਗਦੀ ? ਉਹ ਕਿਉਂ ਇੰਨੇ ਮਾਰੂ ਬਣ ਗਏ। ਜੋ ਕੁਝ ਬਰਬਾਦੀ ਦੇ ਹਥਿਆਰ ਤਿਆਰ ਹੋ ਰਹੇ ਨੇ, ਜੋ ਕੁਝ ਤਬਾਹੀ ਦੇ ਸਮਾਨ ਤਿਆਰ ਹੋ ਰਹੇ ਨੇ, ਇਹ ਕੋਈ ਚੀਜ਼ ਦੇਣ ਵਾਸਤੇ ਨਹੀਂ, ਇਹਨਾਂ ਇਕ ਦਿਨ ਚੱਲਣਾ ਹੀ ਹੈ। ਐਸੇ ਡਰਾਉਣੇ, ਐਸੇ ਕੰਬਾ ਦੇਣ ਵਾਲੇ, ਸਮੇਂ ਵਿੱਚ ਅਜੇ ਕਿਤੇ ਠੰਢ ਦੀ ਕੋਈ ਗੱਲ ਹੈ, ਕਿਤੇ ਸ਼ਾਂਤੀ ਦਾ ਕੋਈ ਪੈਗਾਮ ਹੈ, ਕਿਤੇ ਸਬਰ ਸੰਤੋਖ ਦੀ ਕੋਈ ਗੱਲ ਹੈ, ਤਾਂ ਉਹ ਕੇਵਲ ਸ੍ਰੀ ਨਾਨਕ ਨਿਰੰਕਾਰੀ ਦਾ ਦਰਬਾਰ ਹੈ, ਜਿਸ ਦੇ ਵਿੱਚ ਉਹ ਹੋਕਾ ਦਿੰਦਾ ਹੈ ;

"ਤੁਝ ਬਿਨ ਦੂਜਾ ਨਾਹੀ ਕੋਇ ॥" *(ਪੰਨਾ ੭੩੬)*

ਐ ਸਿਰਜਣਹਾਰ! ਤੇਰੇ ਤੋਂ ਵੱਡਾ, ਤੇਰੇ ਤੋਂ ਉੱਚਾ, ਤੇਰੇ ਤੋਂ ਬਿਨਾਂ ਹੋਰ ਕੋਈ ਨਹੀਂ। ਤੂੰ ਸੰਸਾਰ ਦਾ ਕਰਤਾ ਹੈਂ। ਜੇ ਤੂੰ ਕਰੇਂ, ਜੇ ਤੂੰ ਕਰਨਾ ਚਾਹੇਂ ਤਾਂ ਉਹ ਹੋ ਸਕਦਾ ਹੈ, ਕਿਉਂਕਿ ਤੂੰ ਸਮਰੱਥ ਹੈਂ। ਤੂੰ ਜੋ ਕੁਝ ਕਰਨਾ ਚਾਹੇਂ ਉਹ ਹੋ ਸਕਦਾ ਹੈ।

"ਤੇਰਾ ਜੋਰੁ ਤੇਰੀ ਮਨਿ ਟੇਕ ॥"

ਇਥੇ ਗੁਰਦੁਆਰਾ ਹੈ, ਇਥੇ ਧਾਰਮਿਕ ਅਸਥਾਨ ਹੈ, ਜਿਥੇ ਢੰਡੋਰਾ ਮਿਲ ਗਿਆ ਮੈਨੂੰ, ਤੇਰਾ ਹੀ ਸੰਸਾਰ ਵਿੱਚ ਬਲ ਹੈ। ਮੈਨੂੰ ਤੇਰੀ ਟੇਕ ਹੈ, ਮੈਨੂੰ ਤੇਰਾ

ਹੀ ਆਸਰਾ ਹੈ। ਤੇਰੇ ਤੋਂ ਬਿਨਾਂ ਮੇਰਾ ਹੋਰ ਕੋਈ ਆਸਰਾ ਨਹੀਂ। ਮੈਂ ਖੁਦ ਤੇਰੇ ਸਾਹਮਣੇ ਸਿਰ ਝੁਕਾਉਂਦਾ ਹਾਂ। ਸੰਸਾਰ ਦਿਆਂ ਲੋਕਾਂ ਨੂੰ ਉਪਦੇਸ਼ ਕਰਦਾ ਹਾਂ!

"ਨਾਨਕ ਏਕ ਸਦਾ....ਸਦਾ ਜਪਿ.....,
ਨਾਨਕ ਏਕ ਸਦਾ ਸਦਾ ਜਪਿ ॥੧॥ (ਪੰਨਾ ੭੨੩)
ਸਭ ਊਪਰਿ ਪਾਰਬ੍ਰਹਮੁ ਦਾਤਾਰੁ ॥

ਦੇਵੀ-ਦੇਵਤਾ, ਪੀਰ-ਫਕੀਰ, ਪੈਗੰਬਰ, ਨਾਥ, ਸਾਰਿਆਂ ਦੇ ਉਤੇ ਕੋਈ ਹਸਤੀ ਹੈ ਤੇ ਉਹ ਪਾਰਾਵਾਰ ਤੋਂ ਰਹਿਤ ਬ੍ਰਹਮ ਦੀ ਹੈ!

"ਸਭ ਊਪਰਿ ਪਾਰਬ੍ਰਹਮੁ ਦਾਤਾਰੁ ॥
ਤੇਰੀ ਟੇਕ ਤੇਰਾ ਆਧਾਰੁ ॥" (ਪੰਨਾ ੭੨੩)

ਮੈਨੂੰ ਤੇਰੀ ਹੀ ਟੇਕ ਹੈ, ਮੈਨੂੰ ਤੇਰਾ ਹੀ ਆਸਰਾ ਹੈ। ਔਰ ਤੇਰੇ ਬਿਨਾਂ ਮੇਰਾ ਹੋਰ ਆਸਰਾ ਕੋਈ ਨਹੀਂ ਹੈ। ਹੁਣ ਤੁਸਾਂ ਕੀਰਤਨ ਵਿਚੋਂ ਸਤਿਗੁਰਾਂ ਦਾ ਮਹਾਂ-ਵਾਕ ਸੁਣਿਆ ਕਿ ਮੇਰਾ ਠਾਕੁਰ ਸਭ ਤੋਂ ਉੱਚਾ ਹੈ। ਗੁਰੂ ਦੀ ਕਿਰਪਾ ਨਾਲ ਉਹ ਮੇਰੇ ਮਨ ਵਿਚ ਵੱਸਿਆ ਹੋਇਆ ਹੈ। ਗੁਰੂ ਕੇ ਸਿੱਖਾ! ਬੀਤੇ ਹੋਏ ਜ਼ਮਾਨੇ ਨੂੰ ਵੇਖ, ਗੁਜ਼ਰ ਰਹੇ ਜ਼ਮਾਨੇ ਨੂੰ ਵੇਖ। ਆਉਣ ਵਾਲੇ ਜ਼ਮਾਨੇ ਵੱਲ ਧਿਆਨ ਮਾਰ, ਪਤਾ ਨਹੀਂ ਸਕਿੰਟ ਵਿੱਚ ਕੀ ਦਾ ਕੀ ਹੋ ਜਾਣਾ ਹੈ। ਇਸ ਕਰਕੇ ਆਪਣਾ ਕੋਈ ਸਵਾਸ ਵਿਅਰਥ ਨਾ ਗਵਾ। ਜੋ ਉਸ ਮਾਲਿਕ ਦੀ ਯਾਦ ਨਾਲ, ਜਿਹੜੇ ਫੋਕਟ ਕਰਮ ਨੇ ਨਾ, ਇਨ੍ਹਾਂ ਨੇ ਕੰਮ ਨਹੀਂ ਆਉਣਾ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਹਿੰਦੇ ਨੇ, ਜਿਹਨੇ ਸਿਮਰਨ ਨਹੀਂ ਕੀਤਾ, ਸ਼ਬਦ ਸੁਰਤ ਦਾ ਕੋਈ ਗਿਆਨ ਨਹੀਂ ਹੋਇਆ। ਧੂਨੀ ਤਪਦੇ ਰਹੇ, ਪੁੱਠੇ ਲੁਟਕਦੇ ਨੇ, ਯੰਤਰ-ਮੰਤਰ, ਤੰਤਰਾਂ ਵਿੱਚ ਪੈ ਗਏ ਨੇ, ਇਹੋ ਜਿਹੇ ਜਿੰਨੇ ਲੋਕ ਨੇ, ਉਹ ਡੁੱਬ ਗਏ, ਬਰਬਾਦ ਹੋ ਗਏ, ਜ਼ਿੰਦਗੀ ਉਹਨਾਂ ਦੀ ਗਰਕ ਗਈ। ਇਹਨਾਂ ਦੇ ਯਤਨਾਂ ਦੇ, ਇਹਨਾਂ ਦੇ ਹੀਲਿਆਂ ਦੇ ਉਪਰਾਲਿਆਂ ਨੇ, ਉਹਨਾਂ ਨੂੰ ਸੰਸਾਰ ਸਮੁੰਦਰ ਤੋਂ ਪਾਰ ਨਾ ਕੀਤਾ।

"ਕਰਮ ਧਰਮ ਕਰਤੇ ਬਹੁ ਸੰਜਮ"

ਦਿਖਾਵੇ ਦੇ ਕਰਮ ਉਹ ਬੜੇ ਕਰਦੇ ਹਨ, ਦਿਖਾਵੇ ਦੇ ਧਰਮ ਦੀ ਉਹ ਬੜੀ ਵਜ਼ਾਹਤ ਨਾਲ ਪਾਲਣਾ ਕਰਦੇ ਸਨ। ਬਨਾਵਟੀ ਜਿਹੀਆਂ ਗੱਲਾਂ ਬਣਾਈਆਂ ਹੋਈਆਂ, ਉਹਨਾਂ ਦੀ ਪਾਲਣਾ ਕਰਨ ਵਿੱਚ ਆਪਣੇ ਆਪ ਨੂੰ ਬੜਾ ਦ੍ਰਿੜ੍ਹ ਸਮਝਦੇ ਸਨ। ਇਹਨਾਂ ਦਿਖਾਵੇ ਦੇ ਕਰਮਾਂ ਨੂੰ ਉਹਨਾਂ ਦੇ ਅੰਤਰ-ਆਤਮੇ ਹੰਕਾਰ ਪੈਦਾ ਕੀਤਾ। ਹਮ ਸੱਚੇ ਹੈਂ, ਹਮ ਜੋਗੀ ਹੈਂ, ਹਮ ਸਾਧਕ ਹੈਂ, ਹਮ ਤਾਂਤਰਿਕ ਹੈਂ, ਹਮ ਯੰਤਰ-ਮੰਤਰ ਜਾਨਤੇ ਹੈਂ। ਐਸੀ ਹਉਮੈ ਉਹਨਾਂ ਦੇ ਅੰਦਰ ਪੈਦਾ ਹੈ।

"ਕਰਮ ਧਰਮ ਕਰਤੇ ਬਹੁ ਸੰਜਮ"

ਅੰਦਰ ਹਉਮੈ ਦੀ ਅੱਗ ਬਲ ਪਈ। ਇਸ ਹਉਮੈ ਦੀ ਅੱਗ ਨੇ ਮਨ ਸਾੜ ਸੁਟਿਆ। ਮਨ ਨੂੰ ਮਨੂਰ ਕਰ ਦਿੱਤਾ ਸਾੜ ਕੇ, ਕਰਮਾਂ, ਦਿਖਾਵੇ ਦੇ ਕਰਮਾਂ, ਫੋਕਟ

ਦੇ ਕਰਮਾਂ, ਇਹਨਾਂ ਵਿੱਚ ਲੱਗੇ ਰਹੇ। ਹਜ਼ੂਰ ਕਹਿੰਦੇ ਨੇ ਜਿਨ੍ਹੇ ਤੈਨੂੰ ਸਵਾਸ ਦਿੱਤੇ ਨੇ, ਜਿਹੜਾ ਦੋਵੇਂ ਵੇਲੇ ਤੈਨੂੰ ਖੁਰਾਕ ਦਿੰਦਾ ਹੈ, ਸੁੱਖ-ਸ਼ਾਂਤੀ ਹਰ ਚੀਜ਼ ਤੇਰੇ ਤੱਕ ਪਹੁੰਚਾਂਦਾ ਹੈ, ਉਹਨੂੰ ਤੂੰ ਕਿਉਂ ਮਨੋਂ ਵਿਸਾਰ ਦਿੱਤਾ ?

"ਹੀਰਾ ਲਾਲੁ ਅਮੋਲੁ ਜਨਮੁ ਹੈ
ਕਉਡੀ ਬਦਲੈ ਹਾਰਿਓ ਰੇ ॥" *(ਪੰਨਾ ੩੩੫)*

ਇਹ ਜਨਮ ਸੀ ਹੀਰਾ, ਇਹ ਜਨਮ ਸੀ ਅਮੋਲਕ ਲਾਲ, ਇਹ ਜਨਮ ਸੀ ਬੜਾ ਕੀਮਤੀ ਰਤਨ, ਪਰ ਤੂੰ ਇਸ ਜਨਮ ਨੂੰ ਕੌਡੀ ਦੇ ਭਾਅ ਬਰਬਾਦ ਕਰ ਦਿੱਤਾ। ਮਾਨ ਸਿੰਘ ਝੌਰ ਜੀ ਕਹਿੰਦੇ ਮੈਂ ਜਦੋਂ ਡੇਰੇ ਪੜ੍ਹਦਾ ਸਾਂ, ਮੈਨੂੰ ਉਦੋਂ ਦੀ ਇਕ ਕਥਾ ਯਾਦ ਹੈ ਭਈ ਕਿਤੇ ਅਚਨਚੇਤ, ਬਾਈ ਚਾਂਸ ਘੁਮਿਆਰ ਨੂੰ ਲਾਲ ਲੱਭ ਗਿਆ। ਪੰਜ ਲੱਖ ਰੁਪਏ ਦਾ ਲਾਲ। ਇਹਨੂੰ ਹੁਣ ਪਤਾ ਕੋਈ ਨਹੀਂ ਕਿ ਇਹ ਕੀ ਚੀਜ਼ ਹੈ ? ਇਹਨੂੰ ਇੰਨਾ ਹੀ ਪਤਾ ਹੈ ਕਿ ਇਹ ਚਮਕਦਾ ਹੈ, ਪਰ ਇਹ ਨਹੀਂ ਪਤਾ ਕਿ ਇਹ ਚੀਜ਼ ਕੀ ਹੈ ? ਅਗਿਆਨ-ਪੁਨੇ ਵਿੱਚ, ਬੇਸਮਝੀ ਵਿੱਚ, ਅਣਜਾਨ-ਪੁਨੇ ਵਿੱਚ ਉਹਨੇ ਉਹ ਪੱਥਰ ਆਪਣੇ ਖੋਤੇ ਦੇ ਗਲ ਬੰਨ੍ਹ ਦਿੱਤਾ। ਹੈ ਪੰਜ ਲੱਖ ਰੁਪਏ ਦਾ, ਪਰ ਪਛਾਣੂ ਤੋਂ ਬਿਨਾਂ, ਜਾਣੂ ਤੋਂ ਬਿਨਾਂ, ਖੋਤੇ ਦੇ ਗਲ ਬੱਝਣਾ ਪੈ ਗਿਆ। ਇਕ ਦਿਨ ਘੁਮਿਆਰ ਨੇ ਆਪਣੇ ਖੋਤੇ ਕਿਤੇ ਦਰਿਆਉਂ ਪਾਰ ਕਰਨੇ ਸਨ। ਉਸ ਦੇ ਕੋਲ ਕਿਰਾਏ ਭਰਨ ਜੋਗੇ ਪੈਸੇ ਨਹੀਂ ਸਨ। ਉਹਨੇ ਮਲਾਹ ਨੂੰ ਆਖਿਆ, ਸਜੱਣਾ, ਮੈਂ ਪਾਰ ਜਾਣਾ ਜ਼ਰੂਰ, ਪੈਸੇ ਮੇਰੇ ਕੋਲ ਹੈ ਨਹੀਂ। ਪਰ ਮੇਰੇ ਖੋਤੇ ਦੇ ਗਲ ਵਿੱਚ ਇਹ ਪੱਥਰ ਹੈਗਾ ਈ, ਇਹ ਰਾਤ ਨੂੰ ਚਮਕਦਾ ਬੜਾ ਈ। ਤੇ ਤੈਨੂੰ ਰਾਤ ਨੂੰ ਰੌਸ਼ਨੀ ਦੀ ਲੋੜ ਪੈਂਦੀ ਹੈ, ਇਹ ਪੱਥਰ ਤੂੰ ਮੇਰੇ ਕੋਲੋਂ ਲੈ-ਲੈ। ਇਹਦੇ ਕੋਲੋਂ ਰੌਸ਼ਨੀ ਦਾ ਕੰਮ ਲੈ ਲਿਆ ਕਰੀਂ। ਮੇਰੇ ਗੱਧੇ ਪਾਰ ਹੋ ਜਾਣਗੇ। ਤੇਰੀ ਬੜੀ ਮਿਹਰਬਾਨੀ। ਮਾਲਾਹ ਮੰਨ ਤੇ ਗਿਆ ਪਰ ਪਤਾ ਉਹਨੂੰ ਵੀ ਨਹੀਂ ਕਿ ਇਹ ਕੀ ਚੀਜ਼ ਹੈ ? ਉਸ ਨੇ ਆਪਣੇ ਬੇੜੀ ਤਾਰਨ ਵਾਲੇ ਵੰਝ ਨਾਲ ਬੰਨ੍ਹ ਦਿੱਤਾ। ਕਈ ਦਿਨ ਉਹ ਵੰਝ ਨਾਲ ਬੱਧਾ ਰਿਹਾ, ਪਰ ਰਾਤ ਨੂੰ ਚਮਕੇ ਜ਼ਰੂਰ। ਪਰ ਮਲਾਹ ਨੂੰ ਨਹੀਂ ਪਤਾ ਇਹ ਕੀ ਹੈ ? ਇਕ ਦਿਨ ਉਹਨੂੰ ਦੁਕਾਨ ਵਿਚੋਂ ਦੋਹ-ਚਹੁੰ ਪੈਸਿਆਂ ਦੀ ਲੋੜ ਪਈ ਤੇ ਉਹ ਪੱਥਰ ਲੈ ਕੇ ਬਾਂਸ ਦਾ ਚਲਿਆ ਗਿਆ ਦੁਕਾਨ ਤੇ। ਸ਼ਾਹ ਜੀ, ਮੈਨੂੰ ਜਵੈਣ ਚਾਹੀਦੀ ਹੈ, ਮੈਨੂੰ ਜੀਰਾ ਚਾਹੀਦਾ ਹੈ, ਮੈਨੂੰ ਕਾਲਾ ਲੂਣ ਚਾਹੀਦਾ ਹੈ ! ਪਰ ਮੇਰੇ ਕੋਲ ਪੈਸੇ ਹੈ ਨਹੀਂ ਤੇ ਤੁਸੀਂ ਮੇਰੇ ਕੋਲੋਂ ਇਹ ਪੱਥਰ ਲੈ-ਲਓ, ਇਹ ਰਾਤ ਨੂੰ ਚਮਕਦਾ ਹੈ, ਤੇ ਤੁਹਾਨੂੰ ਰਾਤ ਨੂੰ ਦੀਵਾ ਬਾਲਣਾ ਪੈਂਦਾ ਹੈ, ਕਿਉਂਕਿ ਹੱਟੀ ਜੋ ਚਲਾਉਣੀ ਹੋਈ। ਅਗਰ ਤੁਸੀਂ ਦੱਸ-ਪੰਦਰਾਂ ਦਿਨ ਦੀਵਾ ਨਾ ਬਾਲੋ ਤੇ ਤੁਹਾਡੇ ਆਨੇ ਦਾ ਤੇਲ ਬੱਚ ਜਾਵੇਗਾ। ਔਰ ਦੋਹ-ਚੌਹਾਂ ਪੈਸਿਆਂ ਦੇ ਸੌਦੇ ਤੋਂ ਦੁਕਾਨਦਾਰ ਨੇ ਪੰਜ ਲੱਖ ਦਾ ਹੀਰਾ ਲੈ ਲਿਆ। ਪਰ ਪਤਾ ਉਹਨੂੰ ਵੀ ਕੋਈ ਨਹੀਂ ਸੀ, ਇਹ ਚੀਜ਼ ਕੀ ਹੈ ? ਉਹਨੇ ਆਪਣੇ ਕਿਸੇ ਕਾਂਸ ਵਾਲੇ ਭਾਂਡੇ ਵਿੱਚ

ਸੁੱਟ ਦਿੱਤਾ। ਰਾਤ ਪਈ ਤੇ ਸੱਚਮੁਚ ਉਹ ਹੀਰਾ ਚਮਕਿਆ। ਖੁਸ਼ ਤਾਂ ਹੋ ਗਿਆ ਦੁਕਾਨਦਾਰ, ਪ੍ਰਸੰਨ ਤਾਂ ਹੋ ਗਿਆ ਦੁਕਾਨਦਾਰ, ਪਰ ਪਤਾ ਨਹੀਂ ਉਹਨੂੰ ਇਹ ਚੀਜ਼ ਕੀ ਸੀ ? ਕਈ ਦਿਨ ਪਿਆ ਰਿਹਾ ਉਹ ਉਸ ਭਾਂਡੇ ਵਿੱਚ। ਇਕ ਦਿਨ ਹਰੀਜਨਾਂ ਦੀ ਕੁੜੀ ਆ ਗਈ ਤੇ ਕਹਿਣ ਲੱਗੀ, "ਸ਼ਾਹ ਜੀ, ਮੈਨੂੰ ਮਾਂ ਨੇ ਘੱਲਿਆ ਹੈ। ਪੈਸੇ ਦੀ ਹਲਦੀ, ਪੈਸੇ ਦਾ ਲੂਣ, ਪੈਸੇ ਦੀਆਂ ਮਿਰਚਾਂ ਤੇ ਪੈਸੇ ਦਾ ਮਸਾਲਾ ਚਾਹੀਦਾ ਹੈ। ਤੇ ਮੇਰੇ ਕੋਲ ਇਹ ਜੌਂ ਨੇ ਥੋੜੇ, ਜਵਾਂ ਦੇ ਦਾਨੇ, ਇਹ ਜੌਂ ਦੇ ਦਾਨੇ ਲੈ ਲਵੋ।" ਆਈ ਮਸਾਲੇ ਲੈਣ, ਪਰ ਪੱਥਰ ਵੇਖ ਕੇ ਕਹਿਣ ਲੱਗੀ ਆਹ ਇਨ੍ਹਾਂ ਸੇਰ ਜੌਂ ਦੇ ਬਦਲੇ ਮੈਨੂੰ ਇਹ ਪੱਥਰ ਦੇ ਦਿਉ। ਉਹ ਜਾਣੇ ਭਾਵੇਂ ਮਾਂ ਚਪੇੜਾਂ ਮਾਰੇ, ਮਾਂ ਭਾਵੇਂ ਗੁੱਸੇ ਹੋਵੇ, ਉਸ ਦਾ ਗੁਸਾ ਮੈਂ ਜਰ ਲਵਾਂਗੀ, ਪਰ ਇਹ ਪੱਥਰ ਮੈਨੂੰ ਸੋਹਣਾ ਬੜਾ ਲੱਗਾ। ਇਕ ਸੇਰ ਜਵਾਂ ਦੇ ਦਾਨਿਆਂ ਤੋਂ ਪੰਜ ਲੱਖ ਹੀਰੇ ਦਾ ਸੌਦਾ ਹੋ ਰਿਹਾ ਸੀ। ਹਰੀਜਨਾਂ ਦੀ ਕੁੜੀ ਦੇ ਹੱਥੀਂ ! ਕਬੀਰ ਸਾਹਿਬ ਜੀ ਆ ਗਏ। ਸੇਠ ਨੇ ਜੌਂ ਲੈ ਲਏ, ਪੱਥਰ ਹੀ ਹੈ ਨਾ, ਸਿਰਫ ਚਮਕਦਾ ਹੀ ਹੈ ਨਾ। ਜਿਸ ਵਕਤ ਪੰਜ ਲੱਖ ਦਾ ਹੀਰਾ ਹਰੀਜਨਾਂ ਦੀ ਕੁੜੀ ਹੱਥੀਂ ਲੱਗਾ ਨਾ ਵਿਕਣ ਤੇ ਕਬੀਰ ਸਾਹਿਬ ਦੀ ਚੀਖ ਨਿਕਲ ਗਈ। ਕਹਿੰਦਾ :

"ਇਹ ਤੇ ਅਚਰੋ ਦੇਖਿਆ ਹੀਰਾ"

ਹੇ ਕਬੀਰ ! ਬੜੀ ਚਰਜਤਾ-ਭਰੀ ਗੱਲ ਵੇਖੀ ਹੈ ਕਿ ਹੀਰਾ ਬਾਣੀਏ ਦੀ ਦੁਕਾਨ ਤੇ ਵਿਕ ਰਿਹਾ ਹੈ, ਲੂਣ, ਤੇਲ, ਵੇਚਣ ਵਾਲੇ ਦੀ ਦੁਕਾਨ ਤੇ ਵਿਕ ਰਿਹਾ ਹੈ। ਇਹ ਹੀਰਾ ਜਿਹੜਾ ਕਿ ਬੰਬੇ ਵਰਗੇ ਵੱਡੇ ਸ਼ਹਿਰਾਂ ਵਿੱਚ ਹੋਣਾ ਚਾਹੀਦਾ ਸੀ, ਸ਼ੋ ਕੇਸਾਂ ਵਿੱਚ ਹੋਣਾ ਚਾਹੀਦਾ ਸੀ, ਉਹ ਇਕ ਬਾਣੀਏ ਦੀ ਦੁਕਾਨ ਉਤੇ ਵਿਕ ਰਿਹਾ ਹੈ। ਕਿਸੇ ਪਰਖਣ ਵਾਲੇ ਤੋਂ ਬਿਨਾਂ, ਕਿਸੇ ਸਿਆਣੇ ਤੋਂ ਬਿਨਾਂ, ਕਿਸੇ ਜਾਣੂ-ਪਛਾਣੂ ਤੋਂ ਬਿਨਾਂ ਉਹ ਪੰਜ ਲੱਖ ਦਾ ਹੀਰਾ !

"ਕਉਡੀ ਬਦਲੈ ਜਾਇ ਪਿਆਰੇ ਕਉਡੀ ਬਦਲੈ ਜਾਇ
ਕਉਡੀ ਬਦਲੈ ਜਾਇ ਪਿਆਰੇ ॥
ਹੀਰਾ ਲਾਲੁ ਅਮੋਲੁ ਜਨਮੁ ਹੈ
ਕਉਡੀ ਬਦਲੈ ਹਾਰਿਓ ਰੇ ॥" (ਪੰਨਾ ੩੩੫)

ਇਹ ਮਨੁੱਖਾ ਜਨਮ ਅਮੋਲਕ ਹੀਰਾ ਹੈ, ਬੇਨਜ਼ੀਰ ਹੀਰਾ ਹੈ, ਪਰ ਵਿਕਾਰਾਂ ਦੀਆਂ, ਪਰ ਕੁਕਰਮਾਂ ਦੀਆਂ, ਬਦਫੈਲੀਆਂ ਦੀਆਂ ਕੌਡੀਆਂ ਵਿੱਚ ਭੁੱਲਾ ਹੋਇਆ ਮਨ ਇਹ ਹੀਰਾ ਜਨਮ ਬਰਬਾਦ ਕਰ ਲਿਆ। ਦੇਖੋ ਭਈ ਗੁਰਮੁਖੋ ਪਿਆਰਿਓ ! ਮਹਾਂਪੁਰਖਾਂ ਦੇ ਹੱਥੀ ਬਣੇ ਹੋਏ ਡੇਰਿਆਂ ਵਿੱਚ ਤੁਸੀਂ ਬੈਠੇ ਹੋ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਪ੍ਰਕਾਸ਼ ਹੈ। ਔਰ ਇਹ ਪਾਵਨ ਪਵਿੱਤਰ ਧਰਤੀ ਪਤਾ ਨਹੀਂ ਕਿਹੜੇ ਜ਼ਮਾਨੇ ਵਿੱਚ ਭਲਾ ਕਰਮ ਕੀਤਾ ਹੈ ਜਿਹੜਾ ਕਿ ਇਥੇ ਵੀ ਬਾਣੀ ਦਾ ਕੋਈ ਵੀ ਬਚਨ ਜਾਰੀ ਹੀ ਰਹਿੰਦਾ ਹੈ। ਐਸੀ ਧਰਤੀ ਵਿੱਚ ਆਉਣ

ਵਾਲੇ, ਐਸੇ ਮੰਦਰ ਵਿੱਚ ਆਉਣ ਵਾਲੇ ਮਹਾਂਪੁਰਖੋ, ਸਿਆਣਿਓ, ਦਾਨਿਓ, ਸਤਿਸੰਗੀਓ, ਜੁੜੋ। ਗੁਰਬਾਣੀ ਨਾਲ ਜੁੜਿਓ, ਸਮਝਣ ਦੀ ਕੋਸ਼ਿਸ਼ ਕਰੀਏ ਕੰਮ ਆਵੇਗੀ !

"ਤ੍ਰਿਸਨਾ ਤ੍ਰਿਖਾ"

ਇੱਡਾ ਭੁੱਲਿਓਂ ਤੂੰ ਮਨਾ ਕਿ ਤੈਨੂੰ ਮਾਇਆ ਦੀ ਤ੍ਰਿਸ਼ਨਾ ਲੱਗ ਗਈ। ਮਾਇਆ ਦੀ ਤ੍ਰਿਸਨਾ ਦੀ ਅੱਗ ਤੇਰੇ ਅੰਦਰ ਬਲ ਗਈ। "ਤ੍ਰਿਖਾ" ਦਾ ਅਰਥ ਹੈ ਪਿਆਸ ! ਨੱਚਿਆਂ ਤੈਨੂੰ ਪਿਆਸ ਲੱਗ ਗਈ। ਕੋਈ ਭੰਗ ਵਿਚ ਮਸਤ ਹੈ, ਕੋਈ ਸ਼ਰਾਬ ਵਿਚ ਮਸਤ ਹੈ, ਕੋਈ ਅਫੀਮ ਵਿਚ ਮਸਤ ਹੈ। ਨੱਠਿਆਂ ਤੈਨੂੰ ਪਿਆਸ ਲੱਗ ਗਈ ਤੇ ਜਿਸ ਵੇਲੇ ਨਸ਼ਾ ਕਰਕੇ ਰੱਜ ਗਿਆ !

"ਤ੍ਰਿਸਨਾ ਤ੍ਰਿਖਾ ਭੂਖ"

ਫਿਰ ਤੈਨੂੰ ਪਦਾਰਥ ਛਕਣ ਦੀ ਭੁੱਖ ਜਾਗ ਪਈ ਕਿ ਕੁੱਕੜ ਲਿਆਉ, ਤਿੱਤਰ ਲਿਆਉ, ਮੁਰਗਾ ਲਿਆਉ, ਮੱਛੀ ਲਿਆਉ। ਮੈਂ ਅਖਬਾਰ ਵਿੱਚ ਇਕ ਲਤੀਫਾ ਪੜ੍ਹਿਆ ਸੀ ਮਾਨ ਸਿੰਘ ਝੌਰ ਜੀ ਕਹਿੰਦੇ, ਕਿਤੇ ਹੋਟਲ ਵਿੱਚ ਚਲਾ ਗਿਆ ਤੇ ਬੜੇ ਤਮਤਮਾਕ ਨਾਲ ਆਡਰ ਦਿੱਤਾ, ਉਇ ! ਮੁਰਗਾ ਲਿਆ, ਤਿੱਤਰ ਲਿਆ, ਅੰਡਾ ਲਿਆ। ਇਹ ਆਰਡਰ ਦਿੰਦਾ ਰਿਹਾ ਤੇ ਉਹ ਲਿਆਉਂਦਾ ਰਿਹਾ। ਜਿਸ ਵੇਲੇ ਦੋ ਕੁ ਸੌ ਰੁਪਏ ਦਾ ਬਿੱਲ ਹੋਇਆ ਤੇ ਕਹਿੰਦਾ ਪੁਲਿਸ ਲਿਆਉ। ਮੰਗੀ ਉਹ ਵੀ ਰੋਅਬ ਨਾਲ ! ਕਹਿੰਦਾ ਪੁਲਿਸ ਲਿਆਉ, ਤੇ ਉਹ ਕਹਿੰਦਾ ਕੀ ਕਰਨੀ ? ਕਹਿੰਦਾ ਆਪਣੇ ਆਪ ਨੂੰ ਗ੍ਰਿਫਤਾਰ ਕਰਵਾਉਣਾ ਹੈ। ਭੁੱਖ ਲੱਗ ਗਈ ਨਸ਼ੇ ਦੀ ਤੇ ਫਿਰ ਉਹ ਨਸ਼ੇ ਨੇ ਸੁਆਦ ਤੇ ਦੇਣਾ ਹੀ ਸੀ ਨਾ। ਉਹਦੇ ਵਿੱਚ ਸੁਖ ਦੀ ਆਸ ਲੱਗ ਗਈ ਕਿ ਐਸ ਚੀਜ਼ ਵਿੱਚ ਸੁਖ ਬੜਾ ਹੈ। ਇਸ ਦੇ ਵਿੱਚ ਬੜਾ ਆਨੰਦ ਹੈ। ਕਲਿਆਣ ਦਾ ਕੀ ਸਾਧਨ ਹੈ ? ਜੰਮਣ-ਮਰਨ ਦਾ ਕੀ ਸਾਧਨ ਹੈ ? ਇਸ ਗੱਲ ਦੀ ਹਿਰਦੇ ਵਿੱਚ ਵਿਚਾਰ ਹੀ ਨਾ ਕੀਤੀ। ਹੰਕਾਰ ਦੀ ਮਸਤੀ ਵਿੱਚ, ਹੰਕਾਰ ਦੇ ਨਸ਼ੇ ਵਿੱਚ ! ਗਰੀਬ-ਨਿਵਾਜ਼ ਕਹਿੰਦੇ ਨੇ ਮਨਾ ! ਤੂੰ ਅੰਦਰ ਹੀ ਅੰਦਰ ਲੁੱਟਿਆ ਗਿਆ, ਠੱਗਿਆ ਗਿਆ, ਬਰਬਾਦ ਹੋ ਗਿਆ। ਤੇਰੇ ਅੰਦਰ ਜਿਤਨੇ ਚੰਗੇ ਗੁਣ ਸੀ ਸਹਿਨਸ਼ੀਲਤਾ,ਪਰਉਪਕਾਰੀ, ਨੇਕੀ, ਸੱਚ ਬੋਲਣਾ, ਇਹ ਸਾਰੇ ਦੇ ਸਾਰੇ ਚਲੇ ਗਏ। ਤੂੰ ਲੁੱਟਿਆ ਗਿਆ, ਬਰਬਾਦ ਹੋ ਗਿਆ, ਤੂੰ ਇਨ੍ਹਾਂ ਗੁਣਾਂ ਤੋਂ ! ਬਰਬਾਦ ਹੋ ਗਿਆ ਤੂੰ, ਪੂੰਜੀ ਤੇਰੀ ਲੁੱਟੀ ਗਈ, ਸੱਤ-ਸੰਤੋਖ, ਦਇਆ, ਧਰਮ, ਧੀਰਜ ਤੇਰਾ ਲੁੱਟਿਆ ਗਿਆ, ਪਰ ਤੂੰ ਗੁਰੂ ਕੇ ਸ਼ਬਦ ਨੂੰ ਧਾਰਨ ਨਾ ਕੀਤਾ !

"ਸੁਆਦ ਲੁਭਤ"

ਜਿਹੜਾ ਸੁਆਦ ਅਰਥਾਤ ਸੁਆਦਾਂ ਦਾ ਤੇ ਲੁਭਤ ਅਰਥਾਤ ਲੋਭੀ ਹੈ ਨਾ, ਜਿਹੜਾ ਸੁਆਦਾਂ ਦਾ ਪਟਿਆ ਹੋਇਆ ਹੈ ਨਾ !

"ਸੁਆਦ ਲੁਭਤ ਇੰਦਰੀ ਰਸ"

ਉਹਨੂੰ ਇੰਦਰੀਆਂ ਪ੍ਰੇਰਨਾ ਕਰਦੀਆਂ ਰਹਿੰਦੀਆਂ ਨੇ ! ਅੱਖਾਂ, ਰੂਪ ਵੇਖਣ ਵਲ ਉਸ ਨੂੰ ਪ੍ਰੇਰਨਾ ਕਰਦੀਆਂ ਰਹਿੰਦੀਆਂ ਨੇ, ਜ਼ਬਾਨ ਜ਼ਾਇਕਿਆਂ ਵੱਲ ਉਸ ਨੂੰ ਪ੍ਰੇਰਨਾ ਕਰਦੀ ਰਹਿੰਦੀ ਹੈ। ਨੱਕ ਉਸ ਨੂੰ ਸੁੰਗਧੀਆਂ ਲੈਣ ਵਾਸਤੇ ਪ੍ਰੇਰਿਤ ਕਰਦਾ ਰਹਿੰਦਾ ਹੈ। ਜਿੰਨੀਆਂ ਇੰਦਰੀਆਂ ਨੇ ਸੁਆਦਾਂ ਦੇ ਲੋਭੀ ਨੂੰ ਆਪਣੇ-ਆਪਣੇ ਸੁਆਦ ਵਲ ਪ੍ਰੇਰਨਾ ਕਰਦੀਆਂ ਰਹਿੰਦੀਆਂ ਨੇ। ਫਿਰ ਇੰਦਰੀਆਂ ਦਾ ਪ੍ਰੇਰਿਆਂ ਹੋਇਆ, ਫਿਰ ਸ਼ਰਾਬ ਦਾ ਰੱਸ ਲੈਂਦਾ ਹੈ। ਜ਼ਬਾਨ ਦਾ ਪ੍ਰੇਰਿਆ ਹੋਇਆ ਸ਼ਰਾਬ ਦਾ ਰੱਸ ਲੈਂਦਾ ਹੈ। ਜਦੋਂ ਉਹ ਨਸ਼ੇ ਵਿੱਚ ਦੂਰ ਹੋ ਜਾਂਦਾ ਹੈ ਤੇ ਫਿਰ ਵਿਕਾਰ ਕਰਦਾ ਹੈ, ਕੁਕਰਮ ਕਰਦਾ ਹੈ, ਫਿਰ ਜੂਏ ਖੇਡਦਾ ਹੈ, ਫਿਰ ਸ਼ਰਾਬਾਂ ਦੇ ਬਾਅਦ ਤਾਸ਼ ਖੇਡਦਾ ਹੈ, ਲੜਦਾ ਹੈ। ਫਿਰ ਵੇਸਵਾ ਦੇ ਦੁਆਰੇ ਜਾਂਦਾ ਹੈ। ਕੁੜਮਾਂ, ਜੱਮਾਂ, ਲੱਜਾ ਕਿਸੇ ਦੀ ਸ਼ਰਮ ਨਹੀਂ ਰਹਿੰਦੀ !

"ਸੁਆਦ ਲੁਭਤ ਇੰਦ੍ਰੀ ਰਸ ਪ੍ਰੇਰਿਓ"

ਬਾਪੂ ਕਹਿੰਦਾ ਹੈ ਕਿ ਜਿਹੜੇ ਦਿਖਾਵੇ ਦੇ ਕਰਮਾਂ ਤੋਂ ਭੱਜ ਕੇ, ਦਿਖਾਵੇ ਦੇ ਕਰਮਾਂ ਨੂੰ ਛੱਡ ਕੇ, ਦਿਖਾਵੇ ਦੇ ਕਰਮਾਂ ਤੋਂ ਨੱਸ ਕੇ ਜੇਕਰ ਸੰਤਾਂ ਦੇ ਸੰਗ ਵਿੱਚ ਆ ਜਾਏ, ਸੰਤਾਂ ਦੀ ਸੰਗਤ ਵਿੱਚ ਆ ਜਾਏ। ਜਿਨ੍ਹਾਂ ਨੇ ਦਿਖਾਵੇ ਦੇ ਕਰਮ, ਧਰਮ, ਤਿਆਗ ਕੇ ਸਾਧੂ ਦੀ ਸੰਗਤ ਅਖਤਿਆਰ ਕਰ ਲਈ, ਜਿਸ ਤਰ੍ਹਾਂ ਕਾਠ ਅਰਥਾਤ ਲੱਕੜੀ ਲੋਹੇ ਨੂੰ ਦਰਿਆ ਤੋਂ ਪਾਰ ਕਰ ਦਿੰਦੀ ਹੈ, ਇਸੇ ਤਰ੍ਹਾਂ ਸਾਧ ਦੇ ਸੰਗ ਵਿੱਚ, ਸਾਧੂ ਦੀ ਸੰਗਤ ਵਿੱਚ ਆਏ ਹੋਏ ਮਨਮੁੱਖ ਨੇ ਡੁਬੱਣ ਵਾਲੇ, ਬਰਬਾਦ ਹੋ ਜਾਣ ਵਾਲੇ ਲੋਹੇ ਨੂੰ, ਸਾਧੂ ਦੀ ਸੰਗਤ ਲੱਕੜੀ ਬਣ ਕੇ ਪਾਰ ਕਰ ਦਿੰਦੀ ਹੈ। ਸਾਧੂ ਦੀ ਸੰਗਤ ਵਿੱਚ ਆਉਣ ਵਾਲਾ ਬਚ ਜਾਂਦਾ ਹੈ। ਐਵੇਂ ਨਹੀਂ ਪਾਣੀ ਨੇ ਪ੍ਰੇਰਨਾ ਕੀਤੀ :

"ਕਬੀਰ ਸਾਧੂ ਕੀ ਸੰਗਤਿ ਕਰਉ
ਜਉ ਕੀ ਭੂਸੀ ਖਾਉ ॥"

ਭਾਵੇਂ ਜਵਾਂ ਦੇ ਬੂਰੇ ਦੀ ਤੈਨੂੰ ਰੋਟੀ ਖਾਉਣੀ ਪਵੇ, ਪਰ ਸਾਧੂ ਦੀ ਸੰਗਤ ਵਿੱਚ ਰਹੀ। ਇਕ ਘੜੀ ਕਰ ਲੈ, ਅੱਧੀ ਘੜੀ ਕਰ ਲੈ, ਅੱਧੀ ਤੋਂ ਅੱਧੀ ਘੜੀ ਕਰ ਲੈ ਸਾਧੂ ਦੀ ਸੰਗਤ। ਘੱਟ ਤੋਂ ਘੱਟ ਜਿੰਨਾ ਸਮਾਂ ਮਿਲਦਾ ਈ ਕਰ ਲੈ ਸਾਧੂ ਦੀ ਸੰਗਤ। ਜਿੰਨੀ ਥੋੜੀ ਤੋਂ ਥੋੜੀ ਸਾਧੂ ਦੀ ਸੰਗਤ ਕਰ ਲਏਂਗਾ, ਤੈਨੂੰ ਲਾਭ ਹੀ, ਲਾਭ ਹੀ, ਫਾਇਦਾ ਈ ਫਾਇਦਾ ਈ। ਉਹ ਮੁਨਾਫ਼ਾ ਹੀ ਮੁਨਾਫ਼ਾ ਹੈ, ਇਸ ਵਿੱਚ ਘਾਟਾ ਕੋਈ ਨਹੀਂ।

"ਕਰਮ ਭਾਰਾ ਸੰਤਨ ਸੰਗਾਨੇ
ਕਾਸਟ ਲੋਹ ਉਧਾਰਿਓ ਰੇ ॥੩॥ (ਪੰਨਾ ੩੩੫)

ਇਹ ਤਰਲਾ ਹੈ, ਇਹ ਅਰਦਾਸ ਹੈ। ਵਾਹਿਗੁਰੂਰ, ਜੂਨਾਂ ਵਿੱਚ ਦੌੜਦੇ, ਆਉਂਦੇ-ਜਾਂਦੇ, ਜੰਮਦੇ-ਮਰਦੇ। ਜਨਮਾਂ ਵਿੱਚ ਭਟਕਦੇ, ਜਨਮਾਂ ਵਿੱਚ ਚੱਕਰ

ਕੱਟਦੇ ਅਸੀਂ ਥੱਕ ਗਏ, ਅਸੀਂ ਹੰਭ ਗਏ। ਮਹਾਰਾਜ ! ਹੁਣ ਸਾਡੇ ਵਿੱਚ ਸ਼ਕਤੀ ਨਹੀਂ ਰਹੀ। ਹੁਣ ਗੁਰੂ ਮਿਲ ਗਿਆ, ਉਹਨੇ ਪ੍ਰੇਰਨਾ-ਭਗਤੀ ਦੇ ਦਿੱਤੀ, ਪ੍ਰੇਰਨਾ-ਭਗਤੀ ਕਰਨੀ ਉਸ ਨੇ ਸ਼ੁਰੂ ਕਰ ਲਈ, ਸੰਸਾਰ ਸਮੁੰਦਰ ਤੋਂ ਬੇੜਾ ਪਾਰ ਹੀ ਹੋ ਗਿਆ। ਇਸ ਵਾਸਤੇ ਬਾਣੀ ਹੋਕਾ ਦਿੰਦੀ ਹੈ :

"ਨਾਨਕ ਓਟ ਸਦਾ ਸਦਾ ਜਪ"

ਇਹ ਭਗਤੀ, ਇਹ ਰਸਤਾ ਅਪਣਾਉਣ ਕਿਸ ਤਰ੍ਹਾਂ ਹੈ ? "ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ" ਸੱਚਾ ਪਾਤਸ਼ਾਹ, ਮੀਰੀ-ਪੀਰੀ ਦੇ ਮਾਲਿਕ ਦੇ ਵੇਲੇ ਇਕ ਸਿੱਖ ਹੋਇਆ ਹੈ, ਉਸ ਦੇ ਘਰ ਕੰਨਿਆਂ ਨੇ ਜਨਮ ਲਿਆ ਤੇ ਜਿਵੇਂ ਕਾਕੇ ਦੇ ਜਨਮ ਦੀ ਪ੍ਰਸੰਨਤਾ ਕਰੀਦੀ ਹੈ ਨਾ, ਉਸ ਸਿੱਖ ਨੇ ਲੜਕੀ ਦੀ ਖੁਸ਼ੀ ਵੀ ਕੀਤੀ। ਇਕ ਨੇ ਪੁਛਿਆ, "ਇਹ ਕਿਉ ?" ਕਹਿਣ ਲੱਗਾ, ਮੇਰਾ ਬਾਪੂ ਕਹਿੰਦਾ ਹੈ ਧੀ ਹੈ, ਭਾਵੇਂ ਪੁੱਤਰ ਹੈ, ਇਹ ਰੱਬ ਦੀ ਦਾਤ ਹੈ। ਇਹ ਵਾਹਿਗੁਰੂ ਨੇ ਮੇਰੇ ਘਰ ਭੇਜਿਆ ਹੈ। ਇਸ ਦਾ ਆਦਰ ਕਰਨਾ ਮੇਰਾ ਧਰਮ ਹੈ, ਮੇਰਾ ਫਰਜ਼ ਹੈ। ਇਹ "ਗੁਰਮਤੀਆ" ਸਿੱਖ ਹੈ। ਮਨਮਤੀਏ ਨਹੀਂ ਇਸ ਤਰ੍ਹਾਂ ਕਰਦੇ। ਮਾਨ ਸਿੰਘ ਝੌਰ ਜੀ ਕਹਿੰਦੇ ਮੈਂ ਮਨੁੱਖਾਂ ਨੂੰ ਕਈ ਵਾਰ ਵੇਖਦਾ ਹਾਂ, ਇਹ ਜਾਨਵਰਾਂ ਤੋਂ ਬੜੇ ਨਰਾਜ਼ ਰਹਿੰਦੇ। ਤੁਹਾਡੇ ਘਰ ਵਿੱਚ ਆਲ੍ਹਣੇ ਬਣਾ ਕੇ ਚਿੜੀਆਂ ਬੱਚੇ ਦਿੰਦੀਆਂ ਹਨ ! ਦੋ ਬੱਚੇ ਹੁੰਦੇ ਨੇ ਚਿੜੀ ਦੇ ਇਕ ਨਰ ਤੇ ਇਕ ਮਾਦਾ ਅਰਥਾਤ ਇਕ ਮੁੰਡਾ ਤੇ ਇਕ ਕੁੜੀ। ਪਰ ਉਹ ਚਿੜੀ ਤੇ ਚਿੜਾ ਸਾਰਾ ਦਿਨ ਥਕੇਵੇਂ ਦੀ ਪਰਵਾਹ ਨਹੀਂ ਕਰਦੇ। ਔਰ ਉਹ ਇਕੋ ਜਿਹਾ ਖਾਣਾ ਛਕਾਉਂਦੇ ਨੇ ਧੀ ਤੇ ਪੁੱਤਰ ਨੂੰ ! ਫਰਕ ਨਹੀਂ ਪਾਉਂਦੇ। ਤੁਸੀਂ ਗਾਈਆਂ-ਮੱਝੀਆਂ ਰੱਖਦੇ ਹੀ ਹੋਵੋਗੇ ਨਾ "ਪੰਜਾਬ" ਵਿੱਚ। ਇਕ ਗਾਂਈਂ ਨੇ ਵੱਛੀ ਦਿੱਤੀ ਹੈ ਤੇ ਇਕ ਨੇ ਵੱਛਾ। ਤੇ ਗਾਂਈਂ ਨੇ ਕਦੀ ਫਰਕ ਪਾਇਆ ਹੈ ਕਿ ਵੱਛੀ ਨੂੰ ਦੁੱਧ ਘੱਟ ਪਿਆਉਣਾ ਹੈ ਤੇ ਵੱਛੇ ਨੂੰ ਜ਼ਿਆਦਾ ਪਿਆਉਣਾ। ਇਹ ਖੂਬੀ ਮਨੁੱਖ ਵਿੱਚ ਹੈ। ਮੁੰਡੇ ਦੀਆਂ ਨਾਸਾਂ ਚੋਂਦੀਆਂ ਹੋਣ, ਦੰਦ ਉੱਚੇ ਹੋਣ, ਫੀਨਾ ਹੋਵੇ ਭਾਵੇਂ ਤੇ ਉਸ ਨੂੰ ਸਾਰੇ ਦਿਨ ਦਾ ਕੜ੍ਹਿਆ ਹੋਇਆ ਰਬੜੀ ਵਰਗਾ ਦੁੱਧ ਪਿਲਾਉਣਗੇ। ਤੇ ਹੀਰੇ ਵਰਗੀ ਕੁੜੀ ਹੋਵੇ ਤੇ ਉਸ ਨੂੰ ਇਸ ਤਰ੍ਹਾਂ ਨਹੀਂ ਕਰਨਗੇ। ਆਪਣੀ ਔਲਾਦ ਵਿੱਚ ਵਖੇਂਵਾ ਪਾ ਦਿੱਤਾ ਇਸ ਨੇ, ਅਕਲਮੰਦ ਨੇ, ਦਾਨੇ ਨੇ, ਔਲਾਦ ਵਿੱਚ ਫਰਕ ਪਾ ਦਿੱਤਾ। ਹਜ਼ੂਰ ਕਹਿੰਦੇ ਨੇ ਧੀ ਹੋਵੇ ਜਾਂ ਪੁੱਤਰ, ਇਹ ਵਾਹਿਗੁਰੂ ਦੀ ਦਾਤ ਹੈ। ਇਸ ਨੂੰ ਗੁਰੂ ਦੀ ਦਾਤ ਸਮਝ ਕੇ ਕਬੂਲਣਾ ਚਾਹੀਦਾ ਹੈ।

ਸੋ ਅੰਤ ਵਿੱਚ ਮੈਂ ਇੰਨਾ ਹੀ ਕਹਿਣਾ ਚਾਹੁੰਦਾ ਹਾਂ, ਗੁਰਮੁਖੋ ਇਹ ਸੰਸਾਰੀ ਪਦਾਰਥਾਂ ਨੇ ਤੁਹਾਡੇ ਨਾਲ ਨਹੀਂ ਜਾਣਾ, ਜਿਸ ਦੇ ਪਿਛੇ ਤੁਸੀਂ ਇੰਨੇ ਝਗੜੇ ਕਰਦੇ ਹੋ, ਇੰਨਾ ਲੜਦੇ ਹੋ। ਇਨ੍ਹਾਂ ਚੀਜ਼ਾਂ ਨੇ ਤੁਹਾਡੇ ਨਾਲ ਨਹੀਂ ਜਾਣਾ। ਜੇ ਨਾਲ ਜਾਣਾ ਹੈ ਕਿਸੇ ਨੇ ਤੁਹਾਡੇ ਤੇ ਉਹ ਹੈ ਕੇਵਲ "ਸਤਿਨਾਮ-ਵਾਹਿਗੁਰੂ"! ਇਸ

ਤੋਂ ਬਿਨਾਂ ਕਿਸੇ ਹੋਰ ਚੀਜ਼ ਨੇ, ਵਸਤੂ ਨੇ, ਪਦਾਰਥਾਂ ਨੇ ਨਾਲ ਨਹੀਂ ਜਾਣਾ। ਬੁਰੇ ਕੰਮਾਂ ਵਿੱਚ ਰੁਲ ਕੇ, ਨਸ਼ੇ ਕਰਕੇ, ਧੋਖੇ ਕਰਕੇ, ਝਗੜੇ ਕਰਕੇ, ਤੈਨੂੰ ਇਸ ਵਿਚੋਂ ਕੁਝ ਹਾਸਿਲ ਨਹੀਂ ਹੋਣਾ। ਜੇ ਕੁਝ ਹਾਸਿਲ ਕਰਨਾ ਈ ਤਾਂ ਉਹ ਹੈ ਵਾਹਿਗੁਰੂ ਦੀ ਕਿਰਤ, ਵਾਹਿਗੁਰੂ ਦਾ ਨਾਮ, ਵਾਹਿਗੁਰੂ ਦੀ ਉਪਮਾ। ਜਿਸ ਨੇ ਤੇਰਾ ਜਨਮ ਸੁਧਾਰਾਨਾ ਹੈ ਤੇ ਪਰਲੋਕ ਸੁਹੇਲੇ ਕਰਨੇ ਹਨ। ਸੋ ਗੁਰਮੁਖਾ ਜੇ ਕੁਝ ਹਾਸਿਲ ਕਰਨਾ ਈ ਤਾਂ ਜੁੜ ਜਾ ਵਾਹਿਗੁਰੂ ਦੀ ਕਿਰਤ ਵਿਚ !

ਗੁਰਮਤਿ ਤੇ ਮਨਮੁੱਖ

ਸੰਸਾਰੀ ਢਾਂਚਾ ਐਸੀ ਢਾਲਣਾ ਵਿਚ ਢਾਲਿਆ ਗਿਆ ਹੈ, ਜਿਸ ਵਿਚ ਹਰ ਇਕ ਮਨੁੱਖ ਆਪਣੇ ਆਪ ਨੂੰ ਸਮਝਦਾਰ ਸਾਬਤ ਕਰਨਾ ਚਾਹੁੰਦਾ ਹੈ। ਉਹ ਆਪਣੀ ਮਰਜ਼ੀ ਅਨੁਸਾਰ ਹਰ ਕੰਮ ਕਰਨਾ ਚਾਹੁੰਦਾ ਹੈ, ਪਰ ਰੱਬ ਦੀ ਮਰਜ਼ੀ ਤੋਂ ਇਲਾਵਾ ਕੋਈ ਕੰਮ ਨਹੀਂ ਹੋ ਸਕਦਾ। ਆਉ, ਅਸੀਂ ਸਾਰੇ ਮਾਨ ਸਿੰਘ ਝੌਰ ਜੀ ਦੇ ਕੋਲੋਂ ਗਿਆਨ ਲਈਏ ਕਿ ਆਪਣੀ ਸਮਝਦਾਰੀ ਤੋਂ ਇਲਾਵਾ ਰੱਬ ਦੀ ਮਰਜ਼ੀ ਪਹਿਲਾਂ ਸ਼ਾਮਿਲ ਕਰਨੀ ਚਾਹੀਦੀ ਹੈ।

"ਫਰੀਦਾ ਸਾਹਿਬ ਦੀ ਕਰਿ ਚਾਕਰੀ"

ਮਾਨ ਸਿੰਘ ਝੌਰ ਜੀ ਦੱਸਦੇ ਹਨ ਕਿ ਬੰਦਗੀ ਕਰਨ ਨਾਲ ਬੰਦਾ ਸੜ ਤੇ ਨਹੀਂ ਜਾਂਦਾ। ਜੇ ਸੜ ਜਾਂਦਾ ਤਾਂ ਆਖੰਡ ਨਹੀਂ ਰਹਿਣਾ। ਜੇ ਆਖੰਡ ਰਹਿਣਾ ਤਾਂ ਬਾਣੀ ਪੜ੍ਹਨੀ ਪੈਣੀ!

"ਕੋਈ ਬੋਲੈ ਰਾਮ ਰਾਮ
ਕੋਈ ਖੁਦਾਇ ॥"

ਕੋਈ ਰਾਮ-ਰਾਮ ਬੋਲਦਾ ਹੈ ਤੇ ਕੋਈ ਖੁਦਾਇ ਬੋਲਦਾ ਹੈ। ਬਾਦਸ਼ਾਹਾਂ ਦੀ ਕੁੜੀ ਨੇ ਆਖਿਆ ਜੋ ਤੁਹਾਡਾ ਜੀਅ ਕਰੇ ਮੰਤਰ ਜਪੋ, ਰੋਟੀ-ਪਾਣੀ ਦਾ ਪ੍ਰਬੰਧ ਮੈਂ ਕਰਾਂਗੀ। ਥੋੜੇ ਕੁ ਦਿਨਾਂ ਵਿਚ ਹੀ ਬਗੀਚਾ ਐਂ ਭਰ ਗਿਆ। ਉਧਰ ਪੂੜੀਆਂ, ਕੜਾਹ-ਪ੍ਰਸ਼ਾਦਿ ਤਿਆਰ ਹੋ ਰਿਹਾ ਸੀ। ਚਾਰ ਕੁ ਦਿਨ ਹੋਏ, ਬਾਦਸ਼ਾਹ ਦੀ ਲੜਕੀ ਆਪਣੀਆਂ ਸਹੇਲੀਆਂ ਸਮੇਤ ਹਾਰ-ਸ਼ਿੰਗਾਰ ਕਰਕੇ ਬਗੀਚੇ ਵਿਚ ਸੈਰ ਕਰਨ ਆਈ। ਇਹੋ ਜਿਹੀਆਂ ਉਸ ਦੀਆਂ ਸਹੇਲੀਆਂ ਨੱਸੀਆਂ, ਭੱਜੀਆਂ, ਖੇਡੀਆਂ, ਹੱਸੀਆਂ ਤੇ ਗੀਤ ਇਕ-ਇਕ ਕਰਕੇ ਸਾਰੀਆਂ ਸ਼ਹੇਲੀਆਂ ਨੇ ਗਾਇਆ। ਉਹਨਾਂ ਦੇ ਗੀਤਾਂ ਦੀ ਅਵਾਜ਼ ਸੁਣ ਕੇ ਇਕ ਸਾਧ ਦੀ ਨਜ਼ਰ ਉਤਾਂਹ ਹੋਈ, ਪਲਕਾਂ ਉਤਾਂਹ ਹੋਈਆਂ, ਤੇ ਉਸ ਨੇ ਜਿਸ ਵੇਲੇ ਕੁੜੀਆਂ ਵੱਲ ਵੇਖਿਆ, ਜਿਸ ਵੇਲੇ ਉਹਦੀ ਨਜ਼ਰ ਗਈ ਲੜਕੀਆਂ ਵੱਲ। ਕੇਵਲ ਗੇਰੂ-ਰੰਗ ਦਾ ਹੀ ਸਾਧ ਸੀ ਨਾ, ਤਨ ਕਰਕੇ ਸਾਧ ਸ਼ੀ ਨਾ, ਪਰ ਮਨ ਕਰਕੇ ਨਹੀਂ ਸੀ। ਇਹ ਵੇਖ ਕੇ ਅੰਦਰੋਂ ਡੋਲ ਗਿਆ, ਅੰਦਰੋਂ ਕੰਬ ਗਿਆ। ਉਹਨਾਂ ਲੜਕੀਆਂ ਦਾ ਚਿੱਟਾ ਚਮੜਾ ਵੇਖ ਕੇ ਕਾਮ ਅੱਖਾਂ ਵਿਚ ਵੀ ਆ ਗਿਆ, ਕਾਮ ਜ਼ਬਾਨ ਤੇ ਵੀ ਆ ਗਿਆ, ਕਾਮ ਨੇ

ਤਾਂ ਚਾਰ-ਚੁਫੇਰੇ ਘੇਰਾ ਪਾ ਲਿਆ। ਮੇਰਾ ਖਿਆਲ ਸੀ ਮੇਰਾ "ਗੁਰੂ ਗ੍ਰੰਥ ਸਾਹਿਬ" ਕਹਿੰਦਾ ਹੈ;

"ਮਨਿ ਮੈਲੈ ਸਭੁ ਕਿਛੁ ਮੈਲਾ ॥"

ਜਿਸ ਦਾ ਮਨ ਮੈਲਾ ਹੈ ਨਾ, ਉਸ ਦਾ ਸਭ ਕੁਝ ਮੈਲਾ। ਮੈਲੇ ਮਨ ਵਿਚੋਂ ਇਹ ਸੰਕਲਪ ਨਿਕਲੇਗਾ ਭਈ ਛੱਡ ਯਾਰ! ਗੁਰਦੁਆਰੇ ਜ਼ਰੂਰ ਜਾਣਾ, ਇਹਨੂੰ ਕਿਹੜਾ ਤਾਲੇ ਲੱਗ ਜਾਣੇ ਨੇ, ਰੋਜ਼ ਖੁਲ੍ਹ ਹੀ ਜਾਂਦੇ ਨੇ ਨਾ ਬੂਹੇ। ਜਿਹੜੀ ਅੱਗ ਜਿਸ ਵੇਲੇ ਆਈ ਹੈ, ਖੌਰਾ ਲੱਭਣੀ ਹੈ ਕਿ ਨਹੀਂ ਲੱਭਣੀ। ਆ ਜਾਉ ਇੱਧਰ ਨੂੰ ਚੱਲੀਏ। ਮੈਲੇ ਮਨ ਵਿਚੋਂ ਮੈਲਾ ਸੰਕਲਪ ਨਿਕਲਿਆ, ਗੁਰਦੁਆਰੇ ਆਉਣੋਂ ਹਟਾ ਲਿਆ ਤੇ ਪਿਕਚਰ ਵੇਖਣ ਚਲਾ ਗਿਆ। ਜਿਸ ਦਾ ਮਨ ਮੈਲਾ, ਨਾ ਉਹਨੇ ਕਿਤੇ ਗੁਰਬਾਣੀ ਸੁਣਨੀ, ਉਹਨੇ ਤਾਂ ਕਹਿਣਾ ਆ ਮੈਂ ਤੈਨੂੰ ਟੱਪੇ ਸੁਣਾਵਾਂ। ਐਸੇ ਐਸੇ ਗਜ਼ਬ ਦੇ ਟੱਪੇ..........., ਲੁੱਟ ਲੈਂਦੀ ਹੈ ਘੁੰਗਰੂ ਬੰਨ੍ਹ ਕੇ। ਮੈਲੇ ਮਨ ਵਿਚੋਂ ਮੈਲਾ ਸੰਕਲਪ ਨਿਕਲਿਆ ਸੀ, ਗੁਰਦੁਆਰੇ ਜਾਣੋਂ ਹਟਾ ਦਿਤਾ, ਬਾਣੀ ਸੁਣਨੋਂ ਹਟਾ ਦਿੱਤਾ ਤੇ ਵੇਸਵਾ ਦੇ ਟੱਪੇ ਸੁਣਨ ਲਈ ਲੈ ਜਾਏ। ਜਿਸ ਦਾ ਮਨ ਮੈਲਾ ਉਹਦੇ ਕੰਨ ਮੈਲੇ, ਉਹਦੀਆਂ ਅੱਖਾਂ ਮੈਲੀਆਂ, ਉਹਦੀ ਰਸਨਾ ਮੈਲੀ, ਉਹਦੇ ਪੈਰ ਮੈਲੇ, ਉਹਦੇ ਹੱਥ ਮੈਲੇ। ਔਰ ਕਾਇਆਂ ਦੇ ਧੋਤਿਆਂ ਮਨ ਨੇ ਨਹੀਂ ਧੋਤੇ ਜਾਣਾ। ਲੜਕੀ ਨੇ ਵੇਖਿਆ ਇਹ ਤੇ ਸਾਧ ਨਹੀਂ, ਇਹ ਤੇ ਪੁਜਾਰੀ ਨੇ ਰੂਪ ਦੇ, ਇਹ ਤੇ ਚਰਨ-ਰੂਪੀ ਦੇ ਮਾਲਿਕ ਨੇ, ਪੁਲਿਸ ਆ ਗਈ ਤੇ ਕੱਢ ਕੇ ਲੈ ਗਈ। ਭਈ ਦੂਜੀ ਵੇਰਾਂ ਢੰਡੋਰਾ ਪਿਟਿਆ ਕਿ ਜਾਉ ਸਾਧ ਲਿਆਉ ਭਈ ਸਾਧ! ਔਰ ਜਿਨ੍ਹਾਂ ਸਾਧਾਂ ਨੂੰ ਮਾਨ ਸੀ ਨਾ ਕਿ ਮੇਰੀ ਬਾਰਾਂ ਵਰ੍ਹਿਆਂ ਦੀ ਸਮਾਧੀ, ਮੇਰੀ ਚੌਵੀ ਵਰ੍ਹਿਆਂ ਦੀ ਸਮਾਧੀ। ਤੇ ਫਿਰ ਚੰਗੇ ਕਹਾਉਂਦੇ ਸਾਧ ਆਏ। ਦੁਨੀਆਂ ਟੱਪ ਗਈ ਹੈ, ਲੰਗਰ ਉਸੇ ਤਰ੍ਹਾਂ ਲੱਗ ਗਏ ਨੇ ਤੇ ਬਗੀਚਾ ਭਰ ਗਿਆ। ਕੁੜੀਆਂ ਨੇ ਫਿਰ ਸੁਨੇਹਾ ਦਿੱਤਾ ਬਾਦਸ਼ਾਹ ਨੂੰ, ਜਿਹੜੇ ਸਾਧ ਆਏ ਨੇ ਬਿਲਕੁਲ ਰੱਬ ਦਾ ਰੂਪ। ਪਰ ਬਾਦਸ਼ਾਹਜ਼ਾਦੀ ਕਹਿਣ ਲੱਗੀ, ਜਿੰਨਾ ਚਿਰ ਪਰੀਖਿਆ ਨਾ ਲਵਾਂ, ਓਨਾ ਚਿਰ ਮੈਂ ਨਹੀਂ ਮੰਨਦੀ! ਚਾਰ ਕੁ ਦਿਨ ਬਾਅਦ ਸਹੇਲੀਆਂ ਹੋਰ ਦਸ ਵਧੇਰੇ ਲੈ ਲਈਆਂ, ਲਿਬਾਸ ਹੋਰ ਵਧੇਰਾ ਪਾ ਲਿਆ, ਭੱਜੀਆਂ, ਦੌੜੀਆਂ, ਕਿਕਲੀਆਂ ਪਾਈਆਂ, ਗੀਤ ਗਾਏ। ਇਕ ਸਾਧ ਦੇ ਫਿਰ ਨੇਤਰ ਖੁਲ੍ਹੇ। ਉਸ ਨੇ ਜਦੋਂ ਕੁੜੀਆਂ ਵੱਲ ਵੇਖਿਆ, ਉਸ ਦਾ ਮਨ ਡੋਲ ਗਿਆ। ਦੂਜੇ ਨੇ ਖੋਲ੍ਹੇ, ਫਿਰ ਤੀਜੇ ਨੇ ਤੇ ਜਿਹੜਾ ਉਹਨਾਂ ਦੇਵੀਆਂ-ਬੱਚੀਆਂ ਵਲ ਵੇਖੇ ਤੇ ਮਨ ਡੋਲ ਜਾਏ। ਲੜਕੀ ਨੂੰ ਹੋਰ ਕ੍ਰੋਧ ਆਇਆ, ਉਹਨੇ ਦੂਜੀ ਵੇਰਾਂ ਸੀਟੀ ਮਾਰੀ ਤੇ ਪੁਲਿਸ ਨੂੰ ਬੁਲਾ ਲਿਆ ਤੇ ਸਾਰੇ ਸਾਧ ਧੱਕੇ ਮਾਰ ਕੇ ਭਜਾ ਦਿੱਤੇ। ਹੁਣ ਉਸ ਨੇ ਐਲਾਨ ਕੀਤਾ ਕਿ ਸੰਤ ਆਉ ਹੁਣ ਸੰਤ। ਪਰ ਹੁਣ ਕੋਈ ਆਦਮੀ ਬਾਗ ਵੱਲ ਮੂੰਹ ਨਹੀਂ ਕਰਦਾ। ਔਰ ਜਦੋਂ ਸਾਧਾਂ ਦੀ ਨਿੰਦਿਆ ਹੋਣ ਲੱਗੀ ਨਾ ਤੇ ਫਿਰ ਸੱਚਾ ਸਾਧ "ਸੁਖਮਨੀ ਸਾਹਿਬ" ਦੇ ਰੰਗ ਵਿਚ

ਰਚਿਆ ਗੁਰਮਤੀਆ ਸਾਧ । ਕੋਈ ਅਡੰਬਰ ਨਹੀਂ, ਕੋਈ ਮ੍ਰਿਗਸ਼ਾਲਾ ਨਹੀਂ, ਕੋਈ ਸ਼ੇਰ ਦਾ ਚਮੜਾ ਨਹੀਂ, ਸਿੱਧਾ-ਸਾਦਾ ਆ ਗਿਆ, ਬੈਠ ਗਿਆ ਦਰਖਤ ਦੇ ਥੱਲੇ ਆਸਣ ਲਾ ਕੇ । ਬਾਹਾਂ ਗੋਡਿਆਂ ਉਪਰ ਰੱਖ ਲਈਆਂ ਤੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਆਰੰਭ ਕਰ ਦਿੱਤਾ । ਪੜ੍ਹਦਾ-ਪੜ੍ਹਦਾ ਉਥੇ ਪਹੁੰਚ ਗਿਆ :

"ਬਲੂਆ ਕੇ ਗ੍ਰਿਹ ਭੀਤਰਿ ਬਸੈ ॥"

ਤੇ ਇਹ ਜਿਹੜੀ ਕਾਇਆਂ ਹੈ ਇਹ "ਰੇਤ ਦਾ ਘਰ" ਹੈ । ਏਸ ਕਾਇਆਂ ਦੇ ਰੇਤ ਦੇ ਘਰ ਵਿਚ ਆਨੰਦ ਕਰਦਾ, ਹੱਸਦਾ ਖੇਡਦਾ, ਕਲੋਲ ਬੜੇ ਕਰਦਾ, ਮਾਇਆ ਦੇ ਚਮਤਕਾਰ ਵਿਚ ਫਸਿਆ ਹੋਇਆ ਮਨ ਵਿਚ ਇਹ ਪ੍ਰਤੀਤ ਕਰ ਬੈਠਾ ਕਿ ਇਹ ਜਿਹੜੀ ਕਾਇਆਂ ਹੈ, ਇਹ ਪੱਕਾ ਘਰ ਹੈ । ਇਹਨੂੰ ਢਾਹੁਣ ਵਾਲਾ ਕੋਈ ਜੰਮਿਆ ਨਹੀਂ । ਇਸ ਕਾਇਆਂ ਵੱਲ ਅੱਖ ਚੁਕ ਕੇ ਵੇਖਣ ਵਾਲਾ ਜੰਮਿਆ ਹੀ ਨਹੀਂ । ਲੇਕਿਨ ਸਾਹਿਬ ਚੌਥੀ ਤੁਕ ਵਿਚ ਕਹਿੰਦੇ ਨੇ :

"ਕਾਲੁ ਨ ਆਵੈ ਮੂੜੇ ਚੀਤਿ ॥"

ਇਸ ਮੂਰਖ ਨੂੰ, ਇਸ ਅਲਬੇਲੇ ਨੂੰ, ਵਿਕਾਰਾਂ ਵਿਚ ਡਿੱਗੇ ਹੋਏ ਨੂੰ ਮੌਤ ਚੇਤੇ ਹੀ ਨਹੀਂ । ਇਹ ਕਾਇਆਂ ਨੂੰ ਹੀ ਸਵਾਰਦਾ-ਸ਼ਿੰਗਾਰਦਾ ਰਹਿੰਦਾ ਹੈ । ਦੋ-ਤਿੰਨ ਚਾਰ ਦਿਨ ਹੋਰ ਬੀਤ ਗਏ । ਲੜਕੀ ਨੂੰ ਸੁਨੇਹਾ ਆਇਆ ਕਿ ਇਕ ਸਾਧ ਆਇਆ ਹੈ ਇਕੱਲਾ, ਪਰ ਰੱਬ ਦਾ ਰੂਪ । ਲੜਕੀ ਕਹਿਣ ਲੱਗੀ, ਜਿੰਨਾ ਚਿਰ ਇਸ ਦੀ ਪਰੀਖਿਆ ਨਾ ਲਈ ਗਈ, ਓਨੀ ਦੇਰ ਵਿਚ ਮਨ ਨਹੀਂ ਮੰਨੇਗਾ ! ਪੰਜਾਂ ਕੁ ਦਿਨਾਂ ਬਾਅਦ ਆਈ, ਸਹੇਲੀਆਂ ਦੱਸ ਅੱਗੇ ਨਾਲੋਂ ਵਧੇਰੀਆਂ ! ਇਹ ਕੁੜੀਆਂ ਆਈਆਂ, ਨੱਚੀਆਂ, ਭੱਜੀਆਂ, ਟੱਪੀਆਂ, ਦੌੜੀਆਂ, ਹੱਸੀਆਂ ਤੇ ਉਸੇ ਤਰ੍ਹਾਂ ਗੀਤ ਵੀ ਗਾਏ । ਪਰ ਸਾਧ ਦੇ ਨੇਤਰ ਨਾ ਖੁਲ੍ਹੇ । ਸਾਧ ਨੇ ਵੇਖਿਆ ਈ ਨਹੀਂ ਕਿ ਕੋਈ ਬਾਗ ਵਿਚ ਆਇਆ ਹੈ ਕਿ ਨਹੀਂ ਆਇਆ । ਉਹ ਸਾਧ ਆਪਣੇ ਰੰਗ ਵਿਚ ਰੰਗਿਆ ਮਸਤ ਬੈਠਾ ਹੋਇਆ । ਆਖਿਰ ਵਿਚ ਦੇਵੀਆਂ, ਕੁੜੀਆਂ, ਬੱਚੀਆਂ ਸਾਹਮਣੇ ਆ ਕੇ ਖਲੋ ਗਈਆਂ । ਸਾਧ ਨੇ ਨੇਤਰ ਹੀ ਉਤਾਂਹ ਨਾ ਕੀਤੇ, ਪਲਕਾਂ ਹੀ ਉਤੇ ਨਾ ਚੁੱਕੀਆਂ । ਘੰਟਾ ਕੁ ਹੋ ਗਿਆ ਲੜਕੀਆਂ ਨੂੰ ਖਲੋਤਿਆਂ ਤੇ ਸਾਧ ਨੂੰ ਦਇਆ ਆ ਗਈ ਕਿ ਘੰਟਾ ਹੋ ਗਿਆ ਲੜਕੀਆਂ, ਕਾਕੀਆਂ, ਬੱਚੀਆਂ ਨੂੰ ਖੜ੍ਹਿਆਂ ਹੋਇਆਂ, ਵਿਚਾਰੀਆਂ ਪ੍ਰੇਸ਼ਾਨ ਹੋ ਜਾਣਗੀਆਂ । ਨੇਤਰ ਖੋਲ੍ਹੇ ਤੇ ਲੜਕੀਆਂ ਵੱਲ ਵੇਖਿਆ ਤੇ ਵੇਖ ਕੇ ਬਾਦਸ਼ਾਹਜ਼ਾਦੀ ਨੂੰ ਕਹਿਣ ਲੱਗਾ, "ਬੇਟਾ ! ਜਿਸ ਪਾਸੇ ਤੂੰ ਖਲੋਤੀ ਹੈਂ ਨਾ ਉਧਰੋਂ ਜਾਂ ਸੱਜੇ ਹੋ ਜਾ ਤੇ ਜਾਂ ਖੱਬੇ ਹੋ ਜਾ, ਇਹ ਪਾਸਾ ਖੁਲ੍ਹਾ ਛੱਡ ਦੇ ।" ਕੁੜੀ ਨੇ ਆਖਿਆ, ਸਾਧਾ, ਬਗੀਚਾ ਮੇਰੇ ਪਿਉ ਨੇ ਲਵਾਇਆ ਹੈ, ਮੇਰੇ ਸੈਰ ਲਈ ਲਵਾਇਆ । ਜਿਥੇ ਮੇਰਾ ਜੀਅ ਕਰੇ ਖਲੋਵਾਂ, ਜਿਥੇ ਜੀਅ ਕਰੇ ਬੈਠਾਂ । ਤੂੰ ਕੌਣ ਹੈਂ ਮੈਨੂੰ ਆਖਣ ਵਾਲਾ ? ਸਾਧ ਮੁਸਕਰਾ ਕੇ ਕਹਿਣ ਲੱਗਾ, "ਬੇਟਾ ! ਨਾ ਬਗੀਚਾ ਤੇਰਾ, ਨਾ ਤੇਰੇ ਬਾਪ ਦਾ । ਇਹ ਤੇ "ਹਰਿ ਕਾ ਬਾਗਰਾ" ਹੈ । ਅਰਥਾਤ

ਇਹ ਤੇ ਵਾਹਿਗੁਰੂ ਦਾ ਬਾਗ ਹੈ।

"ਪਿੰਧੀ ਮਹਿ ਸਾਗਰਾ।"

ਇਹ ਤਾਂ "ਹਰਿ ਕਾ ਬਾਗਰਾ" ਹੈ। ਮੈਂ ਤੇਰਾ ਬਗੀਚਾ ਖੋਹਣ ਵਾਸਤੇ, ਤੇਰੇ ਬਾਪ ਦਾ ਬਗੀਚਾ ਖੋਹਣ ਵਾਸਤੇ, ਇਹ ਨਹੀਂ ਆਖਿਆ ਕਿ ਤੂੰ ਇਧਰ ਹੋ ਜਾ, ਉਧਰ ਹੋ ਜਾ। ਮੈਂ ਤੇ ਏਸ ਕਰਕੇ ਆਖਿਆ ਕਿ ਜਿਸ ਪਾਸੇ ਤੂੰ ਖਲੋਤੀ ਹੈਂ ਇਧਰੋਂ ਆਉਂਦੀ ਹੈ "ਹਵਾ" ਔਰ ਹਵਾ ਹੈ ਸ਼ੁਧ, ਹਵਾ ਹੈ ਪਵਿੱਤਰ, ਹਵਾ ਹੈ ਪਾਕ, ਹਵਾ ਹੈ ਮੁਤਬਰਕ। ਔਰ ਜਦੋਂ ਇਹ ਚੰਗੀ ਸ਼ੁਧ ਹਵਾ ਤੇਰੇ ਬਦਨ ਨਾਲ ਲੱਗ ਜਾਂਦੀ ਹੈ ਨਾ ਤੇ ਇਹ ਬਦਬੂਦਾਰ ਹੋ ਜਾਂਦੀ ਹੈ ਤੇ ਮੇਰਾ ਮਨ ਨਹੀਂ ਟਿਕਦਾ। ਏਸ ਲਈ ਸੱਜੇ-ਖੱਬੇ ਹੋ ਜਾ, ਹਵਾ ਨੂੰ ਪਵਿੱਤਰ ਹੋਣ ਦੇ! ਇਹ ਹੈ ਗੁਰਮਤੀਆ ਸਾਧ। ਲੜਕੀਆਂ ਤੇ ਸਹੇਲੀਆਂ ਖਿੜਖਿੜਾ ਕੇ ਹੱਸਣ ਲੱਗੀਆਂ ਕਿ ਕਪੜੇ ਸਾਡੇ ਨਵੇਂ, ਗਹਿਣੇ ਸਾਡੇ ਨਵੇਂ, ਤੈਨੂੰ ਬਦਬੂ ਕਿਥੋਂ ਆ ਜਾਊ? ਤੇ ਸਾਧ ਫਿਰ ਜਲਾਲ ਵਿਚ ਆ ਗਿਆ ਤੇ ਕਹਿਣ ਲੱਗਾ, "ਬਾਦਸ਼ਾਹਜ਼ਾਦੀ, ਕੁਦਰਤ ਕਾਮਲਾ ਨੇ ਜਿਹੜੀਆਂ ਹੱਡੀਆਂ ਦਾ ਪਿੰਜਰਾ ਬਣਾਇਆ, ਇਹਨੂੰ ਚਰਬੀ ਦੇ ਜੋੜ ਲਾਏ, ਟਾਂਕੇ ਪੱਕੇ ਲਾਏ। ਏਸ ਪਿੰਜਰੇ ਨੂੰ ਕੱਜਣ ਵਾਸਤੇ ਪਹਿਲਾਂ ਕਵਰ ਦਿਤਾ ਚਮੜੇ ਦਾ! ਉਹ ਚਮੜਾ ਬੜਾ ਚਿੱਟਾ ਹੈ, ਬੜਾ ਸੁੰਦਰ ਹੈ, ਬੜਾ ਮਨਮੋਹਨਾ ਹੈ। ਉਸ ਚਮੜੇ ਨੂੰ ਕੱਜਣ ਵਾਸਤੇ ਤੂੰ ਬੜਾ ਕੀਮਤੀ ਸੂਟ ਪਾਇਆ ਹੋਇਆ ਹੈ। ਆਪਣੀ ਸੁੰਦਰਤਾ ਨੂੰ ਹੋਰ ਚਮਕਾਉਣ ਵਾਸਤੇ ਤੂੰ ਬੜੇ-ਬੜੇ ਚੰਗੇ ਜ਼ੇਵਰਾਤ, ਬੜੇ-ਬੜੇ ਚੰਗੇ ਆਭੂਸ਼ਨ ਤੇ ਗਹਿਣੇ ਪਾਏ ਹੋਏ ਨੇ! ਪਰ ਕਾਕੀ ਮੈਂ ਇਹਨਾਂ ਗਹਿਣਿਆਂ ਨੂੰ ਵੇਖਣ ਵਾਲਾ ਨਹੀਂ, ਮੈਂ ਇਹਨਾਂ ਕਪੜਿਆਂ ਨੂੰ ਵੇਖਣ ਵਾਲਾ ਨਹੀਂ, ਮੈਂ ਚਮੜੇ ਨੂੰ ਵੇਖਣ ਵਾਲਾ ਨਹੀਂ! ਮੈਂ ਹੱਡੀਆਂ ਤੇ ਚਰਬੀ ਦੇ ਟਾਂਕਿਆਂ ਨੂੰ ਵੇਖਣ ਵਾਲਾ ਨਹੀਂ, ਤੇਰੇ ਕਪੜਿਆਂ ਦੇ ਅੰਦਰ ਚਮੜਾ ਹੈ, ਚਮੜੇ ਦੇ ਅੰਦਰ ਇਕ ਹੱਡੀਆਂ ਦਾ ਪਿੰਜਰਾ ਹੈ, ਉਹਦੇ ਅੰਦਰ ਇਕ ਅੰਤਹਕਰਣ ਹੈ। ਤੇਰੇ ਅੰਤਹਕਰਣ ਦੇ ਅੰਦਰ ਮੱਲ, ਵਿਖੇਪ, ਆਵਰਨ ਇਹ ਤਿੰਨ ਦੋਸ਼ ਨੇ। ਉਹਨਾਂ ਤਿੰਨਾਂ ਦੋਸ਼ਾਂ ਨੇ ਤੇਰਾ ਮਨ ਮੈਲਾ ਕੀਤਾ ਹੋਇਆ ਹੈ, ਤੇਰਾ ਮਨ ਪਾਪੀ ਕੀਤਾ ਹੋਇਆ ਹੈ, ਤੇਰੇ ਮਨ ਨੂੰ ਟਿਕਾਅ ਕਿਤੇ ਨਹੀਂ!

"ਸੁਣਿ ਸੁੰਦਰੀ ਮਨ ਮੋਹਨੀ,
ਤੂੰ ਕਰੀਏ ਹਾਰ-ਸ਼ਿੰਗਾਰ।
ਪਰ ਇਕ ਹਰੀ ਕੇ ਨਾਮ ਬਿਧ,
ਤੇਰੇ ਦੁਰਗੰਧ ਬਦਨ ਜਾਣ।"

ਕੀ ਹੋਇਆ ਜੇ ਤੇਰਾ ਹਾਰ-ਸ਼ਿੰਗਾਰ ਸੁੰਦਰ ਹੈ? ਪਰ ਅੰਦਰ ਤੇਰੇ ਨਹੀਂ ਵੱਸਦਾ "ਸਤਿਨਾਮ-ਵਾਹਿਗੁਰੂ"। ਤੇਰੇ ਕੋਲੋਂ ਬਦਬੂ ਆਉਂਦੀ ਹੈ। ਇਹ ਸੁਣ ਕੇ ਕੁੜੀ ਨੂੰ ਸਿਰ ਝੁਕਾਉਣਾ ਪਿਆ, ਮਾਫੀ ਮੰਗਣੀ ਪਈ। ਰੱਬ ਦੀਆਂ ਰਮਜ਼ਾਂ ਸਮਝਣੀਆਂ ਪੈ ਗਈਆਂ। ਜਿਥੇ ਗੁਰਮਤੀਆ ਸਾਧ ਬੈਠ ਜਾਂਦਾ ਹੈ ਨਾ ਪਿਆਰਿਓ, ਉਹ ਧਰਤੀ

ਪਾਕ-ਪਵਿੱਤਰ ਹੋ ਜਾਂਦੀ ਹੈ ।

"ਨੂਰਪੁਰ ਸਰ" ਵਿੱਚ ਇਕ ਸੰਤ ਆਇਆ ਸੀ, ਦੁਨਿਆਵੀ ਸੰਤ, ਤਨ ਕਾ ਸੰਤ । ਹਾੜ ਦੇ ਦਿਨ ਨੂਰਪੁਰ ਸਰ ਦਾ ਮੋਟਾ ਰੇਤਾ ਤਪੇ । ਬਾਰਾਂ ਧੂਨੀਆਂ ਤਪਾ ਕੇ ਬੈਠ ਗਿਆ ਔਰ ਖਾਏ ਪੀਏ ਕੁਝ ਨਾ ! ਹਾੜ ਦੇ ਦਿਨ ਮੋਟਾ ਰੇਤਾ, ਬਾਰਾਂ ਧੂਨੀਆਂ ਤਪਣ, ਖਾਏ ਕੁਝ ਨਾ । ਤਿੰਨ ਕੁ ਦਿਨ ਹੋਏ ਬੈਠੇ ਨੂੰ ਤੇ ਨੂਰਪੁਰ ਦੀਆਂ ਮਾਈਆਂ ਆਈਆਂ ਤੇ ਉਹਨਾਂ ਆ ਕੇ ਵੇਖਿਆ ਆ-ਹਾ-ਆ, ਸੰਤ ਕਾਹਦਾ ਨਿਰਾ ਰੱਬ ! ਅਸਮਾਨ ਚੋਂ, ਅਸਮਾਨ ਦੀ ਅੰਗੀਠੀ ਵਿਚੋਂ ਸੂਰਜ ਦਾ ਘੇਰਾ, ਆਪਣੀਆਂ ਕਿਰਨਾਂ ਦੇ ਚੰਗਿਆੜੇ ਨਾਲ ਰੇਤੇ ਨੂੰ ਤਪਾ ਰਿਹਾ ਹੈ । ਔਰ ਦੂਜੇ ਪਾਸੇ ਬਾਰਾਂ ਧੂਨੀਆਂ ਹੋਰ ਤਪ ਰਹੀਆਂ ਨੇ, ਲਾਗੇ ਨਹੀਂ ਖਲੋਤਾ ਜਾਂਦਾ, ਸੇਕ ਬਹੁਤ ਆਉਂਦਾ ਹੈ । ਔਰ ਇਹ ਮਜ਼ੇ ਨਾਲ ਬੈਠਾ ਹੈ, ਨਾ ਕੁਝ ਖਾਂਦਾ ਹੈ, ਨਾ ਕੁਝ ਪੀਂਦਾ ਹੈ । ਇਕ ਮਾਈ ਨੇ ਕੇਲੇ ਰੱਖੇ, ਸਾਧ ਨੇ ਉਹ ਵਗਾਹ ਕੇ ਮਾਰੇ, ਦੁੱਧ ਦੀ ਗੜਵੀ ਸੀ, ਉਸ ਨੇ ਉਹ ਵੀ ਵਗਾਹ ਕੇ ਮਾਰੀ ਤੇ ਪਰੌਂਠਿਆਂ ਨੂੰ ਵੀ ਉਸ ਨੇ ਵਗਾਹ ਕੇ ਮਾਰਿਆ । ਮਾਈਂ ਨੇ ਪਿੰਡ ਵਿੱਚ ਜਾ ਕੇ ਰੌਲਾ ਪਾ ਦਿੱਤਾ ਕਿ ਇਕ ਸੰਤ ਆਇਆ ਹੈ ਸੰਤ, ਨਿਰਾ ਰੱਬ ! ਬੰਦੇ ਵੇਖਣ ਆਏ ਆਖਿਰ ਗੱਲ ਕੀ ਹੈ ? ਇਹ ਗੱਲ ਪਹੁੰਚਦੀ-ਪਹੁੰਚਦੀ "ਭਾਈ ਸੇਵਾ ਰਾਮ" ਕੋਲ ਪਹੁੰਚੀ, ਜਿਸ ਨੂੰ "ਗੁਰੂ ਗੋਬਿੰਦ ਸਿੰਘ" ਸੱਚੇ ਪਾਤਸ਼ਾਹ ਦੀ ਬਖਸ਼ਿਸ਼ ਪ੍ਰਾਪਤ ਹੈ । ਸਿੱਖਾਂ ਆਖਿਆ ਸੇਵਾ ਰਾਮ ਨੂੰ ਬੰਦਗੀ ਤੇ ਤੂੰ ਵੀ ਬੜੀ ਕਰਦਾ ਹੈਂ, ਸੁਖਮਨੀ ਤੇ ਤੂੰ ਵੀ ਬੜੀ ਪੜ੍ਹਦਾ ਹੈਂ, ਪਰ ਚੱਲ ਕੇ ਸਾਧ ਦੇ ਦਰਸ਼ਨ ਕਰ ! ਸੇਵਾ ਰਾਮ ਆ ਗਿਆ ਤੇ ਜਿਹੜੇ ਮਹਾਂਪੁਰਸ਼ ਹੁੰਦੇ ਹੈ ਨਾ, ਇਹਨਾਂ ਕੋਲ ਇਕ ਕੈਮਰਾ ਹੁੰਦਾ ਹੈ, ਉਸ ਕੈਮਰੇ ਨਾਲ ਇਹ ਅੰਦਰ ਦੀ ਫੋਟੋ ਲਾਹ ਲੈਂਦੇ ਨੇ । ਉਹ ਕੈਮਰਾ ਪੀਰ ਬੁੱਲ੍ਹੇ ਸ਼ਾਹ ਕੋਲ ਸੀ । ਮੌਲਵੀ ਕੋਲ ਚਾਰ ਸੌ ਬੱਕਰੇ ਆਏ । ਨੇੜੇ ਪਿੰਡ ਸੀ ਮੁਸਲਮਾਨਾਂ ਦਾ "ਬਖਰੀਦ"! ਉਹਨਾਂ ਵਿਚੋਂ ਇਹਨਾਂ ਪੰਜ ਖਰੀਦ ਲਏ । ਮੁਸਲਮਾਨ ਤੇ ਕੰਨਾਂ ਤੋਂ ਫੜ ਕੇ ਉਤਾਂਹ ਨੂੰ ਖਿੱਚਣ, ਤੇ ਬੱਕਰੇ ਵਿਚਾਰੇ ਬੜੇ ਹੈਰਾਨ ਸੀ ਕਿ ਸਾਨੂੰ ਬਰਾਦਰੀ ਨਾਲੋਂ ਵੱਖਰਾ ਲਿਆ । ਕਾਰਨ ਕੀ ਹੈ ? ਗੱਲ ਕੀ ਹੈ ? ਉਹ ਮੁਸਲਮਾਨ ਉਹਨਾਂ ਨੂੰ ਫਿਰ ਪਿਛਾਂਹ ਨੂੰ ਖਿੱਚਣ । ਔਰ ਬੁੱਲ੍ਹੇ ਸ਼ਾਹ ਨੇ ਵੇਖਿਆ, ਬੱਕਰਿਆਂ ਦੇ ਅੰਦਰ ਦੀ ਹਾਲਤ ਵੀ ਵੇਖੀ । ਤੇ ਜਿਨ੍ਹਾਂ ਮੁਸਲਮਾਨਾਂ ਨੂੰ ਚਾਅ ਚੜ੍ਹਿਆਂ ਸੀ ਨਾ ਕਿ ਕੱਲ ਬੱਕਰੇ ਬਣਨਗੇ, ਕੀਮਾ ਬਣੇਗਾ, ਚਾਂਪਾਂ ਬਣਨਗੀਆਂ, ਤੇ ਉਹਨਾਂ ਦੇ ਅੰਦਰ ਦੀ ਵੀ ਹਾਲਤ ਵੇਖੀ ਬੁੱਲ੍ਹੇ ਨੇ ! ਤੇ ਪੰਜਾਬੀ ਭਾਸ਼ਾ ਵਿੱਚ ਉਸ ਨੇ ਫੋਟੋ ਖਿੱਚੀ। ਕਹਿਣ ਲੱਗਾ, "ਬੁਲ੍ਹਿਆ :

"ਇਕਨਾ ਦੇ ਮਨ ਸ਼ਾਦੀਆਂ, ਗੋਸ਼ਤ ਖਾਣਗੀਆਂ ।
ਇਕਨਾ ਦੇ ਮਨ ਗਮੀ, ਜਹਾਨੋਂ ਜਾਣਗੇ ।"

ਇਹ ਸੀ ਮੁਸਲਮਾਨਾਂ ਦੇ ਅੰਦਰਲੀ ਖਿੱਚੀ ਹੋਈ ਫੋਟੋ । ਔਰ ਬੱਕਰੀਆਂ ਦੇ

ਅੰਦਰਲੀ ਖਿੱਚੀ ਹੋਈ ਫੋਟੋ ਸੀ :

ਏਸੇ ਤਰ੍ਹਾਂ "ਸੇਵਾ ਰਾਮ" ਕੋਲ ਵੀ ਕੈਮਰਾ ਸੀ ਜਿਹੜਾ ਅੰਦਰਲੀ ਫੋਟੋ ਲਾਹ ਲਏ। ਜਿਸ ਵੇਲੇ ਉਹ ਸੰਤ ਕੋਲ ਆਇਆ, ਧੂਨੀਆਂ ਬਾਰਾਂ ਤਪਣ, ਰੇਤਾ ਤਪੇ, ਸੂਰਜ ਗਰਮ ਅੱਗ ਵਰ੍ਹੇ, ਤੇ ਵੇਖ-ਵੇਖ ਕੇ ਸੇਵਾ ਰਾਮ ਕਹਿਣ ਲੱਗਾ, "ਭਈ ਸਾਧਾ! ਧੰਨ ਤੂੰ, ਧੰਨ ਤੇਰੀ ਮਾਂ, ਧੰਨ ਤੇਰਾ ਪਿਉ, ਧੰਨ ਤੇਰੀ ਘਾਲਣਾ। ਇੰਨੀ ਗਰਮੀ, ਮੋਟੇ ਤਪੇ ਹੋਏ ਰੇਤੇ ਉਤੇ ਬੈਠ ਕੇ ਬਾਰਾਂ ਧੂਨੀਆਂ ਤਪਾਈਆਂ ਹੋਈਆਂ ਈ! ਬੱਲੇ-ਬੱਲੇ ਬੜੀ ਤੇਰੀ ਘਾਲਣਾ, ਬੜੀ ਤੇਰੀ ਕਮਾਈ, ਬੜਾ ਤੇਰਾ ਤਪ। ਪਰ ਜੇ ਵਿੱਚ ਇਕ ਗਲਤੀ ਨਾ-ਨਾ ਹੁੰਦੀ ਇਕ, ਫਿਰ ਤੂੰ ਨਿਰਾ ਰੱਬ ਸੀ। ਇਹ ਸੁਣ ਕੇ ਸਾਧ ਨੇ ਮਨ ਵਿੱਚ ਸੋਚਿਆ ਕਿ ਜ਼ਨਾਨੀ ਮੈਂ ਛੱਡ ਦਿੱਤੀ, ਕੁੜੀਆਂ-ਮੁੰਡੇ ਮੈਂ ਛੱਡ ਦਿੱਤੇ, ਘਰ ਮੈਂ ਛੱਡ ਦਿੱਤਾ, ਖਾਣਾ-ਪੀਣਾ ਮੈਂ ਛੱਡ ਦਿੱਤਾ, ਧੂਨੀਆਂ ਮੈਂ ਤਪਾ ਕੇ ਬੈਠਾ ਹਾਂ। ਤਨ ਮੇਰਾ ਸੁੱਕ ਗਿਆ, ਲਹੂ ਮੇਰਾ ਸੁੱਕ ਗਿਆ। ਇਹ ਕਿਹੜਾ ਪਾਗਲ ਜਿਹਾ ਆ ਗਿਆ ਜਿਹੜਾ ਕਹਿੰਦਾ ਹੈ ਮੇਰੇ ਵਿੱਚ ਗਲਤੀ ਹੈ। ਉਹਦੇ ਅੰਦਰ ਮਾਂ-ਮੋਖ ਰਿਟਦਾ ਸੀ। ਤੇ ਸੇਵਾ ਰਾਮ ਹੱਸ ਪਿਆ ਤੇ ਦੂਜੀ ਵੇਰਾਂ ਕਿਤੇ ਮੂੰਹੋਂ ਨਿਕਲ ਗਿਆ ਕਿ ਭਾਈ ਗੁਰਦਾਸ ਨਾਲ ਤੂੰ ਬਹੁਤ ਪ੍ਰੇਮ ਕਰਦਾ ਹੈਂ। ਉਹ ਸੰਤ ਦੀ ਕਾਰ੍ਹਤ ਕੱਢਦੇ ਨੇ, ਗੁਰਮਤੀਏ ਸੰਤ ਦੀ ਕਾਰ੍ਹਤ! ਪਰ ਜਿੰਨੇ ਗੁਰਮਤੀਏ ਸੰਤ ਹੋਏ ਨੇ; ਸ੍ਰੀ ਮਾਨ ਗੁਰਮੁਖ ਪਿਆਰੇ "ਬਾਬਾ ਧਰਮ ਸਿੰਘ" ਤੋਂ ਲੈ ਕੇ, "ਸੰਤ ਬਾਬਾ ਅਤਰ ਸਿੰਘ" ਸਾਹਿਬ ਤੋਂ ਲੈ ਕੇ, ਸ੍ਰੀ ਸਾਹਿਬ "ਬਾਬਾ ਆਨੰਦ ਸਿੰਘ" ਤੋਂ ਲੈ ਕੇ, ਆਨੰਤ ਗੁਰਦੁਆਰਿਆਂ ਤੇ ਆਏ, ਆਨੰਤ ਸਤਿਸੰਗਾਂ ਤੇ ਆਏ, ਆਨੰਤ ਭੁੱਲੇ-ਭਟਕਿਆ ਨੂੰ ਨਾਨਕ-ਨਿਰੰਕਾਰੀ ਦੇ ਲੜ ਲਾਇਆ, ਆਨੰਤ ਲੋਕਾਂ ਦੇ ਬੰਧਨ ਕੱਟ ਕੇ ਭਵ-ਸਾਗਰ ਵਿਚੋਂ ਪਾਰ ਉਤਾਰਿਆ। ਪਰ ਉਹਦੀ ਕੁਝ ਬਣਾਵਟ ਹੈ। ਭਾਈ ਸਾਹਿਬ ਕਹਿੰਦੇ ਨੇ :

"ਜੈਸੇ ਅੰਨਾਦਿ ਆਦਿ ਅੰਤ ਪਰਯੰਤ ਹੰਤ"

ਜਿੰਨੇ ਵੀ ਅੰਨ ਨੇ ਨਾ ਉਹ ਅਵਗੁਣ ਤੋਂ ਲੈ ਕੇ ਆਖਰ ਤੱਕ ਮਾਰੇ ਜਾਂਦੇ ਨੇ, ਕੁੱਟੇ ਜਾਂਦੇ ਨੇ, ਦੁੱਖ ਸਹਿੰਦੇ ਨੇ। ਭਾਈ ਗੁਰਦਾਸ ਜੀ ਕਹਿੰਦੇ ਨੇ ਚੱਕੀ ਵਿੱਚ ਪਾ ਕੇ ਪੀਹ ਦਿੱਤਾ ਕਣਕ ਨੂੰ। ਪਰਾਤ ਵਿੱਚ ਪਾ ਕੇ ਆਟਾ ਦੇ-ਦੇ ਕੇ ਮੁੱਕੀਆਂ ਮਾਈ ਨੇ ਗੁੰਨ੍ਹਿਆ ਉਹਨੂੰ। ਵੇਲ ਕੇ ਉਹਦੀ ਰੋਟੀ ਸੜਦੇ-ਬਲਦੇ ਤੱਵੇ ਉਤੇ ਪਾ ਦਿੱਤੀ, ਬੜੇ ਦੁੱਖ ਝੱਲੇ ਉਸ ਅੰਨ ਨੇ! ਇਹੋ ਕਾਰਨ ਹੈ ਕਿ ਅੰਨ ਨੇ ਦੁੱਖ ਝੱਲਿਆ, ਆਪਾ ਮਾਰਿਆ ਤੇ ਸਾਰੇ ਜਗਤ ਦਾ ਉਹ ਆਸਰਾ ਬਣ ਗਿਆ। ਭਾਵੇਂ ਕੋਈ ਡਬਲ ਰੋਟੀ ਬਣਾ ਕੇ ਖਾ ਲਵੇ, ਭਾਵੇਂ ਕੋਈ ਬਿਸਕੁਟ ਬਣਾ ਕੇ ਖਾ ਲਏ, ਭਾਵੇਂ ਤੰਦੂਰੀ ਰੋਟੀ ਬਣਾ ਕੇ ਖਾ ਲਏ, ਭਾਵੇਂ ਤੱਵੇ ਦੀ ਰੋਟੀ ਬਣਾ ਕੇ ਖਾ ਲਏ, ਸਾਰੇ ਜਗਤ ਦਾ ਆਸਰਾ ਹੈ ਅੰਨ! ਭਾਵੇਂ ਜਾਪਾਨੀ ਤੇ ਭਾਵੇਂ ਜਰਮਨੀ, ਅੰਨ ਤੋਂ ਬਿਨਾਂ ਕੋਈ ਜ਼ਿੰਦਾ ਨਹੀਂ ਰਹਿ ਸਕਦਾ। ਪਰ ਆਸਰਾ ਤਾਂ ਬਣਿਆ ਜੇ ਅੰਨ ਨੇ ਦੁੱਖ

ਸਹੇ। ਕਪਾਹ ਨੂੰ ਅਸੀਂ ਛੰਨ ਦੇਨੇ ਹਾਂ, ਭੁੰਜੇ ਪਾ ਕੇ ਸੁਕਾਉਣੇ ਹਾਂ, ਲੋਹੇ ਦੀ ਸੋਟੀ ਨਾਲ ਝੰਬ ਸੁੱਟਦੇ ਹਾਂ, ਵੇਲਣੇ ਨਾਲ ਉਸ ਨੂੰ ਵੇਲ ਦੇਨੇ ਹਾਂ, ਮਾਈਆਂ ਗੋੜ੍ਹੇ ਬਣਾ ਕੇ ਸੂਤ ਬਣਾਉਂਦੀਆਂ ਨੇ, ਜੁਲਾਹਾ ਨਲੀਆਂ ਵੱਟਦਾ, ਨੱਲੇ ਵੱਟਦਾ, ਫੇਰ ਕਪੜਾ ਬਣਦਾ, ਫੇਰ ਉਹਨੂੰ ਧੋਬੀ ਸੁਕਾਉਂਦਾ, ਫੇਰ ਉਸ ਨੂੰ ਪਾਣੀ ਵਿੱਚ ਡੁਬੋ ਕੇ ਪੱਟੜੇ ਮਾਰ-ਮਾਰ ਕੇ ਬੇਹੋਸ਼ ਕਰਦਾ, ਕੈਂਚੀ ਉਹਦੇ ਟੁੱਕੜੇ ਕਰਦੀ ਹੈ, ਸੂਈ ਉਹਦਾ ਸੀਨਾ ਵਿੰਨ੍ਹ ਸੁੱਟਦੀ ਹੈ। ਇੰਨੇ ਦੁੱਖ ਝੱਲਣ ਦੇ ਬਾਅਦ ਉਹ ਕਪੜਾ ਸਾਧਨ ਬਣਦਾ ਹੈ।

ਜਿਵੇਂ ਪਾਣੀ ਹੰਕਾਰ ਗੁਆ ਕੇ ਤੇ ਹਰ ਇਕ ਰੰਗ ਵਿੱਚ ਰਲ ਕੇ ਇਕ-ਮਿਕ ਹੋ ਜਾਂਦਾ ਹੈ। ਹਉਮੈ ਮਾਰ ਦੇਣ ਦਾ ਨਤੀਜਾ ਹਰਨਾਂ ਦੀ, ਮਨੁੱਖਾਂ ਦੀ, ਸੂਰਾਂ ਦੀ, ਜੰਗਲੀ ਜਾਨਵਰਾਂ ਦੀ, ਰਾਜੇ-ਮਹਾਰਾਜਿਆਂ ਦੀ ਪਿਆਸ ਬੁਝਾ ਦਿੰਦਾ ਹੈ ਪਾਣੀ। ਕਿਉਂ ਬੁਝਾ ਦਿੰਦਾ ਹੈ ? ਕਿਉਂਕਿ ਉਸ ਨੇ ਆਪਣਾ ਆਪਾ ਮਾਰ ਦਿੱਤਾ, ਪਾਣੀ ਨੇ ਆਪਣਾ ਆਪਾ ਮਾਰਿਆ, ਉਹ ਤਮਾਮ ਦੀ ਪਿਆਸ ਬੁਝਾਉਣ ਦੇ ਸਮਰੱਥ ਹੋ ਜਾਂਦਾ ਹੈ। ਕਣਕ ਦੇ ਅਨਾਜ ਨੇ ਆਪਾ ਮਾਰਿਆ, ਇਹ ਤਮਾਮ ਜੀਆਂ ਦਾ ਆਸਰਾ ਬਣ ਗਿਆ। ਏਸ ਤਰ੍ਹਾਂ ਮਨ ਨੂੰ ਸਾਧ-ਸਾਧ ਕੇ, ਆਪਾ ਮਾਰ-ਮਾਰ ਕੇ ਮਨ ਨੂੰ ਕੁੱਟ-ਕੁੱਟ ਕੇ ਗੁਰਮਤੀਆ ਸੰਤ ਬਣਦਾ ਹੈ। ਫਿਰ ਉਹ ਸਾਰੇ ਜਗਤ ਦਾ ਬੇੜਾ ਪਾਰ ਕਰ ਦਿੰਦਾ ਹੈ। ਭਾਈ ਸਾਹਿਬ ਜੀ ਇਕ ਗੱਲ ਹੋਰ ਦਸੱਦੇ ਨੇ ਕਿ ਦੀਪਕ ਨੂੰ ਬਾਲੀਏ ਤੇ ਚਾਨਣਾ ਹੋ ਜਾਂਦਾ ਹੈ। ਪਰ ਚਾਨਣਾ ਐਵੇਂ ਤਾਂ ਨਹੀਂ ਹੋ ਜਾਂਦਾ। ਉਹਦੇ ਵਿੱਚ ਤੇਲ ਹੈ। ਤੇਲ ਸਰ੍ਹੋਂ ਜਾਂ ਤਿਲਾਂ ਵਿਚੋਂ ਬਣਿਆ ਹੁੰਦਾ ਹੈ। ਫਿਰ ਉਹ ਤੇਲ ਦੀਵੇ ਵਿੱਚ ਪਿਆ, ਫਿਰ ਉਹਨੂੰ ਅੱਗ ਲਾਈ ਤੇ ਸੜਿਆ। ਫਿਰ ਉਹ ਚਾਨਣਾ ਦੇਣ ਦੇ ਯੋਗ ਹੋ ਗਿਆ।

"ਜੈਸੇ ਰੋਮ ਰੋਮ ਕਰਿ ਕਾਟੀਏ,
ਅਜਾ ਕੇ ਤਨ"

ਅਜਾ ਦਾ ਅਰਥ ਹੈ "ਬੱਕਰੀ"! ਇਹਦਾ ਤਨ ਅਸੀਂ ਰੋਮ-ਰੋਮ ਕਰਕੇ, ਥੋੜਾ-ਥੋੜਾ ਕਰਕੇ ਕੱਟ ਦੇਨੇ ਹਾਂ। ਫਿਰ ਕੋਈ ਅਗਲੀ ਬੋਟੀ ਲੈ ਗਿਆ, ਫਿਰ ਕੋਈ ਪਿਛਲੀ ਬੋਟੀ ਲੈ ਗਿਆ, ਕੋਈ ਗਰਦਨ ਲੈ ਗਿਆ, ਕੋਈ ਚਾਂਪਾਂ ਲੈ ਗਿਆ, ਕਿਸੇ ਨੇ ਕੀਮਾ ਬਣਾ ਲਿਆ, ਕਿਸੇ ਨੇ ਕੌਫਤਾ ਬਣਾ ਲਿਆ, ਕਿਸੇ ਨੇ ਮੀਟ ਬਣਾ ਲਿਆ। ਬਾਕੀ ਰਹਿ ਗਈਆਂ ਉਹਦੀਆਂ ਆਂਦਰਾਂ। ਉਹ ਆਂਦਰਾਂ ਕਿਸੇ ਸਿਆਣੇ-ਦਾਨੇ ਨੇ, ਸਾਫ ਕਰਕੇ, ਵੱਟ ਚਾੜ੍ਹ ਕੇ ਤੇ ਉਹ ਬੰਨ੍ਹ ਦਿੱਤੀ ਕਿਸੇ ਸਾਰੰਗੀ ਨਾਲ, ਉਹ ਤਾਰ ਬੰਨ੍ਹ ਦਿੱਤੀ ਸਾਰੰਗੀ ਨਾਲ। ਗੁਰਦੁਆਰੇ ਆ ਕੇ ਵੱਲ ਫੇਰਿਆ, ਪੋਟੇ ਹਿਲਾਏ ਤੇ ਫਿਰ ਉਸ ਤਾਰ ਵਿਚੋਂ ਮਿੱਠੇ-ਮਿੱਠੇ ਰਾਗ, ਮਿੱਠੀਆਂ-ਮਿੱਠੀਆਂ ਰਾਗਣੀਆਂ, ਮਿੱਠੀਆਂ-ਮਿੱਠੀਆਂ ਧੁਨਾਂ, ਮਿੱਠੇ-ਮਿੱਠੇ ਤਰਾਨੇ! ਏਸ ਤਰ੍ਹਾਂ ਪਹਿਲਾਂ ਸੰਤ ਆਪਣਾ ਆਪ ਮਾਰਦਾ ਹੈ, ਆਪਣਾ ਆਪ ਗਵਾਉਂਦਾ ਹੈ, ਆਪਣੇ ਆਪ

ਨੂੰ ਫਾੜਦਾ ਹੈ, ਨੇਤਰਾਂ ਨੂੰ ਵੱਸ ਕਰਦਾ ਹੈ। ਕੰਨਾਂ ਨੂੰ ਵੱਸ ਕਰਦਾ ਹੈ, ਆਪਣੇ ਆਪ ਨੂੰ ਮਾਰ ਕੇ ਫਿਰ ਉਹ ਗੁਰਮਤੀਆ ਸਾਧ ਬਣਦਾ ਹੈ। ਫਿਰ ਉਹ ਲੱਖਾਂ ਦੇ ਬੇੜੇ ਸੰਸਾਰ-ਸਮੁੰਦਰ ਤੋਂ ਪਾਰ ਕਰ ਦਿੰਦਾ ਹੈ। ਲੱਖਾਂ ਸੁੱਤਿਆਂ ਹੋਇਆਂ ਨੂੰ ਰੱਬ ਨਾਲ ਜੋੜ ਦਿੰਦਾ ਹੈ। ਜਿੰਨੇ ਗੁਰਮਤੀਏ ਸੰਤ ਤੁਸਾਂ ਦੇਖੇ ਨੇ ਉਹ ਤੁਹਾਨੂੰ ਪਰਉਪਕਾਰੀ ਨਜ਼ਰ ਆਏ ਨੇ! ਉਹਨਾਂ ਨੇ ਆਪਣਾ ਕੁਝ ਨਹੀਂ ਬਣਾਇਆ, ਉਹਨਾਂ ਨੇ ਆਪਣੇ ਵੱਲ ਨਹੀਂ ਵੇਖਿਆ।

ਮਾਨ ਸਿੰਘ ਝੌਰ ਜੀ ਦੱਸਦੇ ਹਨ ਕਿ ਇਕ ਬੂਟੇ ਨੂੰ ਦੋ ਘੰਟੇ ਰੋਜ਼ ਮੁਹੱਬਤ ਨਾਲ ਦੇਖੋ ਤੇ ਬਾਕੀ ਦਿਆਂ ਨੂੰ ਘ੍ਰਿਣਾ ਨਾਲ ਵੇਖੋ। ਜਿਸ ਬੂਟੇ ਨੂੰ ਤੁਸੀਂ ਘ੍ਰਿਣਾ ਨਾਲ ਵੇਖੋਗੇ ਉਹ ਘੱਟ ਵਧੇਗਾ। ਔਰ ਜਿਸ ਨੂੰ ਪਿਆਰ ਨਾਲ ਵੇਖੋਗੇ ਉਹ ਜ਼ਿਆਦਾ ਵਧੇਗਾ। ਇਹ ਸਿਰਫ ਖਿਆਲ ਦਾ ਅਸਰ ਹੈ। ਤੁਸੀਂ ਆਪਣੇ ਘਰ ਵੱਲ, ਆਪਣੀ ਜ਼ਿੰਦਗੀ ਵੱਲ ਜ਼ਰਾ ਧਿਆਨ ਮਾਰੋ। ਚਾਰ ਪੁੱਤ ਹੋਣ, ਔਰ ਜਿਹੜਾ ਆਦਮੀ ਛਾਤੀ ਤੇ ਹੱਥ ਮਾਰ ਕੇ ਇਹ ਗੱਲ ਕਹਿੰਦਾ ਹੈ ਨਾ ਕਿ ਮੇਰਾ ਚੌਹਾਂ ਨਾਲ ਇਕੋ ਜਿਹਾ ਪਿਆਰ ਹੈ, ਦੁਹਾਈ ਰੱਬ ਦੀ ਉਹ ਝੂਠ ਬੋਲਦਾ ਹੈ, ਚੌਹਾਂ ਵਿਚੋਂ ਕਿਸੇ ਇਕ ਨਾਲ ਵਿਸ਼ੇਸ਼ ਪਿਆਰ ਹੁੰਦਾ ਹੈ। ਭਾਵੇਂ ਉਹ ਨਿੱਕਾ ਹੋਵੇ, ਭਾਵੇਂ ਉਹ ਵਿਚਕਾਰਲਾ ਹੋਵੇ ਤੇ ਭਾਵੇਂ ਉਹ ਪਹਿਲਾਂ ਹੋਵੇ। ਕਿਸੇ ਇਕ ਨਾਲ ਵਿਸ਼ੇਸ਼ ਪਿਆਰ ਹੋਵੇ ਤੇ ਉਸ ਮੁੰਡੇ ਨੂੰ ਪਤਾ ਹੁੰਦਾ ਹੈ ਕਿ ਬਾਪੂ ਮੇਰੇ ਨਾਲ ਬਹੁਤਾ ਪਿਆਰ ਕਰਦਾ ਹੈ। ਜਿਵੇਂ ਬਾਕੀ ਦੇ ਤਿੰਨ ਨੇ, ਪੁੱਤ ਉਹ ਵੀ ਉਹਦੇ ਹੀ ਹੁੰਦੇ ਨੇ ਪਰ ਉਹਨਾਂ ਨੂੰ ਪਤਾ ਹੈ ਕਿ ਸਾਡੇ ਨਾਲ ਪਿਆਰ ਘੱਟ ਹੈ। ਜਿਸ ਵੇਲੇ ਬਾਪੂ ਬਾਹਰੋਂ ਆਉਂਦਾ ਨਾ ਤੇ ਜਿਸ ਨੂੰ ਪਤਾ ਹੁੰਦਾ ਕਿ ਬਾਪੂ ਨਾਲ ਮੇਰਾ ਪਿਆਰ ਜ਼ਿਆਦਾ ਹੈ। ਉਹ ਏਸ ਤਰ੍ਹਾਂ ਜਾ ਕੇ ਲੱਤਾਂ ਤੇ ਚੰਬੜ ਜਾਂਦਾ ਹੈ ਤੇ ਕਹਿੰਦਾ ਹੈ ਬਾਪੂ ਕੀ ਲਿਆਂਦਾ? ਬਾਪੂ ਕੀ ਲਿਆਂਦਾ ? ਤੇ ਜਿੜੇ ਬਾਕੀ ਦੇ ਨੇ ਪਤਾ ਉਹਨਾਂ ਨੂੰ ਵੀ ਹੁੰਦਾ ਹੈ, ਪਰ ਉਹ ਦੂਰ ਖੜੇ ਹੁੰਦੇ ਨੇ, ਕਿ ਕਿਤੇ ਚਪੇੜ ਹੀ ਨਾ ਕੱਢ ਮਾਰੇ! ਇਹ ਖਿਆਲ ਦਾ ਅਸਰ ਹੈ। "ਗੁਰੂ ਗੋਬਿੰਦ ਸਿੰਘ" ਸਾਹਿਬ ਨੇ ਆਪਣੇ ਨੇਤਰ ਗੱਡ ਦਿਤੇ ਉਸ ਪਾਣੀ ਵਿੱਚ! ਜਿਨ੍ਹਾਂ-ਜਿਨ੍ਹਾਂ ਲੋਕਾਂ ਨੇ ਅੰਮ੍ਰਿਤ ਛਕਿਆ ਜਾਂ ਜਿਨ੍ਹਾਂ-ਜਿਨ੍ਹਾਂ ਨੇ ਛਕਣਾ, ਉਹ ਧਿਆਨ ਧਰੋ ਕਿ ਅੰਮ੍ਰਿਤ ਬਣਿਆ ਕਿਸ ਤਰ੍ਹਾਂ ?

"ਜੋ ਲੋਹੇ ਕੇ ਬਰਤਨ ਮੇਂ ਪਾਣੀ ਭਰਾ,
ਔਰ ਪਾਣੀ ਮੇਂ ਲੋਹੇ ਕਾ ਖੰਡਾ ਧਰਾ,
ਹਿਲਾਇਆ ਵੋ ਖੰਡਾ ਜੋ ਮੈਂਨੇ ਜ਼ਰਾ,
ਤੋ ਪਾਣੀ ਮੇਂ ਲੋਹੇ ਕਾ ਜੌਹਰ ਘੁਲਾ।
ਨਜ਼ਰ ਆਏ ਕਤਰੇ ਮਚਲਤੇ ਹੂਏ,
ਉਭਰਤੇ ਹੂਏ ਔਰ ਉਛਲਤੇ ਹੂਏ,
ਇਕ ਇਕ ਕੱਤਰਾ ਲਹਿਰ ਤੂਫਾਨੇ ਬਦਹੋਸ਼।

ਜਬ ਉੱਨ ਕਤਰੋਂ ਪੇ ਡਾਲੀ ਮੈਂਨੇ ਨਜ਼ਰ,
ਤੋ ਦੇਖਾ ਸਿਫ਼ਰ ਜਾਇਤ ਕਾ ਉਨ ਮੇਂ ਅਸਰ ।
ਉਸ ਅੰਮ੍ਰਿਤ ਸੇ ਇਕ ਬੂੰਦ ਚਿੜੀਆ ਨੇ ਪੀ,
ਪਕੜ ਲੀ ਜ਼ੁਬਾਨ ਉਸਨੇ ਸ਼ਾਹਬਾਜ਼ ਕੀ ।
ਉਸ ਅੰਮ੍ਰਿਤ ਸੇ ਤਲਵਾਰ ਪੈਦਾ ਹੂਈ,
ਉਸ ਅੰਮ੍ਰਿਤ ਸੇ ਕਿਰਪਾਨ ਪੈਦਾ ਹੂਈ,
ਮੇਰੀ ਕੌਮ ਕੀ ਸ਼ਾਨ ਪੈਦਾ ਹੂਈ,
ਉਸ ਅੰਮ੍ਰਿਤ ਸੇ ਜ਼ਿੰਦਾ ਹੂਆ ਖਾਲਸਾ ।

ਜਦੋਂ ਅੰਮ੍ਰਿਤ ਤਿਆਰ ਹੋ ਗਿਆ ਤੇ ਬਾਪੂ ਨੇ ਫਿਰ ਹੋਕਾ ਦਿੱਤਾ ਆਨੰਦਪੁਰ ਦੀ ਚੋਟੀ ਤੋਂ, ਬਾਹਾਂ ਖੜੀਆਂ ਕਰਕੇ !

ਅੰਮ੍ਰਿਤ ਨਾਮੁ ਨਿਧਾਨੁ ਹੈ
ਮਿਲਿ ਪੀਵਹੁ ਭਾਈ ॥
ਅੰਮ੍ਰਿਤੁ ਨਾਮੁ ਨਿਧਾਨੁ ਹੈ
ਮਿਲਿ ਪੀਵਹੁ ਭਾਈ ॥

ਬਣਾਵਟੀ ਸਾਧ, ਧੋਖੇਬਾਜ਼ ਸਾਧ, ਕੇਵਲ ਤਨ ਕਾ ਸਾਧ, ਕੇਵਲ ਮਨ ਦੀਆਂ ਖਾਹਿਸ਼ਾਂ ਪੂਰੀਆਂ ਕਰਨ ਵਾਲਾ ਸਾਧ, ਅੰਮ੍ਰਿਤਸਰ ਵਿੱਚ ਨਿਹਥੇ ਲੋਕਾਂ ਤੇ ਗੋਲੀ ਚਲਾ ਸਕਦਾ ਹੈ । ਕਾਨਪੁਰ ਵਿਚ ਗੋਲੀ ਚਲਾ ਸਕਦਾ ਹੈ । ਉਹ ਬੇਗੁਨਾਹਾਂ ਦੇ ਲਹੂ ਵਿੱਚ ਨਹਾ ਕੇ ਫਿਰ ਵੀ ਆਪਣੇ ਆਪ ਨੂੰ ਗੁਰੂ ਅਖਵਾਉਂਦਾ ਹੈ । ਲੇਕਿਨ ਜਿਹੜਾ ਗੁਰਮਤੀਆ ਸਾਧ ਹੈ, ਉਹ ਲੰਡਨ ਵਿੱਚ ਆ ਕੇ, ਗੁਰਦੁਆਰੇ ਬਣਾ ਕੇ, ਫਿਰ ਇਥੇ ਉਹਨਾਂ ਸ਼ਹੀਦਾਂ ਦੀ ਯਾਦ ਵਿੱਚ ਤੇਰਾਂ ਆਖੰਡ-ਪਾਠ ਰੱਖਦਾ ਹੈ, ਉਹਨਾਂ ਦੀ ਕਲਿਆਣ ਹੋਵੇਗੀ । ਅੰਮ੍ਰਿਤ ਵਿੱਚ ਨਹਾਉ, ਉਹਨਾਂ ਦੀ ਯਾਦ ਵਿਚ ਪਾਠ ਰਖੇ ਹੋਏ ਨੇ ਕਰੋ । "ਅੰਮ੍ਰਿਤ" ਪਾਨ ਕਰੋ, ਤੁਹਾਡਾ ਬੇੜਾ ਪਾਰ ਹੋਵੇਗਾ । ਜਿੰਨੇ ਗੁਰੂ ਕੇ ਸਿੱਖ ਬੈਠੇ ਹੋ, ਇਹ ਤੁਕ ਪੜ੍ਹੋ :

ਅੰਮ੍ਰਿਤ ਨਾਮੁ ਨਿਧਾਨੁ ਹੈ
ਮਿਲਿ ਪੀਵਹੁ ਭਾਈ ॥
ਅੰਮ੍ਰਿਤੁ ਨਾਮੁ ਨਿਧਾਨੁ ਹੈ
ਮਿਲਿ ਪੀਵਹੁ ਭਾਈ ॥

ਮਾਨ ਸਿੰਘ ਝੌਰ ਜੀ ਦਸੱਦੇ ਹਨ ਕਿ ਖੋਪਰੀ ਲੁਹਾ ਦਿੱਤੀ ਖੋਪਰੀ । ਤਾਰੂ ਸੰਘ ਦੇ ਅੱਖਰ ਇਹ ਸਨ ਕਿ ਇਹ ਕੇਸ ਹੁਣ ਮੇਰੇ ਨਹੀਂ ਹਨ । ਇਹ ਕੇਸ ਹੁਣ ਗੁਰੂ ਗੋਬਿੰਦ ਸਿੰਘ ਦੇ ਹਨ । ਤਾਰੂ ਸਿੰਘਾ, ਕਿਤੇ ਅੱਜ ਲੱਭ ਪਏਂ ਚਰਨ ਧੋ ਕੇ ਪੀ ਲਵਾਂ, ਜਿਸ ਨੂੰ ਇਹ ਯਕੀਨ ਹੋ ਗਿਆ ਕਿ ਕੇਸ ਮੇਰੇ ਨਹੀਂ, ਇਹ ਕੇਸ ਗੁਰੂ ਗੋਬਿੰਦ ਸਿੰਘ ਦੇ ਹਨ । ਜਿਹੜੇ ਕੇਸਾਂ ਦਾ ਅੱਜ ਅਸੀਂ ਨਿਰਾਦਰ ਕਰਦੇ ਹਾਂ, ਇਹ

ਕੇਸ ਅਸੀਂ ਆਪਣੇ ਸਮਝ ਲਏ ਹੋਏ ਨੇ-ਨਾ, ਅਸੀਂ ਗੁਰੂ ਗੋਬਿੰਦ ਸਿੰਘ ਦੇ ਨਹੀਂ ਨਾ ਸਮਝੇ । ਇਹ ਤੇ ਤਨ-ਮਨ-ਧਨ ਜਦੋਂ ਗੁਰੂ ਗੋਬਿੰਦ ਸਿੰਘ ਦੇ ਅਰਪਨ ਕਰ ਦੇਣਾ ਹੈ, ਨਾ ਸਾਡਾ ਤਨ ਰਹਿਣਾ ਹੈ ਤੇ ਜਦੋਂ ਤਨ, ਮਨ, ਧਨ ਕਿਸੇ ਦਾ ਤੇ ਕੇਸ ਤਨ ਉਤੇ ਹੀ ਹੈ ਨਾ, ਮੇਰੇ ਤੇ ਨਹੀਂ ਨਾ ਹੋਏ । ਕੋਈ ਹੱਕ ਨਹੀਂ ਮੈਂ ਕੇਸ ਮੁਨਾ ਲਵਾਂ, ਇਹ ਤੇ ਗੁਰੂ ਕੇ ਨੇ ! ਕਿਉਂ ਲੱਗਾ ਗੁਰੂ ਕੀ ਅਮਾਨਤ ਨੂੰ ਖਤਮ ਕਰਨ ? ਜਿਸ ਵੇਲੇ ਖੋਪਰੀ ਉਤਰ ਗਈ, ਮਿਝ ਸੱਜੇ-ਖੱਬੇ ਚੋ ਗਈ, ਤੇ ਜਿਹੜਾ ਤਾਰੂ ਸਿੰਘ ਦਾ ਸ਼ਹੀਦ ਗੰਜ ਸੀ, ਤੁਸਾਂ ਵੇਖਿਆ ਹੋਵੇਗਾ ਉਹਦੇ ਪਿਛਲੇ ਪਾਸੇ ਨੀਵਾਂ ਜਿਹਾ ਥਾਂ ਸੀ । ਕਿਸੇ ਵੇਲੇ ਉਹ ਕਿਲ੍ਹੇ ਦੀ ਖਾਈ ਸੀ । ਭਾਈ ਜੀ ਨੂੰ ਉਥੇ ਧੱਕਾ ਦੇ ਕੇ ਸੁੱਟ ਦਿੱਤਾ ਗਿਆ । ਇਕੀ ਦਿਨ ਭਾਈ ਜੀ ਉਸ ਖਾਈ ਵਿਚ ਪਏ ਰਹੇ ਨੇ ਖੋਪਰੀ ਉਤਰ ਜਾਣੇ ਤੋਂ ਬਾਅਦ ! ਔਰ ਲਾਹੌਰ ਦਾ ਇਕ ਸਹਿਜਧਾਰੀ ਸਿੱਖ ਆਪ ਨੂੰ ਰਾਤ ਚੋਰੀ ਦੁੱਧ ਪਿਲਾਉਣ ਆਉਂਦਾ ਸੀ। ਔਰ ਸਤਾਰ੍ਹਵੇ ਦਿਨ ਸਹਿਜਧਾਰੀ ਸਿੱਖ ਨੇ ਤਾਰੂ ਸਿੰਘ ਨੂੰ ਕਿਹਾ, "ਤੂੰ ਬ੍ਰਹਮ ਕੋਟੀ ਵਿਚ ਹੈਂ, ਤੂੰ ਬ੍ਰਹਮ ਗਿਆਨੀ ਹੈਂ, ਤੂੰ ਸਦਾ ਨਿਰਲੇਪ ਹੈਂ । ਤੇਰੇ ਉਤੇ ਗੁਰੂ ਅਰਜਨ ਦੇਵ ਸਾਹਿਬ ਦੀ ਕਿਰਪਾ ! ਤਾਰੂ ਸਿੰਘਾ ਮੈਂ ਅਜੇ ਮੋਹ ਮਾਇਆ ਦਾ ਪੁਤਲਾ ਹਾਂ, ਮੈਂ ਅਜੇ ਮੋਹ-ਮਾਇਆ ਦੀ ਪੁਤਲੀ ਵਿਚ ਫਸਿਆ ਹੋਇਆ ਹਾਂ । ਮੈਂ ਅਜੇ ਮੋਹ-ਮਾਇਆ ਦੇ ਖੂਹ ਵਿਚ ਡਿੱਗਾ ਹੋਇਆ ਹਾਂ । ਮੇਰੇ ਕੋਲੋਂ ਤੇਰੀ ਇਹ ਹਾਲਤ ਵੇਖ ਕੇ ਜਰੀ ਨਹੀਂ ਜਾਂਦੀ । ਬੜਾ ਦੁੱਖ ਹੁੰਦਾ, ਬੜਾ ਦਰਦ ਆਉਂਦਾ। ਤੇ ਮੈਂ ਵੀ ਗੁਰੂ ਨਾਨਕ ਸਾਹਿਬ ਦਾ ਦਾਸ ਹਾਂ । ਮੈਂ ਤੇਰੇ ਅੱਗੇ ਮਿੰਨਤ ਕਰਦਾ ਹਾਂ ਇਸ ਕਾਇਆਂ ਦੀ ਮੜ੍ਹੋਲੀ ਚੋਂ ਆਪਣੇ ਸਵਾਸਾਂ ਨੂੰ ਆਗਿਆ ਦੇ ਦੇ ! ਹੁਣ ਤੇਰੀ ਹਾਲਤ ਨਹੀਂ ਵੇਖੀ ਜਾਂਦੀ ।" ਤੇ ਭਾਈ ਸਾਹਿਬ ਮੁਸਕਰਾਏ ਕਿ ਸਿੱਖਾ ਤੂੰ ਧੰਨ ਹੈਂ । ਜਿਹੜਾ ਆਪਣੀ ਜਾਨ ਖਤਰੇ ਵਿਚ ਪਾ ਕੇ :

"ਪੱਤਾ ਪੱਤਾ ਸਿੰਘਾਂ ਦਾ ਵੈਰੀ ।"

ਔਰ ਤੂੰ ਮੈਨੂੰ ਦੁੱਧ ਪਿਲਾਉਣ ਵਾਸਤੇ ਆਉਂਦਾ ਹੈਂ । ਜੇ ਫੜਿਆ ਜਾਏ ਤੇ ਪਤਾ ਨਹੀਂ ਤੇਰਾ ਬੇੜਾ-ਬੇੜਾ ਕੱਟ ਦੇਣ ਤੇ ਪਤਾ ਨਹੀਂ ਤੈਨੂੰ ਕੀ-ਕੀ ਦੁੱਖ ਦੇਣ ! ਤੂੰ ਧਨ ਹੈਂ । ਤੇਰਾ ਮੇਰੇ ਨਾਲ ਪਿਆਰ ਵੀ ਬੜਾ ਭਾਈ, ਪਰ ਮੇਰੀ ਜ਼ੁਬਾਨੋ-ਰਸਨਾ ਵਿਚੋਂ ਅਖੱਰ ਨਿਕਲ ਗਏ ਨੇ ਕਿ ਮੈਂ ਸੂਬੇ ਨੂੰ ਆਪਣੀ ਜੁੱਤੀ ਅੱਗੇ ਲਾ ਕੇ ਲਿਜਾਣਾ ਤੇ ਸੂਬੇ ਦੀ ਉਮਰ ਚਾਰ ਦਿਨ ਅਜੇ ਹੋਰ ਹੈ । ਸਹਿਜਧਾਰੀ ਸਿੱਖਾ, ਮੈਂ ਅਜੇ ਚਾਰ ਦਿਨ ਹੋਰ ਆਪਣੇ ਸਵਾਸਾਂ ਨੂੰ ਆਗਿਆ ਨਹੀਂ ਦੇਣੀ, ਅਜੇ ਚਾਰ ਦਿਨ ਹੋਰ ਇਥੇ ਮਾਤ-ਲੋਕ ਵਿਚ ਰਹਿਣਾ । ਇਹੋ ਹੈ ਗੁਰਮਤੀਆ ਸੰਤ, ਜਿਸ ਨੇ ਗੁਰੂ ਕਾ ਅੰਮ੍ਰਿਤ ਪੀਤਾ । ਜਿਥੇ ਕਿਤੇ ਜਾਏ ਗੁਰਦੁਆਰੇ ਬਣਾ ਦਿੰਦਾ । ਕਿਤੇ ਵੀ ਚਲਿਆ ਜਾਏ, ਅਮ੍ਰਿਤ ਦਾ ਸੋਮਾ ਬਣਾ ਕੇ ਲੋਕਾਂ ਭੁੱਲੇ ਭਟਕਿਆਂ ਨੂੰ ਆਬੇ-ਹਯਾਤ ਦੇ ਕੇ ਜੋੜ ਦਿੰਦਾ ਹੈ ਰੱਬ ਨਾਲ । ਇਹ ਕੱਲਰ ਦੀ ਛੱਪੜੀ ਵਿਚ

ਨਹੀਂ ਨਹਾਉਂਦਾ। ਇਹ ਅੰਮ੍ਰਿਤ ਵਿੱਚ ਨਹਾਉਂਦਾ ਹੈ। ਕੱਲਰ ਦੀ ਛੱਪੜੀ ਵਿੱਚ ਤਾਂ ਨਹਾਉਂਦਾ ਹੈ ਕਾਂ! ਵਿਕਾਰਾਂ ਦੀ ਛੱਪੜੀ ਵਿੱਚ ਨਹਾਉਂਦਾ ਹੈ ਮਨਮੁੱਖ ਤੇ ਗੁਰੂ ਕਾ ਸਿੱਖ ਸਾਧ ਸੰਗਤ ਦੇ ਸਰੋਵਰ ਵਿੱਚ ਨਹਾਉਂਦਾ ਹੈ। ਅੰਮ੍ਰਿਤ ਬਾਣੀ ਨੂੰ ਆਪਣਾ ਆਹਾਰ ਸਮਝਦਾ ਹੈ। ਭਾਈ ਸਾਹਿਬ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿੱਚ ਇਕ ਜ਼ਿਕਰ ਆਉਂਦਾ ਹੈ :

"ਗੁਰਸਿੱਖ ਭਲਕੇ ਉਠ ਕਰਿ,
ਅੰਮ੍ਰਿਤ ਵੇਲੇ ਸਰੁ ਨ੍ਹਾਵੰਦਾ।
ਗੁਰੁ ਕੈ ਬਚਨ ਉਚਾਰਿ ਕੈ,
ਧਰਮਸਾਲ ਦੀ ਸੁਰਤਿ ਕਰੰਦਾ।
ਸਾਧਸੰਗਤਿ ਵਿਚਿ ਜਾਇ ਕੈ,
ਗੁਰਬਾਣੀ ਦੇ ਪ੍ਰੀਤਿ ਸੁਣੰਦਾ।"

ਇਹ ਪੁਰਾਣੇ ਸਿੱਖਾਂ ਦਾ ਜੀਵਨ ਹੈ। ਮਨ ਵਿਚ ਸ਼ੰਕਾ ਨਹੀਂ, ਇਹ ਸਿੱਖ ਕੌਣ ਹੈ ? ਇਹ ਨਾਈ ਹੈ, ਇਹ ਗਿੱਲ ਹੈ, ਇਹ ਕੋਹਲੀ ਹੈ, ਮਨਮੁੱਖ ਇਹੋ ਜਿਹੀਆਂ ਦਲੀਲਾਂ ਕਰਦੇ ਨੇ, ਗੁਰੂ ਕਾ ਸਿੱਖ ਤੇ ਇਹੋ ਜਿਹੀ ਸ਼ੰਕਾ ਹੀ ਪੈਦਾ ਨਹੀਂ ਕਰਦਾ!

"ਸੰਕਾ ਮਨਹੁੰ ਮਿਟਾਇ ਕੈ,
ਗੁਰੁ ਸਿਖਾਂ ਦੀ ਸੇਵ ਕਰੰਦਾ।
ਕਿਰਤ ਵਿਰਤ ਕਰਿ ਧਰਮ ਦੀ,
ਲੈ ਪਰਸਾਦ ਆਣਿ ਵਰਤੰਦਾ।"

ਬਿਰਤੀ ਸ਼ਬਦ ਨਾਲ ਜੋੜੀ ਹੋਈ, ਕਿਰਤ ਧਰਮ ਦੀ ਕਰਨੀ। ਕਮਾਈ ਕਰਕੇ ਪ੍ਰਸ਼ਾਦੇ ਪਕਾ ਕੇ ਗੁਰਦੁਆਰੇ ਲਿਆਉਣੇ।

"ਗੁਰਸਿਖਾਂ ਨੋ ਦੇਇ ਕਰਿ,
ਪਿਛੋਂ ਬਚਿਆ ਆਪੁ ਖਵੰਦਾ।"

ਜਿੰਨੇ ਆਏ ਹੋਏ ਮੁਸਾਫਿਰ ਗੁਰਦੁਆਰੇ ਵਿਚ, ਉਹਨਾਂ ਨੂੰ ਪਹਿਲਾਂ ਵੰਡਣੇ ਪਰਸ਼ਾਦੇ! ਜੇ ਬਚ ਜਾਵੇ ਤੇ ਆਪ ਖਾ ਲੈਣਾ, ਨਹੀਂ ਬਚਿਆ ਤੇ ਗੁਰੂ ਕਾ ਭਾਣਾ ਮਿੱਠਾ ਮੰਨ ਕੇ ਸੌਂ ਜਾਣਾ। ਐਸੇ ਜੋ ਗੁਰੂ ਕੇ ਸਿੱਖ ਹਨ, ਮੇਰਾ ਬਾਪੂ ਨਾਨਕ ਨਿਰੰਕਾਰੀ ਕਹਿੰਦਾ ਹੈ :

"ਤਿਨਿ ਬਲਿਹਾਰੇ ਜਾਏ......,
ਨਾਨਕ ਤਿਨ ਬਲਿਹਾਰੇ ਜਾਏ।
ਤਿਨਿ ਬਲਿਹਾਰੇ ਜਾਏ ਨਾਨਕ,
ਤਿਨਿ ਬਲਿਹਾਰੇ ਜਾਏ।
ਤੁਧੁ ਆਗੈ ਅਰਦਾਸਿ ਹਮਾਰੀ
ਜੀਉ ਪਿੰਡੁ ਸਭੁ ਤੇਰਾ॥

ਕਹੁ ਨਾਨਕ ਸਭ ਤੇਰੀ ਵਡਿਆਈ
ਕੋਈ ਨਾਉ ਨ ਜਾਣੈ ਮੇਰਾ ॥
"ਕਬੀਰ ਮੇਰਾ ਮੁਝ ਮਹਿ ਕਿਛੁ ਨਹੀ,
ਜੋ ਕਿਛੁ ਹੈ ਸੋ ਤੇਰਾ ॥
ਤੇਰਾ ਤੁਝ ਕੌ ਸਉਪਤੇ ਕਿਆ ਲਾਗੈ ਮੇਰਾ ॥"
... ...
"ਹਰਿ ਕੇ ਨਾਮ ਬਿਨਾ ਜਗੁ ਧੰਧਾ ॥
ਜੇ ਬਹੁਤਾ ਸਮਝਾਈਐ ਭੋਲਾ ਭੀ ਸੋ ਅੰਧੋ ਅੰਧਾ ॥੧॥ ਰਹਾਉ ॥
ਲਖ ਖਟੀਅਹਿ ਲਖ ਸੰਜੀਅਹਿ
ਖਾਜਹਿ ਲਖ ਆਵਹਿ ਲਖ ਜਾਹਿ ॥
ਜਾਂ ਪਤਿ ਲੇਖੈ ਨਾ ਪਵੈ
ਤਾਂ ਜੀਅ ਕਿਥੈ ਫਿਰਿ ਪਾਹਿ ॥੨॥
ਲਖ ਸਾਸਤ ਸਮਝਾਵਣੀ
ਲਖ ਪੰਡਿਤ ਪੜਹਿ ਪੁਰਾਣ ॥
ਜਾਂ ਪਤਿ ਲੇਖੈ ਨਾ ਪਵੈ
ਤਾਂ ਸਭੇ ਕੁਪਰਵਾਣ ॥੩॥
ਸਚ ਨਾਮਿ ਪਤਿ ਊਪਜੈ
ਕਰਮਿ ਨਾਮੁ ਕਰਤਾਰੁ ॥
ਅਹਿਨਿਸਿ ਹਿਰਦੈ ਜੇ ਵਸੈ
ਨਾਨਕ ਨਦਰੀ ਪਾਰੁ ॥ (ਪੰਨਾ ੩੫੮)
... ...
"ਹਰਿ ਕੇ ਨਾਮ ਬਿਨਾ ਜਗੁ ਧੰਧਾ ॥
ਹਰਿ ਕੇ ਨਾਮ ਬਿਨਾ ਜਗੁ ਧੰਧਾ ॥"

ਮਾਨ ਸਿੰਘ ਝੌਰ ਜੀ ਕਹਿੰਦੇ ਹਨ ਕਿ ਮੈਂ ਆਪ ਜੀ ਦੇ ਸਾਹਮਣੇ ਸ਼ਬਦ ਪੜ੍ਹਿਆ ਹੈ, ਜਿਸ ਦੇ ਵਿਚ ਦੋ ਚੀਜ਼ਾਂ ਸਤਿਗੁਰ ਨੇ ਦਰਸਾਈਆਂ ਹਨ। ਇਕ "ਸੰਸਾਰ ਦੀ ਪ੍ਰਭਤਾ" ਔਰ ਇਕ "ਵਾਹਿਗੁਰੂ ਦੇ ਨਾਮ ਦੀ ਪ੍ਰਭਤਾ"। ਇਹਨਾਂ ਤਿੰਨਾਂ ਹਿੱਸਿਆਂ ਵਿਚੋਂ ਪਹਿਲੇ ਸ਼ਬਦ ਦੇ ਹਿੱਸੇ ਵਿਚ ਸੰਸਾਰ ਦੀ ਪ੍ਰਭਤਾ ਨੂੰ ਬਿਆਨ ਕੀਤਾ ਹੈ। ਔਰ ਜਿੰਨੇ ਸੱਜਣ ਤੁਸੀਂ ਬੈਠੇ ਹੋ ਸਤਿਸੰਗੀ ਮਹਾਂਪੁਰਸ਼, ਇਹ "ਆਸਾ ਰਾਗ" ਦਾ ਸ਼ਬਦ ਹੈ। ਇਹਦੇ ਵਿਚ ਜਿੰਨੀ ਵੇਰਾਂ ਲੱਖ ਪਾਠ ਆਇਆ ਹੈ, ਓਨੀ ਵਾਰ ਹੀ ਲੱਖ ਦਾ 'ਖ' ਮੁੱਕਤਾ ਹੈ। ਜਿਸ ਦੇ ਦਇਆ ਕਰਨ ਦੇ ਹਿਸਾਬ ਨਾਲ ਮਨ ਇੰਨੇ ਲੱਖ ਕਈ ਬਹੁਵਚਨ। ਸਾਹਿਬ ਕਹਿੰਦੇ ਨੇ:

"ਲਖ ਲਸਕਰ !"

ਇਹ "ਸੰਸਾਰੀ ਪ੍ਰਭਤਾ" ਬਿਆਨ ਕਰ ਰਹੇ ਨੇ। ਔਰ ਸੰਸਾਰ ਦੇ ਉਤੇ ਤੇਰੀ ਇੰਨੀ ਸੋਭਾ ਹੋਵੇ ਕਿ ਤੇਰੇ ਲੱਖਾਂ ਹੀ ਲਸ਼ਕਰ ਹੋਣ, ਲੱਖਾਂ ਹੀ ਤੇਰੀਆਂ ਫੌਜਾਂ ਹੋਣ, ਲੱਖਾਂ ਹੀ ਤੇਰੇ ਸਿਪਾਹੀ ਹੋਣ। ਔਰ ਤੇਰੇ ਇਰਦ-ਗਿਰਦ, ਤੇਰੇ ਅੱਗੇ-ਪਿੱਛੇ ਤੇਰੀ ਜੈ-ਜੈਕਾਰ ਹੋਵੇ। ਮਾਨ ਸਿੰਘ ਝੌਰ ਜੀ ਦੱਸਦੇ ਹਨ ਕਿ ਮੈਂ "ਰਾਏਪੁਰ" ਗਿਆ। ਉਥੇ ਮੇਰਾ ਬਹੁਤ ਆਉਣ-ਜਾਣ ਰਿਹਾ। ਮੈਂ ਉਥੋਂ ਦੇ ਰਾਜੇ ਨੂੰ ਬੜੀ ਚੰਗੀ ਤਰ੍ਹਾਂ ਜਾਣਿਆ, ਵੇਖਿਆ। ਉਹ ਰਾਤ ਨੂੰ ਰਾਗਾਂ ਦੀ ਧੁਨ ਵਿਚ ਹੀ ਸੌਂਦਾ ਸੀ। ਸਵੇਰੇ ਰਾਗੀ ਆ ਕੇ ਧੁਨਾਂ ਵਜਾ ਕੇ ਹੀ ਉਸ ਨੂੰ ਜਗਾਉਂਦੇ ਸਨ। ਕਿਸੇ ਦੀ ਜੁਰਅੱਤ ਨਹੀਂ ਸੀ ਕਿ ਉਸਨੂੰ ਅਵਾਜ਼ ਮਾਰ ਕੇ ਉਠਾ ਦੇਵੇ। ਇਹ ਸੰਸਾਰੀ ਠਾਟ ਹੈ, ਇਹ "ਸੰਸਾਰੀ ਪ੍ਰਭਤਾ" ਹੈ।

"ਲਖ ਲਸਕਰ ਲਖ ਵਾਜੇ ਨੇਜੇ"

ਲੱਖਾਂ ਨੇਜ਼ਿਆਂ ਵਾਲੇ ਤੇਰੇ ਅੱਗੇ-ਪਿਛੇ, ਦਾਏਂ-ਬਾਏਂ ਤੇਰੀ ਹਿਫਾਜ਼ਤ ਵਾਸਤੇ। ਤੇਰੀ ਰੱਖਿਆ ਵਾਸਤੇ ਕਿ ਕੋਈ ਦੁਸ਼ਮਣ ਤੇਰੇ ਉਤੇ ਵਾਰ ਨਾ ਕਰ ਸਕੇ। ਲੱਖਾਂ ਨੇਜ਼ਿਆਂ ਵਾਲੇ ਅੱਗੇ-ਪਿਛੇ ਫਿਰਦੇ ਹਨ। ਇਹ ਲੱਖਾਂ ਦੁਨੀਆਂਦਾਰ, ਇਹ ਲੱਖਾਂ ਸੰਸਾਰੀ ਆਦਮੀ ਉਠ-ਉਠ ਕੇ ਆਪਣਾ ਕਾਰੋਬਾਰ ਛੱਡ-ਛੱਡ ਕੇ, ਸਿਰ ਝੁਕਾ-ਝੁਕਾ ਕੇ ਜਾਂਦੇ ਹਨ। ਲੱਖਾਂ ਆਦਮੀਆਂ ਵਾਸਤੇ ਤੇਰੀ ਸਿਫਾਰਸ਼ ਵੀ ਚੱਲਦੀ ਹੈ ਕਿ ਜਿਸ ਨੂੰ ਤੂੰ ਰੁੱਕਾ ਲਿਖ ਦੇਵੇਂ ਕਿ ਏਸ ਆਦਮੀ ਨੂੰ ਨੌਕਰ ਰੱਖ ਲੈ, ਉਹ ਫੌਰਨ ਤੇਰਾ ਕੰਮ ਹੋ ਜਾਵੇ। ਫਿਰ ਤੂੰ ਖੁਸ਼ ਵੀ ਬੜਾ ਹੋਵੇ ਭਈ ਮੇਰੀ ਗੱਲ ਮੰਨੀ ਗਈ ਹੈ। ਔਰ ਲੱਖਾਂ ਆਦਮੀ ਆਪਣੀਆਂ ਗੱਦੀਆਂ ਛੱਡ-ਛੱਡ ਕੇ, ਕੁਰਸੀਆਂ ਛੱਡ-ਛੱਡ ਕੇ ਉਠ ਕੇ ਤੈਨੂੰ ਸਲਾਮਾਂ ਕਰਦੇ ਹੋਣ, ਇਹ ਤੇਰੀ ਸੰਸਾਰ ਦੀ ਪ੍ਰਭਤਾ ਹੋਵੇ। ਤੇਰੀ ਸੰਸਾਰ ਵਿਚ ਵਡਿਆਈ ਹੋਵੇ। ਪਰ ਹਜ਼ੂਰ ਕਹਿੰਦੇ ਹਨ ਕਿ ਸੰਸਾਰ ਵਿਚ ਤੇ ਤੇਰੀ ਇੰਨੀ ਪ੍ਰਭਤਾ, ਇੰਨਾ ਰੋਅਬ, ਇੰਨਾ ਠਾਠ-ਬਾਠ ਹੈ, ਪਰ ਜੇ ਵਾਹਿਗੁਰੂ ਦੇ ਦਰਬਾਰ ਵਿਚ ਤੇਰੀ ਪੱਤ ਲੇਖੇ ਨਹੀਂ ਨਾ ਪਈ ਤਾਂ ਇਹ ਜਿੰਨੇ ਸੰਸਾਰੀ ਜੀਵ ਨੇ ਉਠ-ਉਠ ਕੇ ਤੈਨੂੰ ਮੱਥੇ ਟੇਕਦੇ ਨੇ, ਲਾਈਨਾਂ ਬਣਾ ਕੇ ਖਲੋ ਜਾਂਦੇ ਨੇ, ਨੇਜ਼ਿਆਂ ਵਾਲੇ ਤੇਰੇ ਅੱਗੇ-ਪਿਛੇ ਫਿਰਦੇ ਨੇ! ਲੱਖਾਂ ਤੇਰੇ ਸਿਪਾਹੀ ਹਨ, ਲੱਖਾਂ ਤੇਰੀ ਫੌਜ ਹੈ, ਇਹ ਸਾਰੇ ਦੇ ਸਾਰੇ ਫਿੱਕੇ ਨੇ, ਬੇਰੱਸ ਨੇ। ਇਹ ਸਾਰੇ ਆਡੰਬਰ ਫਜ਼ੂਲ ਈ, ਇਹ ਪਰਵਾਨ ਨਹੀਂ ਹੋਣੇ। ਜੇ ਤੂੰ ਵਾਹਿਗੁਰੂ ਦਾ ਨਾਮ ਨਹੀਂ ਸਿਮਰਦਾ, ਕੇਵਲ ਧੰਧਿਆਂ ਵਿਚ, ਕੇਵਲ ਸੰਸਾਰ ਵਿਚ ਫਸਿਆ ਪਿਆ ਹੈਂ, ਸੰਸਾਰ ਵਿੱਚ ਤੂੰ ਜਕੜਿਆ ਪਿਆ ਹੈਂ। ਔਰ ਨਾਮ ਤੈਨੂੰ ਚੇਤੇ ਨਹੀਂ ਤਾਂ ਤੂੰ ਸਦਾ ਪਿੱਟ ਰਿਹਾ ਹੈਂ। ਤੂੰ ਕੂੜ ਦੀਆਂ ਪੰਡਾਂ ਬੰਨ੍ਹ ਰਿਹਾ ਹੈਂ, ਜੇ ਤੇਰੇ ਅੰਦਰ ਨਹੀਂ ਵੱਸਿਆ "ਸਤਿਨਾਮ-ਵਾਹਿਗੁਰੂ"।

"ਹਰਿ ਕੇ ਨਾਮ ਬਿਨਾ ਜਗੁ ਧੰਧਾ ॥"

ਇਥੇ ਭੋਲੇ ਦੇ ਮਨ ਭੋਲਾ-ਭਾਲਾ ਨਹੀਂ, ਸਿੱਧਾ-ਸਾਦਾ ਨਹੀਂ। ਇਥੇ ਭੋਲੇ

ਦੇ ਅਰਥ ਨੇ ਭੁੱਲਾ ਹੋਇਆ। ਜੇ ਏਸ ਭੁੱਲੇ ਹੋਏ ਨੂੰ ਕੁਝ ਆਖੀਏ ਤਾਂ ਸਮਝਣ ਦੀ ਥਾਂ, ਸਿੱਧੇ ਰਾਹੇ ਪੈਣ ਦੀ ਥਾਂ, ਸਗੋਂ ਅੰਨ੍ਹੇ ਤੋਂ ਅੰਨ੍ਹਾ ਹੁੰਦਾ ਜਾਂਦਾ ਹੈ, ਸਗੋਂ ਭੈੜੇ ਤੋਂ ਭੈੜਾ ਹੁੰਦਾ ਜਾਂਦਾ ਹੈ, ਸਗੋਂ ਨਿਕੰਮੇ ਤੋਂ ਨਿਕੰਮਾ ਹੁੰਦਾ ਜਾਂਦਾ ਹੈ। ਲੱਖਾਂ ਸ਼ਾਸਤਰ ਉਹਨਾਂ ਨੂੰ ਸਮਝਾਉਂਦੇ ਨੇ। ਪੰਡਿਤ ਲੋਕ ਸ਼ਾਸਤਰਾਂ ਦੀ ਕਥਾ ਸਮਝਾਉਂਦੇ ਨੇ। ਤੂੰ ਸ਼ਿਵਾਲੇ ਜਾ ਕੇ, ਪਾਠਸ਼ਾਲਾ ਜਾ ਕੇ, ਮੰਦਿਰ ਜਾ ਕੇ ਲੱਖਾਂ ਸ਼ਾਸਤਰਾਂ ਦੀ ਸਮਝਾਉਣੀ, ਜਿਹੜੀ ਪੰਡਤਾਂ ਨੇ ਸਮਝਾਈ ਹੈ, ਉਹ ਸੁਣ ਲਏ ਤਾਂ ਲੋਕੀਂ ਵਾਹ-ਵਾਹ ਕਰਦੇ ਨੇ ਕਿ ਇਹ ਬੜਾ ਸਰੋਤਾ! ਮੀਂਹ ਜਾਏ, ਹਨੇਰੀ ਜਾਏ ਇਹ ਕਦੇ ਨਾਗਾ ਨਹੀਂ ਕਰਦਾ। ਸਰੋਤਾ ਹੋਣ ਦੇ ਨਾਤੇ ਤੇਰੀ ਪ੍ਰਭਤਾ ਹੋਵੇ, ਤੇਰੀ ਜੈ-ਜੈਕਾਰ ਹੋਵੇ। ਪੁਰਾਨ ਪੜ੍ਹ-ਪੜ੍ਹ ਕੇ, ਪੜ੍ਹ-ਪੜ੍ਹ ਕੇ ਤੂੰ ਭਾਵੇਂ ਪੰਡਿਤ ਬਣ ਜਾਏਂ। ਪਹਿਲਾਂ ਤੇ ਸਰੋਤਾ ਹੀ ਸੀ ਨਾ, ਫਿਰ ਤੂੰ ਪੜ੍ਹ-ਪੜ੍ਹ ਕੇ ਭਾਵੇਂ ਪੰਡਿਤ ਬਣ ਜਾਏਂ।

"ਲਖ ਸਾਸਤ ਸਮਝਾਵਣੀ
ਲਖ ਪੰਡਿਤ ਪੜਹਿ ਪੁਰਾਣ ॥"

ਜੇ ਤੇਰੀ ਪੱਤ ਵਾਹਿਗੁਰੂ ਦੇ ਦਰਬਾਰ ਵਿਚ ਲੇਖੇ ਨਾ ਪਈ ਤੇ ਇਹ ਪੜ੍ਹਨਾ ਸੁਣਨਾ, ਸਾਰਾ-ਸਾਰਾ ਕੁਪਰਵਾਨ। ਇਹ ਮਨਜ਼ੂਰ ਨਹੀਂ। "ਹਜ਼ਰਤ ਖਾਨ ਪੀਰ ਬੁਲ੍ਹੇ ਸ਼ਾਹ" ਜਿਥੇ ਕੁਰਾਨੇ ਤਾਲੀਮ ਦੇ ਹਾਫਿਜ਼ ਸਨ, ਉਥੇ ਦਲੇਰ ਮਰਦ ਵੀ ਬੜੇ ਸਨ। ਸੱਚ ਕਹਿਣ ਲੱਗਿਆਂ ਉਹਨਾਂ ਨੇ ਜ਼ਰਾ ਹਿਚਕਚਾਹਟ ਨਹੀਂ ਕੀਤੀ। ਉਹਨਾਂ ਨੇ ਨਮਾਜ਼ ਪੜ੍ਹਨੀ ਛੱਡ ਦਿੱਤੀ ਕਿ ਜਿਸ ਈਮਾਮ ਦੇ ਪਿਛੇ ਮੈਂ ਨਮਾਜ਼ ਪੜ੍ਹਦਾ ਹਾਂ, ਇਹਦਾ ਤੇ ਆਪਣਾ ਦਿਲ ਸਾਫ ਨਹੀਂ ਹੁੰਦਾ। ਜਿਸ ਦੇ ਪਿਛੇ ਪੜ੍ਹਨੀ ਹੈ, ਮੈਂ ਆਪਣੇ ਦਾਇਰੇ ਵਿਚ ਹੀ ਬੈਠ ਕੇ ਪੜ੍ਹ ਲਵਾਂਗਾ। ਔਰ ਜਿਹੜੇ ਚੰਗੇ ਮੰਨੇ-ਪ੍ਰਮੰਨੇ ਨਿਮਾਜ਼ੀ ਸੀ ਨਾ, ਨਿੱਤ ਮਸੀਤੇ ਵੇਖਦੇ ਸੀ "ਬੁੱਲ੍ਹੇ ਸ਼ਾਹ" ਨੂੰ। ਉਹਨਾਂ ਨੇ ਆਖਿਰ ਪੁਛਿਆ ਬੁੱਲ੍ਹੇ ਨੂੰ! ਕੀ ਗੱਲ ਕਦੇ ਹੁਣ ਮਸੀਤੇ ਨਹੀਂ ਆਇਆ? ਉਸ ਵੇਲੇ ਬੁੱਲ੍ਹੇ ਨੇ ਇਹ ਗੱਲ ਕਹੀ ਸੀ ਕਿ :

"ਲੋਕਾਂ ਦੇ ਦਿਖਲਾਵਨ ਕਾਰਣ,
ਭੱਜ ਭੱਜ ਵੜੇ ਮਸੀਤੀਂ।
ਗਿੱਟੇ, ਗੋਡੇ ਮੱਲ-ਮੱਲ ਧੋਵੇ;
ਅੰਦਰੋਂ ਨਾ ਗਈ ਪਲੀਤੀ।"

ਐਵੇਂ ਲੋਕਾਂ ਨੂੰ ਦੱਸਣ ਵਾਸਤੇ ਭਈ ਮੈਂ ਬੜਾ ਨਮਾਜ਼ੀ ਹਾਂ, ਮੈਂ ਬੜਾ ਪਰਹੇਜ਼ਦਾਰ ਹਾਂ, ਨਿਤਨੇਮੀ ਪ੍ਰੇਮੀ ਹਾਂ। ਮਸੀਤੇ ਜਾਣਾ ਹੈ ਤੂੰ, ਗਿੱਟੇ, ਬਾਹਾਂ, ਧੋਣਾ ਹੈਂ ਤੂੰ, ਪਰ ਤੇਰੇ ਅੰਦਰ ਦੀ ਪਲੀਤੀ, ਤੇਰੇ ਅੰਦਰ ਦੀ ਮੈਲ, ਤੇਰੇ ਅੰਦਰ ਦਾ ਧੋਖਾ ਨਾ ਗਿਆ। ਬਾਹਰੋਂ ਤੇ ਤੂੰ ਬੜਾ ਲਾਟ ਸਾਹਿਬ ਹੋ ਗਿਆ, ਪਰ ਅੰਦਰਲਾ ਧੋਖਾ ਨਾ ਗਿਆ, ਅੰਦਰਲਾ ਛੱਲ-ਵੱਲ ਨਾ ਗਿਆ!

"ਲੋਕਾਂ ਦੇ ਦਿਖਲਾਵਨ ਕਾਰਣ,

ਭੱਜ ਭੱਜ ਵੜੇਂ ਮਸੀਤੀ ।
ਗਿਟੇ, ਗੋਡੇ ਮੱਲ-ਮੱਲ ਧੋਵੇਂ,
ਅੰਦਰੋਂ ਨਾ ਗਈ ਪਲੀਤੀ ।"

ਮਾਨ ਸਿੰਘ ਝੌਰ ਜੀ ਦੱਸਦੇ ਹਨ ਕਿ ਰੈਗੁਲੇਸ਼ਨ ਪਾਸ ਹੋਇਆ ਕਿ ਜਿਥੇ "ਮਨਮੱਤ" ਦਾ ਵਿਆਹ ਹੋਵੇ, ਔਰ ਜਿਹੜਾ ਉਥੇ ਜਾਏ ਅਕਾਲੀ ਹੋ ਕੇ, ਉਹਨੂੰ ਪੰਜਾਹ ਰੁਪਏ ਡੰਨ ਲਾਉਣਾ। ਔਰ ਮਾਨ ਸਿੰਘ ਝੌਰ ਜੀ ਕਹਿੰਦੇ ਮੈਨੂੰ ਇਹ ਗੱਲ ਚੰਗੀ ਨਾ ਲੱਗੀ ਕਿ ਪੰਜਾਹ ਰੁਪਏ ਡੰਨ ਲਾਉਣਾ। ਤੇ ਮੈਂ ਕਹਿ ਦਿੱਤਾ ਜਿਹੜਾ "ਗੁਰਮਤਿ" ਦੇ ਵਿਆਹ ਤੇ ਜਾਏ ਨਾ, ਉਸ ਨੂੰ ਸੌ ਰੁਪਏ ਡੰਨ ਲਾਉਣਾ। ਰੌਲਾ ਪੈ ਗਿਆ ਕਿ ਚੰਗਾ ਜੱਥੇਦਾਰ ਬਣਿਆ ਤੂੰ ? ਮੈਂ ਕਿਹਾ ਮੈਨੂੰ ਤੇ ਇਹੋ ਜਚਦੀ ਹੈ ਕਿ ਜਿਥੇ ਅੱਗੇ ਗੁਰਮਤਿ ਹੋ ਹੀ ਰਹੀ ਹੈ, ਉਥੇ ਤੁਸੀਂ ਦਸ ਆਦਮੀ ਹੋਰ ਪੱਗਾਂ ਬੰਨ੍ਹ ਕੇ ਜਾ ਬਵ੍ਹੋਗੇ ਤੇ ਕੀ ਫਾਇਦਾ ? ਮੈਂ ਤੇ ਕਹਿਨਾ ਹਾਂ ਉਥੇ ਜਾਉ ਜਿਥੇ ਗੁਰਮਤਿ ਨਹੀਂ ਹੁੰਦੀ। ਇਹਨਾਂ ਨੂੰ ਗੁਰਮਤਿ ਵਿਚ ਲਿਆਉ, ਇਨ੍ਹਾਂ ਨੂੰ ਗੁਰਮਤਿ ਸਿਖਾਉ, ਜਿਥੇ ਗੁਰਮਤਿ ਨਹੀਂ ਹੁੰਦੀ, ਉਥੇ ਜਾਣਾ ਹੀ ਛੱਡ ਦਿਉ! ਫਿਰ ਸੁਧਾਰ ਕੌਣ ਕਰੇਗਾ ? ਸਿੱਧਾ ਰਸਤਾ ਕੌਣ ਦੱਸੇਗਾ ?

ਮਾਨ ਸਿੰਘ ਝੌਰ ਜੀ ਦੱਸਦੇ ਹਨ ਕਿ ਮੈਂ ਕਈ ਵੇਰਾਂ "ਗੁਰਮਤਿ" ਦੇ ਸਟੇਜ ਤੋਂ ਇਹ ਅੱਖਰ ਸੁਣਦਾ ਹਾਂ ਕਿ ਫਲਾਣਾ ਬੜਾ ਬੁਲਾਰਾ ਤੇ ਮੈਨੂੰ ਇਹ ਅੱਖਰ ਕਤਲ ਕਰ ਜਾਂਦੇ ਨੇ। ਬੜੇ ਰੁੱਖੇ ਨੇ ਇਹ ਲਫਜ਼, ਮੈਂ ਬੜਾ ਔਖਾ ਹੁੰਦਾ ਹਾਂ, ਪਰ ਮੈਂ ਕੁਝ ਕਰ ਨਹੀਂ ਸਕਦਾ ? ਕੋਈ ਰਾਜਨੀਤਕ ਲੀਡਰ, ਉਹਦੇ ਵਾਸਤੇ ਤੇ ਕਿਹਾ ਜਾ ਸਕਦਾ ਕਿ ਇਹ ਅਮਰੀਕਾ ਦੇ ਬੁਲਾਰੇ ਨੇ ਇਉਂ ਬੋਲਿਆ! ਚਾਇਨਾ ਦੇ ਬੁਲਾਰੇ ਨੇ ਇਉਂ ਬੋਲਿਆ! ਜਿਨ੍ਹਾਂ ਨੂੰ ਗੁਰਮਤਿ ਦਾ ਪਤਾ, ਉਹ ਇਹ ਬੜੀ ਚੰਗੀ ਤਰ੍ਹਾਂ ਜਾਣਦੇ ਨੇ ਕਿ ਗੁਰਮਤਿ ਦੇ ਅਨੁਸਾਰ "ਸ੍ਰੀ ਗੁਰੂ ਗ੍ਰੰਥ ਸਾਹਿਬ" ਜੀ ਦਾ ਪਾਠ ਪੜ੍ਹਨਾ ਤੇ ਪੜ੍ਹ ਕੇ ਸੁਣਾਉਣਾ। ਔਰ ਕਥਾ ਕਰਨੀ, ਕਰਕੇ ਸੁਣਾਉਣੀ। ਕੀਰਤਨ ਕਰਨਾ ਤੇ ਕਰਕੇ ਸੁਣਾਉਣਾ। ਗੁਰਮਤਿ ਲਈ ਇਸ ਦਾ ਨਾਮ ਸਿਮਰਨ ਹੈ। ਇਹ ਬੁਲਾਰਾਪਨ ਨਹੀਂ, ਇਹ ਸਿਮਰਨ ਹੈ। ਔਰ ਸਿਮਰਨ ਦਾ ਬੜਾ ਬੇਹਤਰੀਨ ਯੁਗ ਹੈ, ਬੜਾ ਬੇਹਤਰੀਨ ਅੰਗ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਆਨੰਤ ਵੇਰਾਂ ਸਾਧ-ਸੰਗਤਿ ਦਾ ਜ਼ਿਕਰ ਆਇਆ। ਨਾਨਕ-ਨਿਰੰਕਾਰੀ ਦੇ ਜੀਵਨ ਵਿਚ ਆਨੰਤ ਵੇਰਾਂ ਸਾਧ-ਸੰਗਤਿ ਦਾ ਜ਼ਿਕਰ ਆਇਆ। ਇਹ ਸਿਮਰਨ ਹੈ, ਇਹ ਹੋਕਾ ਦੇਣਾ ਨਹੀਂ, ਇਹ ਗੱਪ-ਗਪੌੜਾ ਨਹੀਂ। ਜਿੰਨ੍ਹਾ ਚਿਰ ਦਿੱਲ ਨਾ-ਪਾਕ ਹੈ, ਓਨਾ ਚਿਰ ਮੇਰੇ ਸਿਜਦੇ ਤੇਰਾ ਕੁਝ ਨਹੀਂ ਸਵਾਰਣਗੇ।

"ਲਖ ਸਾਸਤ ਸਮਝਾਵਣੀ
ਲਖ ਪੰਡਿਤ ਪੜਹਿ ਪੁਰਾਣ ॥"

ਦੁਨੀਆਂ ਦੇ ਕੰਮ ਹੀ ਇਹਨੂੰ ਲੈਂਦੇ ਹਨ। ਕੰਮ ਕਰ-ਕਰਕੇ, ਦਿਲੋਂ ਜਾਨ

ਨਾਲ ਕਰ-ਕਰਕੇ, ਸਵੇਰੇ-ਸ਼ਾਮ ਕੰਮ ਕਰ-ਕਰਕੇ, ਲੱਖਾਂ ਰੁਪਈਏ ਖੱਟ ਲਈਏ!

"ਲਖ ਸੰਜੀਅਹਿ"

ਉਹਨਾਂ ਵਿਚੋਂ ਫਿਰ ਲੱਖਾਂ ਜਮ੍ਹਾਂ ਵੀ ਕਰ ਲਈਏ। ਆਪਣਾ ਆਸਾਸਾ ਵੀ ਬਣਾ ਲਈਏ, ਪਿਛਲੀ ਉਮਰ ਦਾ ਆਸਰਾ ਵੀ ਬਣਾ ਲਈਏ!

"ਲਖ ਖਟੀਅਹਿ ਲਖ ਸੰਜੀਅਹਿ

ਖਾਜਹਿ ਲਖ ॥"

ਉਹਨਾਂ ਕਮਾਇਆਂ ਹੋਇਆਂ ਵਿਚੋਂ ਲੱਖਾਂ ਖਾ ਵੀ ਲਈਏ।

"ਆਵਹਿ ਲਖ ਜਾਹਿ।"

ਲੱਖਾਂ ਹੀ ਤੈਨੂੰ ਆਉਂਦੇ ਹੋਣ, ਲੱਖਾਂ ਹੀ ਤੈਨੂੰ ਜਾਂਦੇ ਹੋਣ। ਆਹ ਮਕਾਨਾਂ ਦਾ ਕਿਰਾਇਆ ਅੱਜ ਆ ਗਿਆ, ਆਹ ਜ਼ਮੀਨ ਦੀ ਗਡਾਈ ਅੱਜ ਆ ਗਈ, ਆਹ ਫਲਾਣੇ ਦੀ ਜਗੀਰ ਦਾ ਹਿੱਸਾ ਅੱਜ ਆ ਗਿਆ। ਲੱਖਾਂ ਹੀ ਆਉਂਦੇ ਹੋਣ ਤੇ ਲੱਖਾਂ ਹੀ ਜਾਂਦੇ ਹੋਣ!

"ਜਾਂ ਪਤਿ ਲੇਖੈ ਨਾ ਪਵੈ

ਤਾਂ ਸਭੇ ਕੁਪਰਵਾਣ ॥"

ਜੇ ਵਾਹਿਗੁਰੂ ਦੇ ਦਰਬਾਰ ਵਿਚ ਤੇਰੀ ਲੇਖੇ ਪੱਤ ਨਾ ਨਾ ਪਈ ਤੇ ਮਿੱਤਰਾ! ਸਾਰੇ ਕੰਮ ਨਿਸਫਲ ਨੇ, ਨਿਕੰਮੇ ਨੇ, ਨਿਰਾਰਥੱਕ ਨੇ। ਇਹਦਾ ਕੋਈ ਵੀ ਕੰਮ ਨਹੀਂ ਸਿਰੇ ਚੜ੍ਹਨਾ। ਜਿੰਨੇ ਮਰਜ਼ੀ ਤੂੰ ਕੰਮ ਕਰ ਲੈ, ਪਰ ਜਿੰਨਾ ਚਿਰ ਵਾਹਿਗੁਰੂ ਦੇ ਦਰਬਾਰ ਵਿਚ ਤੇਰੀ ਪੱਤ ਲੇਖੇ ਨਾ ਪਈ ਉਤਨਾ ਚਿਰ ਤੇਰੇ ਬਾਕੀ ਦੇ ਸਾਰੇ ਕੰਮ ਫਜ਼ੂਲ ਨੇ!

ਸੋ ਸਾਧ-ਸੰਗਤਿ ਜੀ! ਜਿੰਨੇ ਵੀ ਆਏ ਹੋ ਅੱਜ ਝੋਲੀ ਭਰ ਕੇ ਜਾਣਾ ਕਿ ਤੁਸੀਂ ਮਨਮਤੀਆ ਨਹੀਂ, ਗੁਰਮਤੀਆ ਸੰਤ, ਗੁਰਮਤੀਆ ਸਿੰਘ ਬਣਨ ਦੀ ਕੋਸ਼ਿਸ਼ ਕਰਨੀ ਹੈ। ਜਿਸ ਵਿਚ ਆਪਣੇ ਆਪ ਨੂੰ ਮਾਰਨ ਦੀ ਸ਼ਕਤੀ ਹੈ, ਵਾਹਿਗੁਰੂ ਨੂੰ ਹਾਸਿਲ ਕਰਨ ਦੀ ਸ਼ਕਤੀ ਹੈ। ਔਰ ਕੋਈ ਵੀ ਕੰਮ ਤੁਸੀਂ ਕਰੋ, ਪਹਿਲਾਂ ਵਾਹਿਗੁਰੂ ਦੇ ਦਰਬਾਰ ਜਾਉ, ਆਪਣੀ ਪੱਤ ਲੇਖੇ ਪਾਉ, ਤਾਂਕਿ ਤੁਹਾਡੇ ਸਾਰੇ ਕੰਮ ਨਿਰਾਰਥਕ, ਨਿਸਫਲ ਨਾ ਜਾਣ।

"ਪਾਪ ਤੇ ਪੁੰਨ ਦੀ ਸੱਚਾਈ"

"ਸ੍ਰੀ ਗੁਰੂ ਗ੍ਰੰਥ ਸਾਹਿਬ ਜੀ" ਇਕ ਐਸੀ ਬਾਣੀ ਹੈ ਜਿਸ ਵਿਚ ਆਦਿ ਤੋਂ ਅੰਤ ਤੱਕ ਸਿਰਫ਼ "ਨਾਮ" ਦੀ ਚਰਚਾ ਹੈ। ਇਸ ਵਿਚ ਕਿਸੇ ਰਾਜੇ, ਮਹਾਰਾਜੇ ਦੇ ਨਾਮ ਦਾ ਜ਼ਿਕਰ ਨਹੀਂ। ਅੱਜ ਅਸੀਂ ਗਿਆਨੀ ਮਾਨ ਸਿੰਘ ਝੌਰ ਜੀ ਕੋਲੋਂ "ਹਰਿ ਦੇ ਨਾਮ ਦੀ ਅਰਾਧਨਾ" ਦੀ ਮਹੱਤਤਾ ਬਾਰੇ ਗਿਆਨ ਹਾਸਿਲ ਕਰਾਂਗੇ!

"ਤੁਧੁ ਆਗੈ ਅਰਦਾਸਿ ਹਮਾਰੀ
ਜੀਉ ਪਿੰਡੁ ਸਭੁ ਤੇਰਾ ॥
ਕਹੁ ਨਾਨਕ ਸਭ ਤੇਰੀ ਵਡਿਆਈ
ਕੋਈ ਨਾਉ ਨ ਜਾਣੈ ਮੇਰਾ ॥" (ਪੰਨਾ ੩੮੩)

"ਕਬੀਰ ਮੇਰਾ ਮੁਝ ਮਹਿ ਕਿਛੁ ਨਹੀ
ਜੋ ਕਿਛੁ ਹੈ ਸੋ ਤੇਰਾ ॥
ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥" (ਪੰਨਾ ੧੩੭੫)
"ਹਲਤਿ ਪਲਤਿ ਹਰਿ ਹੋਇ ਸਖਾਈ"
ਹਲਤ ਪਲਤ !

ਗਰੀਬ ਨਿਵਾਜ ਗੁਰੂ ਕੀ ਸੰਗਤ ਜੀ, ਸ਼ਬਦ ਦੇ ਪਹਿਲੇ ਅੱਖਰ ਇਹ ਨੇ ਜਿਥੇ :

"ਜਿਥੈ ਹਰਿ ਆਰਾਧੀਐ
ਤਿਥੈ ਹਰਿ ਮਿਤੁ ਸਹਾਈ ॥" (ਪੰਨਾ ੭੩੩)

"ਹਰਿ ਪ੍ਰਮਾਤਮਾ" ਨੂੰ ਮਿੱਤਰ ਲਿਖਿਆ ਹੈ, ਸੱਜਣ ਲਿਖਿਆ ਹੈ। ਔਰ ਗੁਣ ਉਹਦੇ ਵਿਚ ਇਹ ਬਿਆਨ ਕੀਤਾ ਹੈ, ਸਿਫਤ ਉਹਦੇ ਵਿਚ ਇਹ ਬਿਆਨ ਕੀਤੀ ਹੈ ਕਿ ਜਿਥੇ ਕਿਤੇ ਵੀ ਅਰਾਧਨਾ ਕਰੀਏ, ਜਿਥੇ ਕਿਤੇ ਵੀ ਉਹਨੂੰ ਯਾਦ ਕਰੀਏ। ਔਖੇ ਭਾਰੇ ਵੇਲੇ, ਮੁਸੀਬਤਾਂ-ਦੁੱਖਾਂ ਵੇਲੇ ਜਿਥੇ ਵੀ ਯਾਦ ਕਰੀਏ, ਉਹ ਮਿੱਤਰ ਉਥੇ ਹੀ ਸਹਾਇਕ ਹੋ ਜਾਂਦਾ ਹੈ। ਸ੍ਰੀ ਰਾਗ ਮਹਲਾ ੫ ਦੀ ਅਸਟਪਦੀ ਤੁਸੀਂ ਬੜੀ ਵੇਰਾਂ ਸੁਣੀ ਹੈ। ਵਾਹਿਗੁਰੂ ਨਿੱਤ ਤੁਹਾਡੇ ਨਸੀਬ ਕਰੇ!

"ਜਾ ਕਉ ਮੁਸਕਲੁ ਅਤਿ ਬਣੈ
ਢੋਈ ਕੋਇ ਨ ਦੇਇ ॥

ਲਾਗੂ ਹੋਏ ਦੁਸਮਨਾ
ਸਾਕ ਭਿ ਭਜਿ ਖਲੇ ॥
ਸਭੋ ਭਜੈ ਆਸਰਾ
ਚੁਕੈ ਸਭੁ ਅਸਰਾਉ ॥ (ਪੰਨਾ ੭੦)

ਐਸੀ ਭੈੜੀ ਹਾਲਤ ਵਿਚ ਚਿੱਤ ਆਵੇ ਉਸ ਪਾਰਬ੍ਰਹਮ ਤਾਂ ਲੱਗੇ ਨਾ ਤੱਤੀ ਵਾਅ !

ਦੇਸ਼-ਪਰਦੇਸ਼, ਦਿਨੇ-ਰਾਤ, ਸੁੱਖ ਵਿਚ, ਦੁੱਖ ਵਿਚ, ਮੁਸੀਬਤਾਂ ਵਿਚ, ਬਿਪਤਾਂ ਵਿਚ ਜਦੋਂ ਵੀ ਉਹਨੂੰ ਅਰਾਧੀਏ, ਉਹ ਮਿੱਤਰ ਸਹਾਇਤਾ ਕਰਦਾ ਹੈ!

"ਗੁਰ ਕਿਰਪਾ ਤੇ ਹਰਿ ਮਨਿ ਵਸੈ
ਹੋਰਤੁ ਬਿਧਿ ਲਇਆ ਨ ਜਾਈ ॥ (ਪੰਨਾ ੭੩੪)

ਔਰ ਗੁਰੂ ਦੀ ਕਿਰਪਾ ਬਿਨਾਂ ਉਹ ਮਿੱਤਰ ਮਨ ਵਿਚ ਨਹੀਂ ਵੱਸਦਾ। ਹੋਰ ਕਿੰਨੀਆਂ ਬਿਧਾਂ, ਹੋਰ ਕਿੰਨੇ ਉਪਾਇ, ਕਿੰਨੇ ਤਰੀਕੇ, ਕਿੰਨੀਆਂ ਜੁਗਤੀਆਂ ਕੋਈ ਵਰਤ ਲਏ, ਉਹ ਕਾਮਯਾਬ ਨਹੀਂ ਹੁੰਦੀਆਂ। ਜੁਗਤੀਆਂ, ਉਕਤੀਆਂ, ਚੰਚਲਤਾਵਾਂ ਨਾਲ ਉਹ ਮਨ ਵਿਚ ਨਹੀਂ ਵੱਸਦਾ ! ਗੁਰੂ ਦੀ ਰਹਿਮਤ, ਗੁਰੂ ਦੀ ਕਿਰਪਾ, ਗੁਰੂ ਦੀ ਦਿਆਲਤਾ ਨਾਲ ਉਹ ਮਨ ਵਿਚ ਵੱਸਦਾ ਹੈ। ਇਸ ਕਰਕੇ ਸਾਹਿਬ "ਰਹਾਉ" ਦੀ ਤੁੱਕ ਵਿਚ ਕਹਿੰਦੇ ਹਨ :

"ਹਰਿ ਧਨੁ ਸੰਚੀਐ ਭਾਈ ॥"

ਹੇ ਭਾਈ, ਹੇ ਮਿੱਤਰ, ਹੇ ਵੀਰ, ਹੇ ਸੱਜਣ ਚਾਹੀਦਾ ਹੈ ਸਾਨੂੰ ਕਿ ਅਸੀਂ ਵਾਹਿਗੁਰੂ ਦੇ ਨਾਮ ਦਾ ਧਨ ਇਕੱਠਾ ਕਰੀਏ ! ਜਿਥੇ ਅਸੀਂ ਦੁਨੀਆਂ ਦਾ ਧਨ ਇਕੱਠਾ ਕਰਨ ਵਾਸਤੇ ਬੜੀ ਸੂਝ-ਬੂਝ ਨਾਲ ਕੰਮ ਲੈਂਦੇ ਹਾਂ, ਚਾਰ-ਚੁਫੇਰਾ ਸਾਡੇ ਸਾਹਮਣੇ ਹੁੰਦਾ ਹੈ ਔਰ ਅਸੀਂ ਆਪਣੇ ਮਨ ਨੂੰ ਸਮਝਾਉਂਦੇ ਹਾਂ। ਮਨਾਂ, ਕੌਡੀਆਂ ਚਾਰ ਜਮ੍ਹਾਂ ਕਰ ਲੈ, ਧੀਆਂ ਪੁੱਤ ਪੜ੍ਹਾਉਣੇ ਨੇ, ਧੀਆਂ-ਪੁੱਤ ਵਿਆਹੁਣੇ ਨੇ, ਰਿਸ਼ਤੇਦਾਰਾਂ ਨੂੰ ਮਿਲਣਾ ਹੈ। ਦੁੱਖ-ਸੁੱਖ ਵੀ ਆਉਂਦੇ ਨੇ, ਤਾਪ ਵੀ ਵਿਆਪਦੇ ਰਹਿੰਦੇ ਨੇ। ਜਿਹੜੇ ਕਾਲੇ ਵੇਲੇ ਨੇ-ਨਾ, ਕਾਲਾ ਸਮਾਂ, ਮਾੜਾ ਸਮਾਂ ਪਤਾ ਨਹੀਂ ਉਹਨੇ ਕਦੋਂ ਆ ਜਾਣਾ ? ਤੇ ਉਸ ਵੇਲੇ ਵੀ ਧਨ ਦੀ ਲੋੜ ਪੈਂਦੀ ਹੈ ਮਨਾਂ, ਕੌਡੀਆਂ ਚਾਰ ਬਣਾ ਲੈ ! ਸਾਹਿਬ ਕਹਿੰਦੇ ਨੇ ਜਿਸ ਤਰ੍ਹਾਂ ਤੁਸੀਂ ਕੌਡੀ-ਕੌਡੀ ਕਰਕੇ, ਥੋੜੀ-ਥੋੜੀ ਕਰਕੇ ਅਰਥਾਤ ਕਿਰਸ ਕਰਕੇ ਸੰਸਾਰੀ ਧਨ ਜਮ੍ਹਾਂ ਕਰ ਲੈਂਦੇ ਹੋ, ਏਸੇ ਤਰ੍ਹਾਂ ਕਿਰਸ ਕਰਕੇ ਨਾਮ ਧਨ ਵੀ ਇਕੱਠਾ ਕਰੋ ! ਇਸ ਕਰਕੇ ਹਰਿ ਦੇ ਨਾਮ ਦਾ ਧਨ ਵੀ ਇਕੱਠਾ ਕਰੀਏ !

"ਜਿ ਹਲਤਿ ਪਲਤਿ ਹਰਿ ਹੋਇ ਸਖਾਈ ॥"

ਹਲਤ ਦਾ ਅਰਥ ਹੈ ਇਹ ਦੁਨੀਆਂ ਤੇ ਪਲਤ ਦਾ ਅਰਥ ਹੈ ਦੂਜੀ ਦੁਨੀਆਂ, ਦੂਜਾ ਜਨਮ। ਜਿਹੜਾ ਇਸ ਜਨਮ ਵਿਚ ਤੇ ਅਗਲੇ ਜਨਮ ਵਿਚ ਵੀ ਸਾਡੀ

ਸਹਾਇਤਾ ਕਰੇ, ਐਸਾ ਜੋ ਧਨ ਹੈ ਉਸ ਧਨ ਨੂੰ ਇਕੱਠਿਆਂ ਕਰੋ ! ਉਸ ਧਨ ਨੂੰ ਸੰਗ੍ਰਹਿ ਕਰੋ ! ਉਸ ਧਨ ਨੂੰ ਇਕੱਤਰ ਕਰੋ । ਸਾਹਿਬ ਨਾਨਕ-ਨਿਰੰਕਾਰੀ, ਬੇਦੀ ਪਾਤਿਸ਼ਾਹ ਦੇ ਜੀਵਨ ਵੱਲ ਧਿਆਨ ਮਾਰੀਏ ਤਾਂ ਆਪ ਭਗਵੇ ਕੱਪੜੇ ਪਾ ਕੇ, ਜਗਤ ਦੇ ਭਲੇ ਵਾਸਤੇ, ਆਪਣਾ ਸਾਰਾ ਸੁੱਖ-ਅਰਾਮ ਛੱਡ ਕੇ ਘਰੋਂ ਚਲੇ ਗਏ। ਇਕ ਸਾਥੀ ਆਪਣੇ ਨਾਲ ਲਿਆ ਤੇ ਪੜਾਅ ਕੀਤਾ ! ਪਹਿਲਾ ਪੜਾਅ ਇਹ ਸੀ ਕਿ ਸੰਸਾਰੀ ਲੋਕਾਂ ਨੂੰ ਪਤਾ ਲੱਗਾ ਨਾਨਕ-ਨਿਰੰਕਾਰੀ ਆਇਆ, ਮਹਿਤਾ ਕਾਲੂ ਚੰਦ ਦਾ ਪੁੱਤਰ ਆਇਆ । ਜਿਥੇ-ਜਿਥੇ ਖਬਰ ਗਈ ਲੋਕੀਂ ਹੁੰਮ-ਹੁੰਮਾ ਕੇ ਆ ਗਏ ਦਰਸ਼ਨ ਕਰਨ ! ਸੰਗਤ ਬੇਅੰਤ ਜਮ੍ਹਾਂ ਹੋ ਜਾਣ ਦੇ ਕਾਰਨ ਸਾਹਿਬਾਂ ਨੇ ਅਕਾਲ ਪੁਰਖ ਦਾ ਬਚਨ, ਕਲਿਆਣਕਾਰੀ ਬਚਨ, ਮੁਕਤੀ ਦਾਤਾ ਬਚਨ, ਸ਼ਾਂਤੀ ਦੇਣ ਵਾਲਾ, ਠੰਢ ਦੇਣ ਵਾਲਾ ਬਚਨ ਆਪਣੀ ਰਸਨਾ ਵਿਚੋਂ ਲੋਕਾਂ ਦੇ ਭਲੇ ਵਾਸਤੇ ਉਚਾਰਨ ਕੀਤਾ :

"ਮੇਰੇ ਪਿਆਰਿਆ ਜੀ ਰੰਗ ਮਾਣਿ ਲੈ
ਮੇਰੇ ਪਿਆਰਿਆ ਜੀ ਰੰਗੁ ਮਾਣਿ ਲੈ"

ਸਾਹਿਬ ਦੀ ਰਸਨਾ ਵਿਚੋਂ ਇਹ ਅੱਖਰ ਨਿਕਲੇ ਨੇ :

"ਧਨੁ, ਜੋਬਨੁ ਅਰੁ ਫੁਲੜਾ"

ਸਾਹਿਬ ਕਹਿੰਦੇ ਨੇ ਇਹ ਧਨ, ਕੱਚਾ ਧਨ, ਦੁਨਿਆਵੀ ਧਨ, ਇਹ ਇਕ ਜੋਬਨ ਜਵਾਨੀ, ਜਿਸ ਜਵਾਨੀ ਦੇ ਹੁਲਾਰੇ ਵਿਚ ਆਦਮੀ ਭੈੜੇ ਤੋਂ ਭੈੜਾ ਕੰਮ ਕਰਨ ਵਿਚ ਵੀ ਲੱਜਾ ਨਹੀਂ ਕਰਦਾ, ਸੰਗਦਾ ਨਹੀਂ ਤੇ ਫੁੱਲੜਾ ਅਰਥਾਤ ਫੁੱਲ ਦਾ ਖੇੜਾ, ਜਵਾਨੀ ਦਾ ਹੁਲਾਰਾ ਤੇ ਧਨ ਜਿਸ ਦੇ ਉਪਰ ਤੂੰ ਬੜਾ ਮਾਣ ਕਰ ਰਿਹਾ ਹੈਂ, ਇਹ ਤਿੰਨੇ ਚੀਜ਼ਾਂ ਜਿਹੜੀਆਂ ਨੇ, ਸਾਹਿਬ ਕਹਿੰਦੇ ਨੇ ਨਾਠੀਅੜੇ ! ਪੁਣਸ਼ ਦੇ ਇਲਾਕੇ ਵਿਚ ਪ੍ਰਾਹੁਣੇ ਨੂੰ "ਨਾਠੀ" ਕਹਿੰਦੇ ਨੇ ! ਪ੍ਰਾਹੁਣਾ ਭਾਵੇਂ ਚਾਰ ਕਰੋੜ ਨਾਲ ਭਰੇ ਹੋਏ ਘਰ ਵਿਚ ਗਿਆ ਹੋਵੇ । ਜਿਸ ਘਰ ਵਿਚ ਕਿਸੇ ਚੀਜ਼ ਦਾ ਘਾਟਾ ਨਾ ਹੋਵੇ । ਉਹ ਪ੍ਰਾਹੁਣੇ ਨੂੰ ਪਤਾ ਹੁੰਦਾ ਹੈ ਕਿ ਮੈਂ ਇਥੇ ਸਦਾ ਨਹੀਂ ਰਹਿਣਾ, ਮੈਂ ਤੇ ਚਲੇ ਈ ਜਾਣਾ । ਜਿਵੇਂ ਪਰ ਘਰ ਗਿਆ ਹੋਇਆ ਪ੍ਰਾਹੁਣਾ, ਆਪਣੇ ਆਪ ਨੂੰ ਸਮਝਦਾ ਕਿ ਮੈਂ ਚਲੇ ਜਾਣਾ । ਇਸ ਤਰ੍ਹਾਂ ਧਨ, ਜੋਬਨ ਸਦਾ ਰਹਿਣ ਵਾਲੀਆਂ ਚੀਜ਼ਾਂ ਨਹੀਂ। ਇਹਨਾਂ ਵੀ ਇਕ ਦਿਨ ਚਲੇ ਹੀ ਜਾਣਾ। ਇਹਨਾਂ ਨੇ ਨੱਠ ਜਾਣਾ, ਇਹਨਾਂ ਨੇ ਦੌੜ ਜਾਣਾ। ਕੋਸ਼ਿਸ਼ ਕਰਕੇ ਪਕੜਿਆਂ ਵੀ ਇਹਨਾਂ ਨੇ ਕੋਲ ਨਹੀਂ ਰਹਿਣਾ ! ਇਹਨਾਂ ਵਾਸਤੇ ਸਾਹਿਬਾਂ ਨੇ ਵੀ ਅੱਖਰ ਵਰਤੇ ਨੇ ਕਿ ਇਹ ਇਕ ਚੌਂਹ ਦਿਨਾਂ ਦਾ ਹੀ ਹੁਲਾਰਾ ਹੈ। ਇਹ ਚੌਂਹ ਕੁ ਦਿਨਾਂ ਦੀ ਮਸਤੀ ਹੈ, ਇਹ ਸਦਾ ਰਹਿਣ ਵਾਲੀਆਂ ਚੀਜ਼ਾਂ ਨਹੀਂ। ਮਾਨ ਸਿੰਘ ਝੌਰ ਜੀ ਕਹਿੰਦੇ ਅੱਜ ਮੇਰੇ ਕਮਰੇ ਵਿਚ ਬੈਠਿਆਂ-ਬੈਠਿਆਂ ਹੀ ਬਚਨ ਹਿੱਲਿਆ ਸੀ ਕਿ ਪਾਂਡਵਾਂ ਨੂੰ ਪੈ ਗਿਆ ਵਖਤ! ਜੰਗਲਾਂ ਵਿਚ ਉਹਨਾਂ ਨੂੰ ਰਹਿਣਾ ਪੈ ਗਿਆ । ਅਸੀਂ ਸਭ

ਕੁਝ ਜਾਣਦੇ ਹੋਏ, ਸਭ ਕੁਝ ਸੁਣਦੇ ਹੋਏ ਫੇਰ ਗੁਮਰਾਹ, ਫੇਰ ਅਵੇਸਲੇ ਹਾਂ। ਔਰ ਫਿਰਦਿਆਂ-ਫਿਰਦਿਆਂ ਨੂੰ ਪਿਆਸ ਲੱਗੀ। ਸਭ ਤੋਂ ਪਹਿਲਾਂ ਅਰਜਨ ਨੂੰ ਪਤਾ ਲੱਗਾ ਕਿ ਫਲਾਣੇ ਥਾਂ ਪਾਣੀ ਹੈ, ਪੀ ਆਈਏ, ਸਰੋਵਰ ਹੈ ਕੋਈ। ਬੜਾ ਜਵਾਨ ਮਰਦ ਬਹਾਦੁਰ ਸੀ। ਪਾਣੀ ਪੀਣ ਲੱਗਾ ਤੇ ਕੋਈ ਅਵਾਜ਼ ਆਈ ਉਸ ਨੂੰ ਕਿ ਪਾਣੀ ਨਾ ਪੀ ! ਤੇਰਾ ਨੁਕਸਾਨ ਹੋਵੇਗਾ ਤੇ ਤਦ ਪੀਵੀਂ ਜਦੋਂ ਮੇਰੇ ਸਵਾਲਾਂ ਦਾ ਜਵਾਬ ਦੇ ਦੇਵੇਂ ! ਅਰਜਨ ਸੀ ਬੜਾ ਬਹਾਦੁਰ, ਨਿਸ਼ਾਨੇਬਾਜ਼ ! ਉਹਨੇ ਉਸ ਅਵਾਜ਼ ਦੀ ਪ੍ਰਵਾਹ ਨਾ ਕੀਤੀ ਤੇ ਪਾਣੀ ਪੀ ਲਿਆ। ਨਤੀਜਾ ਇਹ ਹੋਇਆ ਕਿ ਉਹ ਮਰ ਗਿਆ। ਦੂਜਾ ਭਰਾ ਗਿਆ, ਤੀਜਾ ਭਰਾ ਗਿਆ, ਜਿਹੜਾ ਪਾਣੀ ਪੀਵੇ ਉਹੀ ਮਰ ਜਾਏ ! ਅਵਾਜ਼ ਦੀ ਪ੍ਰਵਾਹ ਨਾ ਕਰੇ, ਪਾਣੀ ਪੀਵੇ ਤੇ ਮਰ ਜਾਏ। ਇਕੋ-ਇਕ ਰਹਿ ਗਿਆ ਯੁਧਿਸ਼ਟਰ ! ਉਹ ਵੀ ਪਾਣੀ ਪੀਣ ਗਿਆ। ਉਹਨੂੰ ਵੀ ਇਹ ਅਵਾਜ਼ ਆਈ ਤੇ ਯੁਧਿਸ਼ਟਰ ਨੇ ਜਵਾਬ ਦਿੱਤਾ ਕਿ ਜੀਊਣ ਵਾਲਾ ਤੇ ਵੈਸੇ ਹੀ ਕੋਈ ਨਹੀਂ ਰਿਹਾ, ਘਰ-ਘਾਟ ਖੁੱਸ ਗਿਆ, ਰਾਜ ਖੁੱਸ ਗਿਆ। ਜੰਗਲਾਂ ਵਿਚ ਭੱਜੇ ਫਿਰਨੇ ਸਾਂ, ਭਰਾ ਸੀ ਉਹ ਵੀ ਮਰ ਗਏ ! ਜੀਊਣ ਦਾ ਤੇ ਹੱਜ ਹੀ ਨਹੀਂ ਰਿਹਾ, ਪਰ ਤੂੰ ਆਪਣੇ ਸਵਾਲ ਪੁੱਛ ਕੀ ? ਸਤਾਰਾਂ ਸਵਾਲ ਪੁੱਛੇ ਸੀ ਉਸ ਨੇ, ਪਰ ਮੈਂ ਤੁਹਾਨੂੰ ਇਕ ਦਾ ਜ਼ਿਕਰ ਸੁਣਾਉਂਦਾ ਹਾਂ। ਉਸ ਅਵਾਜ਼ ਨੇ ਪੁੱਛਿਆ, "ਦੁਨੀਆਂ ਵਿਚ ਸਭ ਤੋਂ ਅਚਰਜ, ਹੈਰਾਨ ਕਰ ਦੇਣ ਵਾਲੀ ਤੇ ਸਭ ਤੋਂ ਪਰੇਸ਼ਾਨ ਕਰ ਦੇਣ ਵਾਲੀ ਗੱਲ ਕਿਹੜੀ ਹੈ ?" ਮਾਨ ਸਿੰਘ ਝੌਰ ਜੀ ਕਹਿੰਦੇ ਹਨ ਕਿ ਦੇਖੋ ਸਵਾਲ ਕਾਹਦਾ, ਇਨ੍ਹਾਂ ਚੀਜ਼ਾਂ ਵੱਲ ਅਸੀਂ ਧਿਆਨ ਨਹੀਂ ਦਿੰਦੇ। ਦਾਨਿਆਂ-ਪਰਦਾਨਿਆਂ ਦੀਆਂ ਚੀਜ਼ਾਂ ਹਨ, ਇਹ ਤੱਕੜੀ ਨਾਲ ਤੋਲੀਆਂ ਹੋਈਆਂ, ਕੀਮਤੀ ਹੀਰੇ ਨੇ ਇਹ ਵੇਲੇ ਸਿਰ ਕੰਮ ਆਉਣ ਵਾਲੇ, ਪਰ ਅਸੀਂ ਧਿਆਨ ਨਹੀਂ ਦਿੰਦੇ ! ਅਵਾਜ਼ ਨੇ ਫਿਰ ਪੁੱਛਿਆ, "ਐ ਯੁਧਿਸ਼ਟਰ ! ਸਭ ਤੋਂ ਹੈਰਾਨੀ ਵਾਲੀ ਗੱਲ ਕਿਹੜੀ ਹੈ ?" ਧਨ ਦਾ ਕੋਲ ਆਉਣਾ ਕੋਈ ਹੈਰਾਨੀ ਨਹੀਂ, ਕੋਲੋਂ ਚਲਿਆ ਜਾਣਾ ਕੋਈ ਹੈਰਾਨੀ ਨਹੀਂ। ਜਵਾਨੀ ਆਈ ਚਲੀ ਗਈ, ਕੋਈ ਹੈਰਾਨੀ ਨਹੀਂ। ਲੋਕੀਂ ਮੌਤ ਕੋਲੋਂ ਬੜਾ ਘਬਰਾਉਂਦੇ ਨੇ, ਮੌਤ ਨੇ ਆਉਣਾ ਹੀ ਹੈ, ਇਨਸਾਨ ਨੇ ਜਾਣਾ ਹੀ ਹੈ ! ਕੋਈ ਹੈਰਾਨੀ ਨਹੀਂ। ਅਵਾਜ਼ ਨੇ ਫਿਰ ਕਿਹਾ ਕਿ ਮੈਨੂੰ ਦੱਸ ਦੁਨੀਆਂ ਤੇ ਸਭ ਤੋਂ ਹੈਰਾਨੀ ਵਾਲੀ ਗੱਲ ਕੀ ਹੈ ? ਤੇ ਯੁਧਿਸ਼ਟਰ ਕਹਿਣ ਲੱਗਾ, ਸਭ ਤੋਂ ਹੈਰਾਨ ਕਰ ਦੇਣ ਵਾਲੀ ਗੱਲ ਇਹ ਹੈ ਕਿ ਮਨੁੱਖ ਪੜ੍ਹ ਰਿਹਾ ਹੈ ਪਿਛਲੇ ਇਤਿਹਾਸ ਨੂੰ ! ਬੜੇ-ਬੜੇ ਰਾਜੇ, ਮਹਾਰਾਜੇ, ਚੱਕਰਵਤੀ, ਅਰਬਪਤੀ, ਖਰਬਪਤੀ, ਜ਼ਮੀਨਾਂ ਦੇ ਮਾਲਿਕ ਆਏ, ਕੋਈ ਨਹੀਂ ਰਿਹਾ, ਇਹ ਪੜ੍ਹ ਰਿਹਾ ਹੈ ਤੇ ਹੁਣ ਮੌਜੂਦਾ ਟਾਈਮ ਵਿਚ ਇਹ ਨੇਤਰਾਂ ਨਾਲ ਵੀ ਵੇਖ ਰਿਹਾ ਹੈ ਭਈ ਜਿਹੜੇ ਮੇਰੇ ਸੰਗੀ ਸਾਥੀ ਨੇ, ਮੇਰੇ ਵੇਖਦਿਆਂ ਹੀ ਉਹ ਤੁਰੇ ਜਾ ਰਹੇ ਨੇ ! ਔਰ ਇਹ ਵੀ ਇਹ ਸੁਣਦਾ ਦਾਨਿਆਂ ਕੋਲੋਂ ਕਿ ਰਹਿਣਾ ਮੈਂ ਵੀ ਨਹੀਂ। ਇਹ ਸੁਣਦਿਆਂ ਹੋਇਆਂ, ਪਿਛਲਿਆਂ ਨੂੰ

ਚਲੇ ਗਏ ਵੇਖਦਿਆਂ ਹੋਇਆਂ, ਸੰਗੀ ਸਾਥੀਆਂ ਨੂੰ ਤੁਰੇ ਜਾਂਦੇ ਵੇਖਦਿਆਂ ਹੋਇਆਂ, ਇਹ ਫੇਰ ਵੀ ਜੀਵਨ ਦੀ ਆਸ ਕਰਦਾ ਹੈ, ਫੇਰ ਵੀ ਇਥੇ ਰਹਿਣ ਦੀ ਆਸ ਕਰਦਾ ਹੈ। ਸਭ ਤੋਂ ਜ਼ਿਆਦਾ ਹੈਰਾਨੀ ਦੀ ਗੱਲ ਇਹ ਹੈ ਕਿ ਇਸ ਨੂੰ ਅਜੇ ਵੀ ਜਿਉਣ ਦੀ ਵਧੇਰੇ ਲਾਲਸਾ ਹੈ। ਔਰ ਮਾਨ ਸਿੰਘ ਝੌਰ ਜੀ ਕਹਿੰਦੇ ਮੈਨੂੰ ਉਸੇ ਵੇਲੇ ਸਤਿਗੁਰਾਂ ਦਾ ਬਚਨ ਯਾਦ ਆ ਗਿਆ, ਜਦੋਂ ਮੈਂ ਇਹ ਬਚਨ ਪੜ੍ਹਿਆ :

"ਇਕਿ ਬਿਨਸੈ ਇਕ ਅਸਥਿਰੁ ਮਾਨੈ
ਅਚਰਜੁ ਲਖਿਓ ਨ ਜਾਈ ॥" (ਪੰਨਾ ੨੧੯)

ਹਜ਼ੂਰ ਕਹਿੰਦੇ ਨੇ ਇਕ ਫਨਾਅ ਫਿਲਾ ਹੋ ਰਿਹਾ ਹੈ। ਦੂਜਾ ਉਹਦੇ ਥਾਂ ਆਪਣੇ ਆਪ ਨੂੰ "ਅਵਰਹਿ" ਸਮਝ ਬੈਠਾ ਹੈ। ਇਹ ਇਕ ਐਸੀ ਅਚਰਜ ਗੱਲ ਹੈ, ਜਿਹੜੀ ਅਚਰਜਤਾ ਸਮਝ ਵਿਚ ਨਹੀਂ ਆ ਰਹੀ ! ਅਜੇ ਵੀ ਮਨੁੱਖ ਲੋਚਦਾ ਹੈ ਖਾਣ, ਜੀਵਨ ਦੀ ਬਹੁਤੀ ਆਸ। ਇਹ ਅਜੇ ਵੀ ਖਾਣ ਵਾਸਤੇ ਜਿਊਣਾ ਚਾਹੁੰਦਾ ਹੈ। ਇਹ ਅਜੇ ਵੀ ਲੰਬੀ ਉਮਰ ਦੀ ਖਾਹਿਸ਼ ਰੱਖਦਾ ਹੈ। ਗਰੀਬ-ਨਿਵਾਜ਼ ਸਾਹਿਬ ਸੱਚਾ ਪਾਤਿਸ਼ਾਹ ਲੋਕਾਂ ਦੇ ਭਲੇ ਵਾਸਤੇ ਬਚਨ ਕਹਿ ਰਿਹਾ ਹੈ :

"ਧਨੁ ਜੋਬਨੁ ਅਰੁ ਫੁਲੜਾ
ਨਾਠੀਅੜੇ ਦਿਨ ਚਾਰਿ ॥" (ਪੰਨਾ ੨੩)

ਹਜ਼ੂਰ ਦੱਸਦੇ ਨੇ ਕਿ ਸੰਸਕ੍ਰਿਤ ਵਿਚ ਪਦਮ ਦੇ ਅਰਥ ਨੇ "ਕਮਲ ਫੁੱਲ !" ਮੁਲਤਾਨੀ ਵਿਚ ਇਸ ਨੂੰ ਪਬਨੀ ਕਹਿੰਦੇ ਹਨ। ਉਹ ਜਿਹੜਾ ਕਮਲ ਫੁੱਲ ਹੈ ਨਾ ਟਾਹਣੀ ਵਿਚ ਪੈਦਾ ਹੁੰਦਾ ਹੈ। ਕਮਲ ਫੁੱਲ ਦੇ ਪੱਤੇ ਪਾਣੀ ਵਿਚੋਂ ਜੰਮਦੇ ਨੇ ! ਜਿਸ ਵੇਲੇ ਪਾਣੀ ਜਿਹੜਾ ਢੱਲ ਜਾਂਦਾ ਹੈ, ਪਾਣੀ ਜਿਹੜਾ ਥੱਲੇ ਹੋ ਜਾਂਦਾ ਹੈ, ਪਾਣੀ ਜਿਹੜਾ ਸੁੱਕਣਾ ਸ਼ੁਰੂ ਹੋ ਜਾਂਦਾ ਹੈ ਤੇ ਕਮਲ ਫੁੱਲ ਦੇ ਪੱਤੇ ਜਿਹੜੇ ਨੇ ਉਹ ਮੁਰਝਾਣੇ ਸ਼ੁਰੂ ਹੋ ਜਾਂਦੇ ਨੇ। ਜਿਉਂ-ਜਿਉਂ ਪਾਣੀ ਮੁੱਕਦਾ ਹੈ, ਤਿਉਂ-ਤਿਉਂ ਕੁਮਲਾਂਦੇ ਜਾਂਦੇ ਨੇ। ਇਧਰੋਂ ਪਾਣੀ ਖਤਮ ਹੋ ਜਾਂਦਾ ਹੈ ਤੇ ਉਧਰੋਂ ਕਮਲ ਫੁੱਲ ਦੇ ਪੱਤੇ ਤਬਾਹ ਅਤੇ ਬਰਬਾਦ ਹੋ ਜਾਂਦੇ ਨੇ ! ਜਿਸ ਤਰ੍ਹਾਂ ਪਬਨ ਦੇ ਪੱਤੇ, ਉਹਦੀਆਂ ਪੰਖੜੀਆਂ, ਉਹਦੀ ਮਕਰੰਦ, ਉਹਦਾ ਰਸ, ਉਹਦੀ ਸੁੰਗਧੀ ਸਦਾ ਨਹੀਂ ਰਹਿਣੀ। ਇਸੇ ਤਰ੍ਹਾਂ ਐ ਆਦਮੀ ਤੇਰਾ ਮਨੁੱਖ ਜੀਵਨ ਜਿਹੜਾ ਹੈ ਉਹ ਸਦਾ ਨਹੀਂ ਰਹਿਣਾ। ਇਸ ਵਾਸਤੇ ਸਾਹਿਬ ਸੱਚਾ ਪਾਤਿਸ਼ਾਹ ਫ਼ੁਰਮਾਉਂਦੇ ਨੇ :

"ਧਨੁ ਜੋਬਨੁ ਅਰੁ ਫੁਲੜਾ
ਨਾਠੀਅੜੇ ਦਿਨ ਚਾਰਿ ॥"

ਤੇ ਰਹਾਉ ਵਾਲੀ ਤੁੱਕ ਹੈ ਜਿਸ ਵਿਚ ਸਾਹਿਬ ਨੇ ਹੁਲਾਰਾ ਦਿੱਤਾ ਹੈ :

"ਮੇਰੇ ਪਿਆਰਿਆ ਜੀ.....,
ਰੰਗੁ ਮਾਣਿ ਲੈ ਜੀ ਪਿਆਰਿਆ
ਜਾ ਜੋਬਨੁ ਨਉ ਹੁਲਾ ॥" (ਪੰਨਾ ੨੩)

ਨਾਉ ਦਾ ਅਰਥ ਹੈ "ਨਵਾਂ।" ਔਰ ਹੁੱਲਾ ਦਾ ਅਰਥ ਹੈ ਹੁਲਾਰਾ। ਜਿੰਨਾ ਚਿਰ ਤੇਰੇ ਜੋਬਨ ਦਾ ਹੁਲਾਰਾ ਨਵਾਂ-ਨਰੋਆ ਹੈ, ਜਿੰਨਾ ਚਿਰ ਤੇਰੇ ਜੋਬਨ ਦੀ ਪੀਂਘ ਹੁਲਾਰੇ ਉਤੇ ਹੈ ਨਾ, ਉਨਾ ਚਿਰ ਕੁਕਰਮ ਛੱਡ ਕੇ, ਬੱਦੀਆਂ ਬਦਕਾਰੀਆਂ ਛੱਡ ਕੇ, ਵਾਹਿਗੁਰੂ ਦੇ ਨਾਮ ਦਾ ਪਿਆਰ ਲੁੱਟ ਲੈ! ਵਾਹਿਗੁਰੂ ਦੇ ਨਾਮ ਦਾ ਪਿਆਰ ਮਾਣ, ਵਾਹਿਗੁਰੂ ਦੇ ਨਾਮ ਦਾ ਪਿਆਰ ਲੁੱਟ ਲੈ!

"ਕਬੀਰ ਲੂਟਨਾ ਹੈ ਤ ਲੂਟਿ ਲੈ
ਰਾਮ ਨਾਮ ਹੈ ਲੂਟਿ ॥
ਫਿਰਿ ਪਾਛੈ ਪਛੁਤਾਹੁਗੇ
ਪ੍ਰਾਨ ਜਾਹਿੰਗੇ ਛੂਟਿ ॥" (ਪੰਨਾ ੧੩੬੬)

ਜਦੋਂ ਕਾਇਆਂ ਸਿੱਥਲ ਹੋ ਗਈ, ਭੌਰ ਮੁਸਾਫਿਰ ਉਡ ਗਿਆ, ਚਾਰ-ਚੁਫੇਰੇ ਸਿਆਪਾ ਹੋ ਗਿਆ ਮੋਈ ਹੋਈ ਕਾਇਆਂ ਦੇ, ਉਦੋਂ ਪਛਤਾਵਾ ਹੀ ਪਛਤਾਵਾ ਹੈ ਪੱਲੇ! ਉਹ ਜਿਹੜਾ ਰੰਗ ਮਾਨਣ ਵਾਲਾ ਸਮਾਂ ਸੀ, ਉਹ ਚਲਾ ਗਿਆ, ਨਿਕਲ ਗਿਆ ਹੱਥੋਂ! ਭਾਈ ਸਾਹਿਬ "ਭਾਈ ਵੀਰ ਸਿੰਘ" ਦੇ ਚਾਰ ਅੱਖਰ ਨੇ ਤੇ ਮੈਂ ਬੜੇ ਤਰਲੇ ਲਏ। ਜਿਹੜਾ ਵਕਤ ਹੈ ਉਹ ਕਿਸੇ ਦੀ ਮੰਨਦਾ ਨਹੀਂ, ਵਕਤ ਕਿਸੇ ਦਾ ਬੱਧਾ ਹੋਇਆ ਰਹਿ ਨਹੀਂ ਸਕਦਾ। ਵਕਤ ਕਿਸੇ ਦੇ ਵੱਸ ਵਿਚ ਨਹੀਂ। ਵਕਤ ਆਪਣੀ ਚਾਲੇ, ਮਸਤ ਚਾਲੇ ਤੁਰਿਆ ਜਾਂਦਾ ਹੈ। ਸਵਾਸ-ਸਵਾਸ ਕਰਕੇ ਤੁਰਿਆ ਚਲਿਆ ਜਾਂਦਾ ਹੈ। ਅੱਖਾਂ ਦੇ ਚਮਕਾਰਿਆਂ ਦੇ ਹਿਸਾਬ ਨਾਲ ਤੁਰਿਆ ਜਾਂਦਾ ਹੈ। ਪਰ ਇਹ ਮਨੁੱਖ ਨਹੀਂ ਸਮਝ ਰਿਹਾ :

"ਰੰਗੁ ਮਾਣਿ ਲੈ ਪਿਆਰਿਆ,
ਜਾ ਜੋਬਨੁ ਨਉ ਹੁਲਾ ॥" (ਪੰਨਾ ੨੩)

ਜਿਸ ਜੋਬਨ ਜਵਾਨੀ, ਜਿਸ ਫੁੱਲ ਦੇ ਖੇੜੇ, ਜਿਸ ਸੰਪਤੀ ਦੀ ਪ੍ਰਾਪਤੀ ਕਰਕੇ ਤੂੰ ਆਕੜਿਆ ਫਿਰਨਾ ਹੈਂ ਨਾ! ਇਹ ਥੋੜਿਆਂ ਦਿਨਾਂ ਦੀ ਗੱਲ ਹੈ। ਇਹ ਦਿਨ ਮੁੱਕ ਜਾਣੇ ਨੇ, ਇਹ ਦਿਨ ਖਤਮ ਹੋ ਜਾਣੇ ਨੇ :

"ਭਇਆ ਪੁਰਾਣਾ ਚੋਲਾ ॥"

ਹਜ਼ੂਰ ਕਹਿੰਦੇ ਨੇ ਇਹ ਜਿਹੜਾ ਕਾਇਆਂ ਦਾ ਚੋਲਾ ਹੈ, ਇਹ ਜਿਹੜਾ ਕਾਇਆਂ ਦਾ ਕੁੜਤਾ ਹੈ, ਕਾਇਆ ਦਾ ਲਿਬਾਸ ਹੈ, ਇਹਨੇ ਪੁਰਾਣਾ ਹੋ ਜਾਣਾ ਹੈ। ਇਹਦੇ ਚੋਂ ਬਦਬੂ ਆਉਣ ਲੱਗ ਪੈਣੀ ਹੈ। ਜਿਵੇਂ ਪੁਰਾਣੇ ਕਪੜਿਆਂ ਦੀਆਂ ਧੱਜੀਆਂ ਉਡ ਜਾਂਦੀਆਂ ਨੇ, ਲੀਰਾਂ ਹੋ ਜਾਂਦੀਆਂ ਨੇ। ਇਸੇ ਤਰ੍ਹਾਂ ਤਨ ਵੀ ਪੁਰਾਣਾ ਹੋ ਜਾਂਦਾ ਹੈ, ਗੋਡੇ ਖੜਕਨ ਲੱਗ ਪੈਂਦੇ ਨੇ, ਉਠਿਆ ਨਹੀਂ ਜਾਂਦਾ, ਆਪਣਾ ਆਪ ਸਾਂਭਿਆ ਨਹੀਂ ਜਾਂਦਾ। ਅੱਖਾਂ ਕਮਜ਼ੋਰ, ਕੰਨ ਕਮਜ਼ੋਰ, ਹਰ ਅੰਗ ਕਮਜ਼ੋਰ ਹੋ ਜਾਂਦਾ ਹੈ। ਇਹ ਅਵਸਥਾ ਆਉਣ ਤੋਂ ਪਹਿਲਾਂ-ਪਹਿਲਾਂ "ਵਾਹਿਗੁਰੂ" ਦੇ ਨਾਮ ਦਾ ਰੰਗ ਲੁੱਟ ਲੈ!

"ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ ॥" (ਪੰਨਾ ੨੩)

ਮਨੁੱਖ ਨੇ ਜਵਾਬ ਦਿੱਤਾ, "ਹੇ ਵਾਹਿਗੁਰੂ ! ਹੇ ਰੂਪ ਨਾਨਕ-ਨਿਰੰਕਾਰੀ ਜੀਵ ! ਜਿਹੜੇ ਸਾਡੇ ਬੜੇ ਰੰਗੀਨ ਸੱਜਣ ਸਨ, ਬੜੇ ਪਿਆਰੇ ਸੱਜਣ ਸਨ, ਜਿਨ੍ਹਾਂ ਦੇ ਨਾਲ ਬਾਹਾਂ 'ਚ ਬਾਹਾਂ ਪਾ ਕੇ ਫਿਰੀਦਾ ਸੀ, ਉਹ ਰੰਗੀਲੇ ਸੱਜਣ, ਅੱਤ ਪਿਆਰੇ ਸੱਜਣ, ਜਿਨ੍ਹਾਂ ਦੇ ਸਾਹੀਂ ਜੀਵੀਦਾ ਸੀ, ਉਹਨਾਂ ਜਾ ਸ਼ਮਸ਼ਾਨ ਭੂਮੀ ਵਿਚ, ਉਹਨਾਂ ਨੇ ਜਾ ਮੜ੍ਹੀਆਂ ਵਿਚ ਡੇਰੇ ਲਾਏ । ਅੱਤ ਪਿਆਰੇ ਸੱਜਣ ਤੁਰ ਗਏ, ਵਿਛੋੜਾ ਹੋ ਗਿਆ ।

"ਸਜਣ ਮੇਰੇ ਰੰਗੁਲੇ
ਜਾਇ ਸੁਤੇ ਜੀਰਾਣਿ ॥
ਹੰ ਭੀ ਵੰਞਾ ਡੁਮਣੀ
ਰੋਵਾ ਝੀਣੀ ਬਾਣਿ ॥" (ਪੰਨਾ ੨੩)

ਨਾਨਕ ਜੀ ! ਮੇਰਾ ਮਨ ਬੜਾ ਉਦਾਸ ਹੈ, ਮਨ ਬੜਾ ਚਿੰਤਾ ਵਿਚ ਹੈ । ਮੇਰਾ ਜੀਅ ਕਰਦਾ ਹੈ ਮੈਂ ਵੀ ਮੜ੍ਹੀਆਂ ਵਿਚ ਜਾ ਕੇ ਜਿਥੇ ਸੱਜਣਾਂ ਨੂੰ ਸਾੜਿਆ, ਫੂਕਿਆ ਗਿਆ ਹੈ, ਉਥੇ ਬੜੀ ਬਰੀਕ ਜਿਹੀ ਅਵਾਜ਼ ਨਾਲ, ਬੜੀ ਦੁੱਖਾਂ-ਭਰੀ ਅਵਾਜ਼ ਨਾਲ, ਬੜੀ ਕਰਮਾਂ-ਰਸੀ ਅਵਾਜ਼ ਨਾਲ, ਆਪਣੇ ਸੱਜਣਾਂ ਦੀ ਮੜ੍ਹੀ ਉਤੇ ਰੋ ਲਵਾਂ । ਆਪਣੇ ਦਿਲ ਦਾ ਗੋਬਾਰ ਕੱਢਾਂ, ਆਪਣੇ ਦਿਲ ਦੇ ਉਬਾਲੇ ਨੂੰ ਠੰਢਾ ਕਰ ਲਵਾਂ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਕ ਹੋਰ ਵੀ ਮਹਾਂਵਾਕ ਹੈ :

"ਜਿਸੁ ਪਿਆਰੇ ਸਿਉ ਨੇਹੁ
ਤਿਸੁ ਆਗੈ ਮਰਿ ਚਲੀਐ ॥" (ਪੰਨਾ ੮੩)

ਹਜ਼ੂਰ ਫੁਰਮਾਉਂਦੇ ਹਨ, ਸੰਸਾਰ ਮੰਦਰ ਵਿਚ ਜਿਸ ਪਿਆਰੇ ਨਾਲ ਪਿਆਰ ਪਾਇਆ ਹੈ, ਜਿਸ ਨੂੰ ਆਪਣਾ ਮਿੱਤਰ ਬਣਾ ਲਿਆ ਹੈ ਤਾਂ ਚਾਹੀਦਾ ਹੈ ਕਿ ਉਹਦੇ ਤੋਂ ਪਹਿਲਾਂ ਹੀ ਆਪ ਮਰ ਜਾਈਏ ! ਉਹਦੇ ਹਿੱਸੇ ਦਾ ਦੁੱਖ ਨਾ ਵੇਖਣਾ ਪਵੇ। ਸੱਜਣ, ਮਿੱਤਰ ਮਰ ਜਾਣ ਦੇ ਪਿੱਛੋਂ ਜਿਹੜਾ ਜੀਵਨ ਹੈ ਨਾ, ਉਹ ਲਾਹਨਤ ਦੇ ਕਾਬਿਲ ਹੈ, ਉਹਨੂੰ ਧਿਕਾਰ ਹੈ ਜ਼ਿੰਦਗੀ ਲਈ ! ਮਿੱਤਰਾਂ ਤੋਂ ਬਿਨਾਂ ਕਾਹਦੀ ਜ਼ਿੰਦਗੀ ਤੇ "ਗੁਰਮਤਿ" ਨੇ ਮਿੱਤਰ, ਸੱਜਣ ਆਖਿਆ ਅੱਖਾਂ ਨੂੰ, ਕੰਨਾਂ ਨੂੰ, ਜ਼ਬਾਨ ਨੂੰ, ਚੱਬਣ-ਦੰਦ । ਦੁਹਾਈ ਜੇ ਲੋਕੋ ਮਿੱਤਰ ਚਲੇ ਗਏ, ਸੱਜਣ ਚਲੇ ਗਏ, ਜਿਹੜੇ ਦੇ ਗਏ ਧੋਖਾ, ਜਿਹੜੇ ਮਾਂ ਦੇ ਗਰਭ ਵਿਚੋਂ ਨਾਲ ਆਏ ਨੇ, ਉਹਨਾਂ ਨੇ ਵੀ ਸਾਥ ਛੱਡ ਦੇਣਾ ਹੈ !

"ਫਰੀਦਾ ਅਖੀ ਦੇਖਿ ਪਤੀਣੀਆਂ"

ਫਰੀਦਾ ਵੇਖਦਿਆਂ-ਵੇਖਦਿਆਂ, ਵੇਖਦਿਆਂ-ਵੇਖਦਿਆਂ, ਤੇਰੀਆਂ ਅੱਖਾਂ ਪੱਧਰੀਆਂ ਹੋ ਗਈਆਂ, ਕਮਜ਼ੋਰ ਹੋ ਗਈਆਂ, ਨਜ਼ਰ ਤੇਰੀ ਧੋਖਾ ਦੇ ਗਈ !

"ਸੁਣਿ ਸੁਣਿ ਰੀਣੇ ਕੰਨ ॥"

ਗੀਣੇ ਦਾ ਅਰਥ ਹੈ 'ਖਾਲੀ।" ਲੋਕਾਂ ਦੀ ਨਿੰਦਿਆ, ਚੁਗਲੀ, ਗੱਪ-ਗਪੌੜਾ ਸੁਣਦਿਆ-ਸੁਣਦਿਆਂ ਤੇਰੇ ਕੰਨ ਵੀ ਸੁਣਨ ਸ਼ਕਤੀ ਤੋਂ ਖਾਲੀ ਹੋ ਗਏ। ਔਰ ਇਹ ਜਿਹੜੀ ਉਮਰ ਦੀ ਸ਼ਾਖਾ ਸੀ, ਉਮਰ ਦੀ ਟਾਹਣੀ ਸੀ, ਇਹ ਪੱਕਦੀ ਜਾ ਰਹੀ ਹੈ। ਬੁੱਢਾ ਹੁੰਦਾ ਜਾ ਰਿਹਾ ਹੈਂ ਤੂੰ ! ਇਹਦਾ ਤੇ ਰੰਗ ਹੀ ਹੋਰ ਦਾ ਹੋਰ ਹੁੰਦਾ ਜਾਂਦਾ ਹੈ। ਜਦੋਂ ਇਸ ਕਾਇਆਂ ਦਾ ਹੀ ਰੰਗ ਬਦਲਦਾ ਜਾਂਦਾ !

'ਮੇਰੇ ਪਿਆਰਿਆਂ ਜੀ.....,
ਰੰਗੁ ਮਾਣਿ ਲੈ"

ਮਾਨ ਸਿੰਘ ਝੌਰ ਜੀ ਦੱਸਦੇ ਹਨ ਕਿ ਸਰਕਾਰ ਦੇ ਜੀਵਨ ਵਿਚ, ਚਰਿੱਤਰ ਜੀਵਨ ਵਿਚ ਇਹ ਅੱਖਰ ਆਏ ਨੇ, ਬਾਬਾ ਬੁੱਢਾ ਜੀ ਦੇ ਵੇਲੇ ਇਕ ਪੁਸਤਕ ਲਿਖੀ ਗਈ ਹੈ ਉਸ ਦਾ ਨਾਂ ਹੈ "ਗੁਰਸਿੱਖ ਜੀਵਨ"। ਸ੍ਰੀ ਮਾਨ ਸਤਿਕਾਰ ਯੋਗ, ਗੁਰਮਤਿ ਦੀ ਰਹਿਤ ਵਿਚ ਪੱਕੇ, ਪੂਰਨ ਅਕਾਲੀ "ਕੌਰ ਸਿੰਘ ਸਾਹਿਬ ਜੀ" ਕਸ਼ਮੀਰ ਵਾਲੇ। ਗੁਰੂ ਹਰਿਗੋਬਿੰਦ ਸਾਹਿਬ ਸੱਚੇ ਪਾਤਿਸ਼ਾਹ ਦੇ ਅਵਤਾਰ ਦਿਨ ਤੇ ਉਹਨਾਂ ਨੇ ਉਸ ਪੁਸਤਕ ਦਾ ਇਸ ਵਿਚ ਜ਼ਿਕਰ ਕੀਤਾ ਹੈ। ਲੁਕਿਆ ਹੋਇਆ ਖਜ਼ਾਨਾ ਹੈ ਤੁਹਾਡਾ ਉਹ ! ਉਸ ਪੁਸਤਕ ਦੇ ਹਵਾਲੇ ਨਾਲ ਇਹ ਅੱਖਰ ਅੰਕਿਤ ਕੀਤੇ ਗਏ "ਖਾਲਸਾ ਸਮਾਚਾਰ" ਵਿਚ ਕਿ ਬਾਬਾ ਨਾਨਕ ਕਥਾ ਕਰਦਾ ਰਿਹਾ, ਸੰਗਤਾਂ ਆਉਂਦੀਆਂ ਰਹੀਆਂ ਤੇ ਇਸ ਸ਼ਬਦ ਦੀ ਵਿਆਖਿਆ ਅੱਠ ਦਿਨ ਹੁੰਦੀ ਰਹੀ !

"ਕਿਨ ਸੁਨੇਹੀ ਗੋਰੀਏ ਆਪਨਿ ਕੰਨੀ ਸੋਇ
ਲਗੀ ਆਵਹਿ ਸਾਵਰਹਿ ਨਿਤ ਨਾ ਪਈਯਾ ਹੋਇ।"

ਇਸ ਪੰਕਤੀਆਂ ਦੇ ਅਰਥ ਹਜ਼ੂਰ ਨੇ ਇਹ ਦੱਸੇ ਹਨ ਕਿ ਜਿਹੜੀ ਲੜਕੀ ਮਾਪਿਆਂ ਦੇ ਘਰ ਲੜਕੀ ਬਣ ਕੇ ਜੰਮੀ ਹੈ, ਧੀ, ਕੰਨਿਆਂ, ਬੇਟੀ ਬਣ ਕੇ ਜਿਸ ਨੇ ਜਨਮ ਲਿਆ, ਉਹਨੇ ਨਿੱਤ ਪੇਕਿਆਂ ਦੇ ਘਰ ਨਹੀਂ ਰਹਿਣਾ। ਉਹਨੇ ਸੌਹਰੇ ਘਰ ਆਉਣਾ ਹੀ ਹੈ। 'ਗੁਰੂ ਗ੍ਰੰਥ ਸਾਹਿਬ ਜੀ" ਦਾ ਅੰਮ੍ਰਿਤ ਬਚਨ ਹੈ :

"ਸਭਨਾ ਸਾਹੁਰੈ ਵੰਞਣਾ
ਸਭਿ ਮੁਕਲਾਵਣਹਾਰ ॥
ਨਾਨਕ ਧੰਨੁ ਸੋਹਾਗਣੀ
ਜਿਨ ਸਹ ਨਾਲਿ ਪਿਆਰੁ ॥" *(ਪੰਨਾ ੫੧)*

ਸਾਹਿਬ ਫੁਰਮਾਉਂਦੇ ਨੇ ਉਹ ਭਾਗਾਂ ਵਾਲੀਆਂ ਹੀ ਕੁੜੀਆਂ ਨੇ ਜਿਨ੍ਹਾਂ ਨੂੰ ਪੇਕਿਆਂ ਦੇ ਘਰ ਹੀ ਆਪਣੇ ਪਤੀ ਦਾ ਖਿਆਲ ਆ ਜਾਂਦਾ ਹੈ ਕਿ ਮੈਂ ਉਹਦੀ ਖਿਦਮਤ ਕਰਨੀ ਹੈ। ਜਿਹੜੀ ਪੇਕਿਆਂ ਦੇ ਘਰ ਧੀ ਬਣ ਕੇ ਜੰਮੀ ਹੈ, ਉਸ ਨੇ ਸਦਾ ਪੇਕਿਆਂ ਦੇ ਘਰ ਨਹੀਂ ਰਹਿਣਾ। ਉਹਨੇ ਇਕ ਨਾ ਇਕ ਦਿਨ ਸੌਹਰਿਆਂ ਦੇ ਘਰ ਆਉਣਾ ਹੀ ਆਉਣਾ। ਉਹਨੂੰ ਸੌਹਰਿਆਂ ਦੇ ਘਰ ਆਉਣਾ ਪੈਣਾ। ਐ ਜਗਿਆਸੂ ਰੂਪ ਇਸਤਰੀਏ ! ਸੋਹਣੀਏ, ਸੁਚੱਜੀਏ ਤੂੰ ਇਹ ਸ਼ੋਹ ਅਰਥਾਤ ਇਹ

ਖਬਰ ਆਪਣੇ ਕੰਨਾਂ ਨਾਲ ਨਹੀਂ ਸੁਣੀ ਭਈ ਕੁੜੀਆਂ ਸਦਾ ਪੇਕਿਆਂ ਦੇ ਨਹੀਂ ਰਹਿੰਦੀਆਂ ! ਤੂੰ ਇਹ ਖਬਰ ਆਪਣੇ ਕੰਨਾਂ ਨਾਲ ਨਹੀਂ ਸੁਣੀ ਕਿ ਪੇਕਾ ਘਰ ਛੱਡ ਕੇ ਲੜਕੀ ਨੂੰ ਸੌਹਰੇ ਆਉਣਾ ਹੀ ਪੈਂਦਾ ਹੈ, ਤੈਨੂੰ ਵੀ ਇਹ ਮਾਤ-ਲੋਕ ਛੱਡ ਕੇ ਸੌਹਰੇ ਘਰ ਪਰਲੋਕ ਜਾਣਾ ਹੀ ਪੈਣਾ ਹੈ। ਤੈਨੂੰ ਵੀ ਉਸ ਦੇਸ਼ ਵਿਚ ਪਹੁੰਚਣਾ ਹੀ ਪੈਣਾ ਹੈ। ਹੋਸ਼ ਕਰ, ਖਬਰਦਾਰ ਹੋ। ਤੂੰ ਆਪਣੀ ਜ਼ਿੰਦਗੀ ਅਵੇਸਲੇਪਨ ਵਿਚ ਬਰਬਾਦ ਨਾ ਕਰ ! ਕਹਿੰਦੇ ਨੇ ਅੱਠ ਦਿਨ ਕਥਾ ਹੁੰਦੀ ਰਹੀ ਉਸ ਸ਼ਬਦ ਦੀ ਤੇ ਅੱਠ ਦਿਨ ਸੰਗਤਾਂ ਆਉਂਦੀਆਂ ਰਹੀਆਂ। ਉਹਨਾਂ ਆਨੰਤ ਸੰਗਤਾਂ ਵਿਚ ਇਕ ਸਿੱਖ ਆਉਂਦਾ ਸੀ, ਜਿਹੜਾ ਬੈਠ ਕੇ ਨਹੀਂ ਸੀ ਕਥਾ ਸੁਣਦਾ ! ਜਿਥੇ ਸਾਧ-ਸੰਗਤ ਜੋੜੇ ਲਾਹੁੰਦੀ ਹੈ, ਉਥੇ ਉਹ ਖਲੋਤਾ ਰਹਿੰਦਾ ਸੀ। ਸਿਰ ਝੁਕਿਆ ਰਹਿੰਦਾ ਸੀ ਤੇ ਅੱਖਾਂ ਉਹਦੀਆਂ ਤਰਪ-ਤਰਪ ਬਰਸਦੀਆਂ ਰਹਿੰਦੀਆਂ ਸਨ ਤੇ ਸਾਰੀ ਕਥਾ ਹਜ਼ੂਰ ਭਾਵੇਂ ਦੋ ਘੰਟੇ ਕਰਨ ਤੇ ਭਾਵੇਂ ਤਿੰਨ ਘੰਟੇ ਕਰਨ, ਉਹ ਖਲੋ ਕੇ ਹੀ ਸੁਣਦਾ ਸੀ। ਅੱਠਵੇਂ ਦਿਨ "ਨਾਨਕ-ਨਿਰੰਕਾਰੀ" ਸਾਹਿਬ ਸੱਚੇ ਪਾਤਿਸ਼ਾਹ ਨੇ ਪੁੱਛਿਆ, ਭਈ ਗੁਰੂ ਕੇ ਸਿੱਖਾ ! ਕਥਾ ਸੁਣਨ ਤੇ ਬੜੀ ਦੁਨੀਆਂ ਆਉਂਦੀ ਹੈ ਦੂਰੋਂ-ਨੇੜਿਓਂ, ਪਰ ਤੇਰਾ ਕਥਾ ਸੁਣਨ ਦਾ ਢੰਗ ਬੜਾ ਆਲੌਕਿਕ ਹੈ, ਬੜਾ ਅਜੀਬ ਹੈ। ਕਿੰਨਾ ਵੀ ਲੰਬਾ ਅਰਸਾ ਕਥਾ ਕਿਉਂ ਨਾ ਹੁੰਦੀ ਰਹੇ, ਤੂੰ ਸਿਰ ਝੁਕਾਅ ਕੇ ਸਾਰੀ ਦੀ ਸਾਰੀ ਕਥਾ ਸੁਣਦਾ ਹੈਂ ਤੇ ਜਦੋਂ ਤੇਰੇ ਚਿਹਰੇ ਵਲ ਵੇਖੀਏ ਨਾ, ਉਦੋਂ ਇੰਝ ਪ੍ਰਤੀਤ ਹੁੰਦਾ ਤੂੰ ਕੁਝ ਕਹਿਣਾ ਵੀ ਚਾਹੁੰਦਾ ਹੈਂ। ਤੇਰੇ ਅੰਦਰ ਕੋਈ ਭਾਵਨਾ ਵੀ ਹੈ। ਤੇਰੇ ਅੰਦਰ ਕੋਈ ਸੰਕਲਪ ਵੀ ਛੁਪਿਆ ਹੋਇਆ ਹੈ, ਪਰ ਲੋਭ-ਲਾਲਚ ਤੋਂ ਡਰਦਾ ਤੂੰ ਇਹ ਗੱਲ ਕਹਿੰਦਾ ਨਹੀਂ। ਪਰ ਅੱਜ ਮੈਂ ਤੇਰੇ ਕੋਲੋਂ ਆਪ ਪੁੱਛਦਾ ਹਾਂ "ਬਾਬੇ ਨਾਨਕ" ਨੇ ਆਖਿਆ ! ਅਨੋਖਿਆ ਸਰੋਤਿਆ, ਆਲੌਕਿਕ ਸਰੋਤਿਆ, ਬੜੇ ਅਲਬੇਲੇ ਜਿਹੇ ਸਰੋਤਿਆ ਕਿ ਅੱਜ ਮੈਂ ਤੇਰੇ ਕੋਲੋਂ ਆਪ ਪੁੱਛਣਾ ਹਾਂ ਕਿ ਤੂੰ ਕੀ ਆਖਣਾ ਚਾਹੁੰਦਾ ਹੈਂ ? ਤੇ ਉਸ ਜਗਿਆਸੂ ਗੁਰਮੁਖ ਪਿਆਰੇ ਨੇ ਸਿਰ ਉਤਾਂਹ ਚੁੱਕਿਆ, ਸਾਹਿਬਾਂ ਦੇ ਦਰਸ਼ਨ ਕੀਤੇ, ਨੇਤਰਾਂ ਵਿਚ ਨੇਤਰ ਪਾ ਕੇ ਕਹਿਣ ਲੱਗਾ, "ਸਾਹਿਬ, ਅੰਤਰਯਾਮੀ ਹੋ। ਜਿਥੇ ਤੁਹਾਨੂੰ ਇਹ ਪਤਾ ਲੱਗ ਗਿਆ ਨਾ ਭਈ ਮੈਂ ਕੁਝ ਕਹਿਣਾ ਚਾਹੁੰਦਾ ਹਾਂ ਤੇ ਉਥੇ ਸਰਕਾਰ ਤੁਹਾਨੂੰ ਇਹ ਵੀ ਪਤਾ ਹੈ ਕਿ ਮੈਂ ਕੀ ਕਹਿਣਾ ਚਾਹੁੰਦਾ ਹਾਂ ? ਤੁਸੀਂ ਘੱਟ-ਘੱਟ ਵਾਸੀ ਹੋ, ਨੇੜਿਓਂ ਦੇ ਨੇੜੇ ਹੋ, ਸਭ ਕੁਝ ਤੁਹਾਨੂੰ ਪਤਾ ਹੈ। ਔਰ ਜੇ ਮੇਰੀ ਜ਼ਬਾਨੋਂ ਪੁੱਛਣਾ ਜੇ ਨਾ ਤੇ ਅਰਜ਼ ਹੈ ਮੇਰੀ ਇਕ, ਔਰ ਇਸ ਦੇ ਹਿੱਸੇ ਨੇ ਦੋ। ਇਕ ਹਿੱਸੇ ਵਿਚ ਹੈ "ਪਾਪ" ਤੇ ਇਕ ਹਿੱਸੇ ਵਿਚ ਹੈ "ਪੁੰਨ"। ਜੇ ਆਖੋ ਤੇ ਸੁਣਾ ਦਿਆਂ।" ਸਾਹਿਬ ਕਹਿੰਦੇ, ਇਹੋ ਜਿਹਾ ਬਚਨ ਤੇ ਜ਼ਰੂਰ ਸੁਣਨਾ ਚਾਹੀਦਾ ਹੈ ਕਿ ਬਚਨ ਇਕੋ ਹੀ ਔਰ ਹਿੱਸੇ ਉਹਦੇ ਦੋ ਕਿ ਇਕ ਵਿਚ ਪਾਪ ਤੇ ਇਕ ਵਿਚ ਪੁੰਨ। ਇਹ ਤੇ ਸੰਗਤ ਵੀ ਤੇਰੀ ਗੱਲ ਸੁਣ ਕੇ, ਤੇਰੇ ਵੱਲ ਧਿਆਨ ਦੇ ਕੇ ਸੁਣਨਾ ਚਾਹੁੰਦੀ ਹੈ ਕਿ ਦੱਸ ਗੱਲ ਕੀ

ਹੈ ? ਕਹਿਣ ਲੱਗਾ, ਸਾਹਿਬ, ਪੁੰਨ ਵਾਲਾ ਹਿੱਸਾ ਤੇ ਇਹ ਹੈ ਕਿ ਜਿਸ ਦਿਨ ਮੈਨੂੰ ਪਤਾ ਲੱਗਾ ਤੁਹਾਡੇ ਆਉਣ ਦਾ, ਆ ਕੇ ਮੈਂ ਦਰਸ਼ਨ ਕੀਤੇ; ਸੰਗਤ ਉਸ ਦਿਨ ਥੋੜੀ ਸੀ ਭਾਵੇਂ, ਪਰ ਮੈਂ ਤੁਹਾਡੇ ਦਰਸ਼ਨਾਂ ਨਾਲ ਗੱਦ-ਗੱਦ ਹੋ ਗਿਆ। ਅਗਲੇ ਦਿਨ ਸੰਗਤ ਹੋਰ ਵੱਧ ਗਈ, ਫਿਰ ਹੋਰ ਵੱਧ ਗਈ। ਲੰਗਰ ਪੱਕਣ ਲੱਗ ਪਏ। ਜਗਿਆਸੂ ਸ਼ਰਧਾਲੂ ਆਉਂਦੇ ਨੇ, ਮੱਥੇ ਟੇਕਦੇ ਨੇ, ਭੇਟਾਂ ਦਿੰਦੇ ਨੇ। ਇਸ ਧਰਤੀ ਨੂੰ ਤਾਂ ਰੰਗ ਲੱਗ ਗਏ। ਇਹ ਧਰਤੀ ਭਾਗਾਂ ਵਾਲੀ ਬਣ ਗਈ। ਗੁਰੂ ਗ੍ਰੰਥ ਸਾਹਿਬ ਵਿਚ ਤੁਸੀਂ ਬੜੀ ਵੇਰਾਂ ਪੜ੍ਹਦੇ-ਸੁਣਦੇ ਹੋ ਕਿ ਉਹ ਧਰਤੀ ਹਰਿਆਵਲੀ ਹੈ ਜਿਥੇ ਸਤਿਗੁਰ ਬੈਠਾ। ਜਿਸ ਨੂੰ ਸਤਿਗੁਰ ਬਾਗ ਲਾ ਦੇਵੇ :

"ਜਿਥੇ ਬਾਬਾ ਪੈਰੁ ਧਰਿ ਪੂਜਾ ਆਸਣੁ ਥਾਪਣਿ ਸੋਆ ।"

ਇਹ ਧਰਤੀ ਮਹਾਰਾਜ ਭਾਗਾਂ ਵਾਲੀ ਬਣ ਗਈ। ਔਰ ਗਰੀਬ-ਨਿਵਾਜ਼ ਮੇਰੇ ਦਿਲ ਤੋਂ ਇਕ ਸੰਕਲਪ ਉੱਠਿਆ ਕਿ ਮੈਂ ਸ੍ਰੀ 'ਨਾਨਕ-ਨਿਰੰਕਾਰੀ" ਮਹਾਰਾਜ ਨੂੰ ਆਪਣੇ ਘਰ ਲਿਜਾਵਾਂ, ਆਪਣੇ ਚੌਂਕੇ ਬੈਠਾ ਕੇ ਪ੍ਰਸ਼ਾਦਿ ਛਕਾਵਾਂ, ਜੂਠੇ ਬਰਤਨ ਸਾਫ ਕਰਾ, ਪੱਖਾਂ ਫੇਰਾਂ ! ਮੇਰੀ ਘਰ ਵਾਲੀ ਦਾ ਭਲਾ ਹੋ ਜਾਏ, ਮੇਰਾ ਭਲਾ ਹੋ ਜਾਏ ! ਇਹ ਮੇਰੇ ਦਿਲ ਵਿਚ ਉਮੰਗ, ਇਹ ਮੇਰਾ ਸੰਕਲਪ, ਇਹ ਮੇਰੀ ਅੰਦਰਲੀ ਤਾਂਘ, ਇਹ ਮੇਰੀ ਇੱਛਾ ਹੈ। ਅੰਦਰੋਂ ਉਤਪੰਨ ਹੋਈ ਇੱਛਾ ਕਿ ਤੁਹਾਨੂੰ ਘਰ ਲੈ ਜਾ ਕੇ ਪ੍ਰਸ਼ਾਦਿ ਛਕਾਇਆ ਜਾਏ। ਫਿਰ ਸਾਹਿਬ ਜੀ ਮੈਂ ਆਪਣੇ ਵੱਲ ਧਿਆਨ ਮਾਰਿਆ ਕਿ ਮੈਂ ਗਰੀਬ, ਮੈਂ ਕੰਗਲਾ, ਮੈਂ ਕਿਰਤੀ ! ਦਿਨੇ ਮਿਹਨਤ ਕਰਨੀ ਤੇ ਰਾਤ ਨੂੰ ਢਿੱਡ ਭਰ ਕੇ ਰੋਟੀ ਖਾਣੀ। ਮਹਾਰਾਜ ਮੈਂ ਇੱਡਾ ਤੰਗ ਹਾਂ, ਇੰਨਾ ਗਰੀਬ ਹਾਂ। ਸੋਚੀਂ ਪੈ ਗਿਆ ਮੈਂ ਮਹਾਰਾਜ ਕਿ ਹਜ਼ਾਰਾਂ ਸੰਗਤਾਂ ਤੇ ਇਨ੍ਹਾਂ ਦਾ ਲੰਗਰ ਮੈਂ ਕਿਵੇਂ ਬਣਾਵਾਂਗਾ ਮਹਾਰਾਜ ! ਜਿਸ ਵੇਲੇ ਮੇਰੇ ਸਾਹਮਣੇ ਸੋਚ ਦੀ ਕੰਧ ਖੜੀ ਹੋ ਗਈ ਨਾ ਤੇ ਮੇਰੇ ਮਨ ਨੇ ਅੰਦਰੋਂ ਜਵਾਬ ਦਿੱਤਾ ਭਈ ਅਜੇ ਦੋ ਕੁ ਦਿਨ ਹੋਏ ਨੇ ਸਤਿਗੁਰੂ ਨੂੰ ਆਇਆਂ ! ਤੇ ਸੰਗਤਾਂ ਨੂੰ ਪਿਆਰ ਹੈ ਨਵਾਂ, ਜਿਉਂ-ਜਿਉਂ ਦਿਨ ਵਧੇਰੇ ਹੁੰਦੇ ਜਾਣੇ ਨੇ ਤਿਉਂ-ਤਿਉਂ ਪਿਆਰ ਘੱਟਦਾ ਹੀ ਜਾਣਾ ਹੈ ਨਾ ! ਸੰਗਤਾਂ ਸਹਿਜੇ-ਸਹਿਜੇ ਥੋੜੀਆਂ ਹੁੰਦੀਆਂ ਈ ਜਾਣੀਆਂ ਨੇ ਨਾ। ਮੈਂ ਸੋਚਿਆ ਜਿਸ ਦਿਨ ਸੰਗਤ ਥੋੜੀ ਹੋ ਜਾਏਗੀ ਤੂੰ ਰੋਟੀ ਉਸ ਦਿਨ ਵਰਜ ਲਈਂ ! ਇਹ ਮੇਰੇ ਮਨ ਨੇ ਆਪਣਾ ਫੈਸਲਾ ਦੇ ਦਿੱਤਾ। ਦੇਖੋ ਇਹ ਸਿੱਖ ਦੀ ਸਿੱਖੀ ਹੈ ਕਿ ਸੱਚ ਕਿਸ ਤਰ੍ਹਾਂ ਬੋਲ ਰਿਹਾ ਹੈ ? ਕੋਈ ਗੱਲ ਲੁਕਾ ਕੇ ਨਹੀਂ ਰੱਖ ਰਿਹਾ ਸਾਹਿਬ ਕੋਲੋਂ ਤੇ ਸਾਹਿਬ, ਮੈਂ ਉਡੀਕ ਵਿਚ ਰਿਹਾ ਕਿ ਸੰਗਤ ਕਦੋਂ ਥੋੜੀ ਹੋਣੀ ਸ਼ੁਰੂ ਹੋਵੇ, ਸੰਗਤ ਕਦੋਂ ਘੱਟਣੀ ਸ਼ੁਰੂ ਹੋਵੇ ! ਮਹਾਰਾਜ, ਸੰਗਤ ਰੋਜ਼ ਵੱਧਦੀ ਹੀ ਜਾਂਦੀ ਹੈ, ਵੱਧਦੀ ਜਾਂਦੀ ਹੈ। ਸ਼ਰਧਾਲੂ ਰੋਜ਼-ਪਰੋਜ਼ ਨਵੇਂ ਤੋਂ ਨਵੇਂ, ਜਥਿਆਂ ਦੇ ਜਥੇ ਬਣ ਕੇ ਆਉਂਦੇ ਜਾਂਦੇ ਨੇ ! ਤੇ ਮਹਾਰਾਜ ਇਥੋਂ ਤਕ ਰਿਹਾ ਮੇਰਾ "ਪੁੰਨ" ਵਾਲਾ ਹਿੱਸਾ ! ਔਰ ਪਾਪ ਇਹ ਜੇ ਕਿ ਕਥਾ ਮੈਂ ਸੁਣਦਾ ਰਹਿਣਾ ਹਾਂ, ਖਲੋ ਕੇ ਸੁਣਦਾ ਰਹਿਣਾ, ਆਪਣੀ

ਹਾਲਤ ਉਤੇ ਰੋਂਦਾ ਰਹਿੰਦਾ। ਆਪਣੀ ਗਰੀਬੀ ਉਤੇ ਅੱਥਰੂ ਘੇਰਦਾ ਰਹਿੰਦਾ ਤੇ ਅੰਦਰੋਂ ਮਾਲਿਕ ਅੱਗੇ ਅਰਦਾਸ ਵੀ ਕਰਦਾ ਰਹਿੰਦਾ ਹਾਂ ਭਈ ਹੇ ਵਾਹਿਗੁਰੂ ! ਕੋਈ ਐਸਾ ਭਾਣਾ ਵਰਤਾ ਕਿ ਨਾਨਕ ਸਾਹਿਬ ਦੀਆਂ ਸੰਗਤਾਂ ਘੱਟ ਜਾਣ। ਕਥਾ ਦੇ ਵੇਲੇ ਕਿਤੇ ਮੀਂਹ ਨੂੰ ਆਗਿਆ ਦੇ-ਦੇ, ਵਰ੍ਹ ਪਏ ਤੇ ਆਪੇ ਲੋਕੀਂ ਨਾ ਆਉਣਗੇ। ਇਹ ਕੋਈ ਸਿਨੇਮਾ ਥੋੜ੍ਹਾ ਕਿ ਭਾਵੇਂ ਕੱਪੜੇ ਭਿੱਜ ਜਾਣ, ਜਾਣਾ ਜ਼ਰੂਰ ਹੈ ! ਇਸ ਵੇਲੇ ਹਨੇਰੀ ਨੂੰ ਦੇ-ਦੇ ਆਗਿਆ, ਉਹ ਵੱਗ ਪਏ, ਦਰੱਖਤ ਪੁੱਟੇ ਜਾਣ ਤੇ ਡਰਦੇ ਲੋਕੀਂ ਹਨੇਰੀ ਤੋਂ ਆਪੇ ਹੀ ਨਾ ਆਉਣ। ਮਹਾਰਾਜ ਇਹ ਮੇਰਾ ਪਾਪ ਜੇ, ਇਹ ਮੈਂ ਗੁਨਾਹ ਕਰ ਰਿਹਾ ਜੇ। ਰੋਜ਼ ਅਰਦਾਸ ਕਰਦਾ ਹਾਂ ਕਿ ਹਾਂ ਵਾਹਿਗੁਰੂ ਕਿਸੇ ਤਰ੍ਹਾਂ ਨਾਨਕ ਦੀਆਂ ਸੰਗਤ੍ਹਾਂ ਘਟਾਅ ! ਇਹ ਸਭ ਕੁਝ ਸੁਣ ਕੇ ਨਾਨਕ-ਨਿਰੰਕਾਰੀ ਸਾਹਿਬ ਸੱਚਾ ਪਾਤਿਸ਼ਾਹ ਕਹਿਣ ਲੱਗੇ, 'ਸਿੱਖਾ, ਤੂੰ ਧੰਨ ਹੈਂ।" ਜਿਸ ਨੂੰ ਸੱਚ ਬੋਲਣਾ ਆਉਂਦਾ ਹੈ। ਤੂੰ ਕੋਈ ਛੱਲ-ਵੱਲ ਨਹੀਂ ਕੀਤਾ, ਤੇਰੇ ਅੰਦਰ ਧੋਖਾ ਨਹੀਂ, ਤੂੰ ਸੱਚ ਬੋਲਿਆ ਹੈ ! ਸਾਹਿਬ ਕਹਿਣ ਲੱਗੇ, ਤੂੰ ਸਾਡੀਆਂ ਸੰਗਤਾਂ ਨਾ ਘਟਾਅ। ਅਸੀਂ ਭਲਕੇ ਚਾਰ ਸਿੱਖ ਤੇ ਪੰਜਵਾਂ ਮੈਂ ਤੇਰੇ ਘਰ ਪ੍ਰਸ਼ਾਦ ਛੱਕਣ ਆਵਾਂਗੇ। ਬਾਕੀ ਦੀਆਂ ਸੰਗਤਾਂ ਦਾ ਲੰਗਰ ਕਿਸੇ ਲਖਪਤੀਏ ਦੇ ਘਰ ਵਰਜ ਦਿਆਂਗੇ। ਸੰਗਤਾਂ ਨਾ ਘਟਾਅ ਤੂੰ ਸਾਡੀਆਂ ! ਜਿਸ ਵੇਲੇ ਨਾਨਕ-ਨਿਰੰਕਾਰੀ ਨੇ ਬਚਨ ਦੇ ਦਿੱਤਾ ਨਾ ਕਿ ਭਲਕੇ ਮੈਂ ਚੌਂਹ ਸਿੱਖਾਂ ਸਮੇਤ ਤੇ ਪੰਜਵਾਂ ਮੈਂ ਆਪ ਤੇਰੇ ਘਰ ਆਵਾਂਗਾ ਤੇ ਉਸ ਵੇਲੇ ਸਿੱਖ ਨੂੰ ਇਉਂ ਪ੍ਰਤੀਤ ਹੋਇਆ ਕਿ ਮੈਂ ਕਰੋੜਾਂ ਖਜ਼ਾਨਿਆਂ ਦਾ ਮਾਲਿਕ ਬਣ ਗਿਆ ਹਾਂ। ਸਿੱਖ ਨੂੰ ਇੰਝ ਪ੍ਰਤੀਤ ਹੋਇਆ ਕਿ ਸੁਖਾਂ ਨਾਲ, ਚਾਵਾਂ-ਮਲਾਰਾਂ ਨਾਲ ਮੇਰੀਆਂ ਝੋਲੀਆਂ ਭਰ ਗਈਆਂ। ਚਿਹਰੇ ਤੇ ਲਾਲੀਆਂ ਆ ਗਈਆਂ, ਬਦਨ ਵਿਚ ਫੁਰਤੀ ਆ ਗਈ, ਮਨ ਵਿਚੋਂ ਪਿਆਰ ਦਾ ਸਾਗਰ ਉਭਰਿਆ। ਅਰਦਾਸ ਹੋਣ ਤੋਂ ਬਾਅਦ ਪ੍ਰਸ਼ਾਦ ਲੈ ਕੇ ਹੱਸਦਾ-ਖੇਡਦਾ ਤੇ ਪ੍ਰਸੰਨ ਘਰ ਆ ਗਿਆ। ਘਰ ਦੇ ਵਿਹੜੇ ਵਿਚ ਟਹਿਲਣ ਲੱਗ ਪਿਆ ਤੇ ਘਰ ਵਾਲੀ ਨੇ ਗਲ ਵਿਚ ਪੱਲਾ ਪਾ ਕੇ, ਆਪਣੇ ਪਤੀ ਦੇ ਚਰਨਾਂ ਉਤੇ ਨਮਸ਼ਕਾਰ ਕਰਕੇ ਆਖਿਆ, "ਮਾਲਿਕ ! ਜਿਸ ਦਿਨ ਤੋਂ ਤੇਰਾ ਪੱਲਾ ਫੜਿਆ, ਜਿਸ ਦਿਨ ਤੋਂ ਤੇਰੇ ਨਾਲ ਜ਼ਿੰਦਗੀ ਦਾ ਸਾਥ ਗੰਢਿਆ, ਜਿਸ ਦਿਨ ਤੋਂ ਨਾਨਕਿਆਂ-ਦਾਦਕਿਆਂ ਸਾਹਮਣੇ ਤੇਰੇ ਨਾਲ ਚਾਰ ਲਾਵਾਂ ਲਈਆਂ। ਮਾਲਿਕਾ ਉਸ ਦਿਨ ਤੋਂ ਲੈ ਕੇ ਅੱਜ ਪਹਿਲਾ ਦਿਨ ਹੈ ਕਿ ਮੈਂ ਤੇਰੇ ਚੇਹਰੇ ਤੇ ਲਾਲੀਆਂ ਵੇਖੀਆਂ ਨੇ, ਅੱਖਾਂ ਵਿਚ ਮਸਤੀ ਵੇਖੀ ਹੈ, ਲੱਬਾਂ ਤੇ ਮੁਸਕਰਾਹਟ ਵੇਖੀ ਹੈ। ਅੱਜ ਤੁਸੀਂ ਬੜੇ ਪ੍ਰਸੰਨ ਨਜ਼ਰ ਆ ਰਹੇ ਹੋ, ਬੜੇ ਖੁਸ਼ ਨਜ਼ਰ ਆ ਰਹੇ ਹੋ। ਮਹਾਰਾਜ, ਕਾਰਨ ਹੈ ਕੋਈ ? ਤੇ ਘਰ ਵਾਲੀ ਵੱਲ ਵੇਖ ਕੇ ਕਹਿਣ ਲੱਗਾ, ਭਾਗਾਂ ਵਾਲੀਏ ਅੱਜ ਮੈਂ ਲੱਖ ਰੁਪਏ ਦਾ ਸੌਦਾ ਕਰਕੇ ਆਇਆ ਹਾਂ ਲੱਖ ਰੁਪਏ ਦਾ। ਜੇ ਅੱਜ ਖੁਸ਼ੀਆਂ ਨਾ ਹੋਣ ਤੇ ਖੁਸ਼ੀਆਂ ਵਾਲਾ ਦਿਨ ਕਿਹੜਾ ਹੋਵੇ ! ਘਰ ਵਾਲੀ ਹੈਰਾਨੀ ਵਿਚ ਆ ਗਈ ਕਿ ਅਸੀਂ ਪੈਸੇ-ਪੈਸੇ ਲਈ ਤਰਸਣ

ਵਾਲੇ, ਅਸੀਂ ਲੱਖਾਂ ਰੁਪਇਆਂ ਦਾ ਸੌਦਾ ਕਰਨ ਦੇ ਯੋਗ ਹੋ ਗਏ ! ਘਰ ਵਾਲਾ ਕਹਿਣ ਲੱਗਾ, ਲੱਖਾਂ ਰੁਪਏ ਕਿ ਕਈ-ਕਈ ਲੱਖਾਂ ਰੁਪਇਆਂ ਦਾ ਸੌਦਾ ਕਰਕੇ ਆਇਆ ਹਾਂ। ਅੱਜ ਦਿਨ ਭਾਗਾਂ ਵਾਲਾ ਚੜ੍ਹਿਆ, ਸੂਰਜ ਭਾਗਾਂ ਵਾਲਾ ਚੜ੍ਹਿਆ, ਅੱਜ ਦੀ ਰੌਸ਼ਨੀ ਕਰਮਾਂ ਵਾਲੀ ਹੋਈ, ਅੱਜ ਦੀ ਕੁੱਕੜ ਦੀ ਬਾਂਗ ਸਾਡੇ ਵਾਸਤੇ ਸੁਲੱਖਣੀ ਹੋਈ। ਅੱਜ ਵਰਗਾ ਦਿਨ ਸਾਡੀ ਜ਼ਿੰਦਗੀ ਵਿਚ ਮੁੜ ਕੇ ਨਹੀਂ ਲੱਭਣਾ। ਘਰ ਵਾਲੀ ਕਹਿਣ ਲੱਗੀ ਜ਼ਰਾ ਮੇਰੇ ਕੰਨਾਂ ਵਿਚ ਵੀ ਬਲੇਲ ਪਾਉ । ਕੀ ਸੌਦਾ ਕੀਤਾ ਜੇ, ਮੈਂ ਵੀ ਤੁਹਾਡੇ ਵਿਚ ਹੱਕਦਾਰ ਉਸ ਸੌਦੇ ਦੇ ਘਾਟੇ-ਵਾਧੇ ਵਿਚ ! ਤੇ ਫਿਰ ਸਾਰੀ ਕਥਾ ਘਰ ਵਾਲੀ ਨੂੰ ਸੁਣਾ ਦਿੱਤੀ, ਕਰਮਾਂ ਵਾਲੀਏ ! ਜਿਹੜਾ ਭਲਕੇ ਸੂਰਜ ਚੜ੍ਹਨਾ ਹੈ ਨਾ, ਸੁੱਖਾਂ ਵਾਲਾ ਸੂਰਜ, ਸੁਹਾਵਣਾ ਸੂਰਜ, ਖੁਸ਼ੀਆਂ ਦੇ ਪੈਗਾਮ ਲਿਆਉਣ ਵਾਲਾ ਸੂਰਜ ਜਿਹੜਾ ਭਲਕੇ ਚੜ੍ਹਨਾ ਹੈ ਨਾ ਤਾਂ ਉਸ ਸੂਰਜ ਦੇ ਚੜ੍ਹਦਿਆਂ "ਨਾਨਕ-ਨਿਰੰਕਾਰੀ" ਮਹਿਤਾ ਕਾਲੂ ਚੰਦ ਦੇ ਪੁੱਤਰ, ਦੁਨੀਆਂ ਦੇ ਉਤੇ ਰਹਿਮ ਕਰਨ ਵਾਲੇ ਗੁਰੂ ਨੇ ਚੌਂਹ ਸਿੱਖਾਂ ਸਮੇਤ ਸਾਡੇ ਘਰ ਪ੍ਰਸ਼ਾਦਿ ਛੱਕਣ ਆਉਣਾ ਹੈ । ਜਿਸ ਵੇਲੇ ਘਰ ਵਾਲੀ ਨੇ ਸੁਣਿਆ ਬਚਨ ਤੇ ਗੁਰਮੱਤੀਆ ਸੀ ਨਾ ਗੁਰਮੱਤੀਆ ਤੇ ਇਕ ਵਾਰੀ ਫਿਰ ਮਾਲਿਕ ਦੇ ਚਰਨਾਂ ਵਿਚ ਮੱਥਾ ਟੇਕਿਆ, ਮਾਲਕਾ, ਧੰਨ ਮੇਰੀ ਮਾਂ ! ਧੰਨ ਮੇਰਾ ਪਿਉ ! ਧੰਨ ਮੇਰੇ ਨਾਨਕੇ-ਦਾਦਕੇ ਜਿਨ੍ਹਾਂ ਮੈਨੂੰ ਤੇਰੇ ਵਰਗੇ ਦੇਵਤਾ ਪਤੀ ਦੇ ਲੜ ਲਾਇਆ। ਮੈਂ ਕੁਕਰਮਨ, ਮੈਂ ਪਾਪਨ, ਮੈਂ ਹੱਤਿਆਰੀ, ਤੇਰੇ ਲੜ ਲੱਗਣ ਦੇ ਸਦਕਾ ਹੀ ਭਲਕੇ ਮੈਨੂੰ "ਨਾਨਕ-ਨਿਰੰਕਾਰੀ" ਦਾ ਭੋਜਨ ਪਕਾਉਣਾ ਪਵੇਗਾ ਇਹਨਾਂ ਹੱਥਾਂ ਨਾਲ । ਇਹ ਸਭ ਕੁਝ ਤੇਰੇ ਪਿਆਰ ਦੇ ਸਦਕਾ ਹੀ ਮੈਨੂੰ ਇਹ ਸੇਵਾ ਕਰਨ ਦੀ ਦਾਤ ਮਿਲੀ ਹੈ। ਮੈਂ ਉਹਨਾਂ ਦੇ ਜੂਠੇ ਬਰਤਨ ਸਾਫ ਕਰਾਂਗੀ। ਮੇਰੇ ਜਨਮ-ਜਮਾਂਤਰਾਂ ਦੇ ਪਾਪੀ ਹੱਥ ਪਵਿੱਤਰ ਹੋ ਜਾਣਗੇ। ਐ ਮੇਰੇ ਚੰਗੇ ਮਾਲਿਕ, ਤੁਸੀਂ ਮੇਰੇ ਤੇ ਬੜੀ ਕਿਰਪਾ ਕੀਤੀ । ਗੱਲ ਨਹੀਂ ਪਈ ਕਿ ਆਪ ਨੂੰ ਥਾਂ ਨਹੀਂ ਤੇ ਪੰਜ ਪੀਰ ਨਾਲ! ਆਪਣੇ ਘਰ ਕੁਝ ਖਾਣ ਨੂੰ ਲੱਭਦਾ ਨਹੀਂ ਤੇ ਇਹ ਨਾਨਕ ਦੀਆਂ ਰੋਟੀਆਂ ਕਰਦਾ ਫਿਰਦਾ ਹੈ । ਇਹ ਤੇ ਮਨਮੁੱਖਾਂ ਵਾਲੀਆਂ ਗੱਲਾਂ ਨੇ-ਨਾ। ਇਹ ਤੇ ਜਿਹੜੇ ਦੁਨੀਆਂ ਨੂੰ ਆਪਣੀ ਸਮਝ ਬੈਠੇ ਨੇ ਉਹਨਾਂ ਦੀਆਂ ਗੱਲਾਂ ਨੇ ! ਮਾਨ ਸਿੰਘ ਝੌਰ ਜੀ ਦੱਸਦੇ ਹਨ, ਮੈਂ ਜਿਸ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਬਚਨ ਕਰਦਾ ਹਾਂ, ਸਾਹਿਬ ਹੋਕਾ ਦਿੰਦੇ ਨੇ :

"ਸੰਤ ਜਨਾ ਮਿਲਿ ਹਰਿ ਜਸੁ ਗਾਇਓ"

ਅਸੀਂ ਲੱਖਾਂ ਰੁਪਇਆਂ ਦਾ ਸੌਦਾ ਕਰਨ ਦੇ ਯੋਗ ਹੋ ਗਏ ! ਕਈ ਲੱਖ ਦਾ ਸੌਦਾ ਕਰ ਲਿਆ, ਕਈ ਲੱਖ ਦਾ ! ਦਿਨ ਭਾਗਾਂ ਵਾਲਾ ਚੜ੍ਹਿਆ, ਸੂਰਜ ਭਾਗਾਂ ਵਾਲਾ ਚੜ੍ਹਿਆ, ਅੱਜ ਦੀ ਰੌਸ਼ਨੀ ਕਰਮਾਂ ਵਾਲੀ ਹੋਈ, ਅੱਜ ਦੀ ਕੁੱਕੜ ਦੀ ਬਾਂਗ ਸਾਡੇ ਵਾਸਤੇ ਸੁਲੱਖਣੀ ਹੋਈ । ਅੱਜ ਵਰਗਾ ਦਿਨ ਸਾਡੀ ਜ਼ਿੰਦਗੀ ਵਿਚ ਮੁੜ ਕੇ ਨਹੀਂ ਲੱਭਣਾ ! ਹਰੀ ਪ੍ਰਮਾਤਮਾ ਦਾ ਜਿਹੜਾ ਨਾਮ ਹੈ, ਉਹ ਇਕ ਰਤਨ ਹੈ!

"ਤਿਸੁ ਜਨ ਕਉ ਮਨੁ ਤਨੁ ਸਭੁ ਦੇਵਉ ॥"

ਹਜ਼ੂਰ ਫੁਰਮਾਉਂਦੇ ਹਨ, ਜੀਅ ਕਰਦਾ ਹੈ ਉਸ ਗੁਰਮੁਖ ਨੂੰ ਮਨ ਵੀ ਅਰਪਨ ਕਰ ਦਿਆਂ, ਉਸ ਗੁਰਮੁਖ ਨੂੰ ਤਨ ਵੀ ਅਰਪਨ ਕਰ ਦਿਆਂ। ਮੈਂ ਉਸ ਦੇ ਅੱਗੇ ਆਪਾ-ਆਪ ਨਿਛਾਵਰ ਕਰ ਦਿਆਂ !

"ਜਿਨ ਹਰਿ ਨਾਮ ਸੁਣਿਆ ਪਿਆਰੇ
ਜਿਨ ਹਰਿ ਨਾਮੁ ਸੁਣਿਆ" *(ਪੰਨਾ ੧੧੩੫)*

ਸਾਰਾ ਧਨ ਉਹਦੇ ਅੱਗੇ ਅਰਪਨ ਕਰ ਦਿਆਂ, ਸਾਰੀ ਮਾਇਆ ਉਹਦੇ ਅੱਗੇ ਢੇਰੀ ਲਾ ਦਿਆਂ, ਸਾਰੀ ਸੰਪਤੀ, ਜਾਇਦਾਦ ਉਹਦੇ ਚਰਨਾਂ ਤੋਂ ਵਾਰ ਦਿਆਂ। ਮੈਨੂੰ ਮਿਲਾ ਦਿੱਤਾ ਹੋਵੇ ਜੇ "ਸਤਿਨਾਮ-ਵਾਹਿਗੁਰੂ" ਨਾਲ ! ਬਾਪੂ ਐਵੇਂ ਤਾਂ ਨਹੀਂ ਨਾ ਸਾਨੂੰ ਜਾਚ ਸਿਖਾਉਂਦਾ :

"ਕੋਈ ਜਨੁ ਹਰਿ ਸਿਉ ਦੇਵੈ ਜੋਰਿ ॥" *(ਪੰਨਾ ੭੦੧)*

ਆਵੇ ਕੋਈ ਗੁਰੂ ਕਾ ਪਿਆਰਾ ਜਿਹੜਾ ਸਾਨੂੰ ਵਿਛੜਿਆਂ ਹੋਇਆ ਨੂੰ ਜੋੜ ਦੇਵੇ ! ਜਿਹੜਾ ਜੋੜਦਾ ਹੈ, ਉਹਦੇ ਮੈਂ ਚਰਨ ਫੜ ਲਵਾਂ ਤੇ ਰਸਨਾ ਨਾਲ ਮੈਂ ਬੜਾ ਚੰਗਾ-ਚੰਗਾ ਬੋਲਾਂ ਤੇ ਇਕ ਹਿੰਦੀ ਦਾ ਸ਼ਬਦ ਹੈ ਬੱਕਤਤਯ ! ਅਰਥਾਤ ਬੋਲਣ ਵਾਲਾ। ਉਹਦੇ ਵਾਸਤੇ ਮੈਂ ਬੜੇ ਚੰਗੇ-ਚੰਗੇ ਸ਼ਬਦ ਬੋਲਾਂ, ਬੜੇ ਚੰਗੇ-ਚੰਗੇ ਸ਼ਬਦਾਂ ਨਾਲ ਮੈਂ ਉਸ ਦੀ ਉਪਮਾਂ ਕਰਾਂ। ਜਿਹੜਾ ਮੈਨੂੰ ਜੋੜ ਦੇਵੇ ਵਿਛੜੇ ਹੋਏ ਮਿੱਤਰ "ਸਤਿਨਾਮ-ਵਾਹਿਗੁਰੂ" ਨਾਲ। ਗੁਰੂ ਕੇ ਪਿਆਰਿਓ, ਮਨੁੱਖ ਜਨਮ ਮਿਲਿਆ ਹੈ ਤਰ ਲੈਣ ਦਿਉ। ਮਿੰਨਤ ਕਰੋ, ਅੰਦਰ ਤਾਂਘ ਪੈਦਾ ਕਰੋ ਮਿਲੇ। ਸਵਾਸ ਵਿਅਰਥ ਨਾ ਗੁਆ ਬੈਠੀਏ, ਪਛਤਾਉਣਾ ਪੈ ਜਾਏ ! ਮੇਰੇ ਭਾਗ ਸੁਵੱਲੇ, ਤੁਹਾਡੇ ਲੜ ਲੱਗਣ ਦਾ ਨਤੀਜਾ, ਕੱਲ ਮੌਕਾ ਮਿਲਿਆ। ਦਿਨ ਬੀਤਿਆ ਤੇ ਚਾਵਾਂ-ਮਲਾਰਾਂ ਨਾਲ ਰਾਤ ਵੇਖਿਆ ਮੁੱਕਦੀ ਨਹੀਂ ਪਈ। ਕਦੇ ਮੁੱਕੇ, ਦਿਨ ਹੋਵੇ, ਬਾਬਾ ਨਾਨਕ ਆਵੇ, ਪ੍ਰਸ਼ਾਦਿ ਛਕਾਈਏ, ਸੇਵਾ ਕਰੀਏ, ਦਰਸ਼ਨ ਕਰੀਏ। ਦੋ ਰਾਤਾਂ ਨਹੀਂ ਮੁੱਕਦੀਆਂ, ਇਕ ਵਿਛੋੜੇ ਵਾਲੀ ਤੇ ਇਕ ਖੁਸ਼ੀ ਵਾਲੀ। ਪਰ ਜਿਸ ਵੇਲੇ ਪ੍ਰਭਾਤ ਵੇਲਾ ਹੋਇਆ ਤੇ ਦੋਵੇਂ ਇਸਤਰੀ-ਪਤੀ ਸੋਚਾਂ ਦੇ ਮੰਡਲ ਵਿਚ ਰੁੜ੍ਹ ਗਏ। ਚਿੰਤਾ ਦੇ ਮੰਡਲ ਵਿਚ ਰੁੜ੍ਹ ਗਏ। ਸਾਡੇ ਘਰ ਤਾਂ ਆਪਣੇ ਪੇਟ ਵਾਸਤੇ ਓਨਾ ਹੀ ਆਟਾ ਸੀ, ਜਿੰਨੇ ਦੀਆਂ ਅਸੀਂ ਦੋ ਰੋਟੀਆਂ ਰਾਤੀਂ ਪਕਾ ਕੇ ਖਾ ਕੇ ਸੌਂ ਗਏ। ਅੱਜ ਤੇ ਆਪਣੇ ਪੇਟ ਨੂੰ ਝੋਕਾ ਦੇਣ ਵਾਸਤੇ ਛਟਾਂਕੀ ਆਟਾ ਸਾਡੇ ਤਲਵੇ ਵਿਚ, ਸਾਡੇ ਬਰਤਨ ਵਿਚ, ਭਾਂਡੇ ਵਿਚ ਹੈ ਨਹੀਂ ! ਅਸੀਂ ਪੰਜਾਂ ਸਿੱਖਾਂ ਦਾ ਭੋਜਨ ਕਿਸ ਤਰ੍ਹਾਂ ਬਣਾਵਾਂਗੇ ? ਇਹ ਸਿੱਖੀ ਦੀ ਕਮਾਈ ਹੈ, ਇਹ ਦੰਤ ਕਥਾ ਨਹੀਂ। ਇਹ ਅਮਲੀ ਜੀਵਨ ਹੈ। ਇਹ ਕੋਈ ਨਾਵਲ ਨਹੀਂ। ਸਿੱਖ ਨੇ ਆਖਿਆ ਕਰਮਾਂ ਵਾਲੀਏ। ਚਿੰਤਾ ਨਾ ਕਰ। ਮੈਂ ਬਜ਼ਾਰ ਵਿਚ ਵਿਗਾੜੀ ਹੋਈ ਨਹੀਂ। ਬਣਾ ਕੇ ਰੱਖੀ ਹੈ, ਕਿਸੇ ਦੇ ਘਰ ਜਾ ਕੇ ਉਧਾਰ-ਸੁਧਾਰ ਮੰਗਦਾ ਹਾਂ, ਸ਼ਾਇਦ ਕੋਈ ਰੱਬ ਦਾ ਪਿਆਰਾ

ਦੇ ਹੀ ਦੇਵੇ ! ਇਹ ਚਲਾ ਗਿਆ ਸੀਦਾ ਮੰਗਣ ਤੇ ਪਤੀਬ੍ਰਤਾ ਇਸਤਰੀ ਆਪਣੇ ਵਾਹਿਗੁਰੂ ਨਾਲ ਜੁੜ ਗਈ। ਅਰਦਾਸ ਕੀਤੀ, ਐ ਮੇਰੇ ਵਾਹਿਗੁਰੂ ! ਐ ਮੇਰੇ ਸਿਰਜਣਹਾਰ ! ਜੇ ਮੇਰਾ ਪਤੀਬ੍ਰਤਾ ਧਰਮ ਸੱਚਾ ਹੈ ਤਾਂ ਮੇਰਾ ਪਤੀ ਖਾਲੀ ਨਾ ਆਵੇ, ਮੇਰਾ ਪਤੀ ਨਿਰਾਸ਼ਾ ਨਾ ਆਵੇ। ਮੇਰੇ ਪਤੀ ਦੀ ਆਸ ਉਮੀਦ ਪੂਰੀ ਕਰ ਦੇਵੀਂ ਵਾਹਿਗੁਰੂ ! ਕਿਤੋਂ ਨਾ ਕਿਤੋਂ ਉਧਾਰ-ਸੁਧਾਰ ਸੀਦਾ ਮੇਰੇ ਪਤੀ ਦੀ ਝੋਲੀ ਵਿਚ ਪੈ ਜਾਵੇ, ਸਾਡੀ ਲਾਜ ਰਹਿ ਜਾਵੇ ! ਸਾਡੀ ਸੇਵਾ ਥਾਂ ਪੈ ਜਾਵੇ। ਇਸ ਪਤੀਬ੍ਰਤਾ ਦੀ ਅਰਦਾਸ ਪੂਰੀ ਹੋ ਗਈ। ਇਹ ਹੈ ਪਤੀਬ੍ਰਤਾ ਧਰਮ !

"ਚੜਿ ਚੇਤੁ ਬਸੰਤੁ ਮੇਰੇ ਪਿਆਰੇ"

ਚੇਤ ਦਾ ਮਹੀਨਾ, ਬਸੰਤ ਦੀ ਰੁੱਤ ਹੈ, ਬੜੀ ਸੁਹਾਵਣੀ ਰੁੱਤ ਹੈ ! ਤਰ੍ਹਾਂ-ਤਰ੍ਹਾਂ ਦੇ ਫੁੱਲ ਖਿੜੇ ਹੋਏ ਨੇ, ਭੌਰੇ ਉਤੇ ਗੂੰਜਾਂ ਪਾਉਂਦੇ ਨੇ, ਬੁਲਬਲਾਂ ਬੋਲਦੀਆਂ ਨੇ, ਹਵਾ ਵਿਚ ਮਹਿਕ ਹੈ !

"ਚੜਿ ਚੇਤੁ ਬਸੰਤੁ ਮੇਰੇ ਪਿਆਰੇ
ਭਲੀਅ ਰੁਤੇ ॥"

(ਪੰਨਾ ੪੫੨)

ਔਰ ਪਤੀਬ੍ਰਤਾ ਇਸਤਰੀ ਕਹਿਣ ਲੱਗੀ :

"ਪਿਰ ਬਾਝੜਿਅਹੁ ਮੇਰੇ ਪਿਆਰੇ"

ਐ ਮੇਰੇ ਪਤੀ ! ਰੁੱਤ ਚੰਗੀ ਹੈ, ਫੁੱਲ ਖਿੜੇ ਹੋਏ ਨੇ, ਭੌਰੇ ਗੂੰਜਦੇ ਨੇ, ਪਰ ਤੁਸੀਂ ਘਰ ਵਿਚ ਨਾ ਹੋਵੋ ਤੇ ਮੇਰੇ ਵਿਹੜੇ ਵਿਚ ਖੇਹ ਉੱਡਦੀ ਹੈ। ਮੇਰੇ ਵਿਹੜੇ ਵਿਚ ਧੂੜ ਉੱਡਦੀ ਹੈ। ਮੇਰੇ ਘਰ ਦੀਆਂ ਰੌਣਕਾਂ ਤੇ ਤੁਹਾਡੀ ਹਾਜ਼ਰੀ ਨਾਲ ਹੀ ਹਨ !

"ਮਨਿ ਆਸ ਉਡੀਣੀ ਮੇਰੇ ਪਿਆਰੇ"

ਮੇਰੇ ਮਨ ਵਿਚ ਆਸਾ ਹੈ ਤੁਹਾਡੇ ਮਿਲਣ ਦੀ, ਬੜੀ ਉਦਾਸ ਹਾਂ। ਮੈਂ ਦੋਵੇਂ ਨੇਤਰ ਤੁਹਾਡੇ ਰਾਹਾਂ ਵਿਚ ਜੋੜੇ ਹੋਏ ਨੇ। ਕਦੋਂ ਭਾਗਾਂ ਵਾਲੀ ਘੜੀ ਆਏਗੀ, ਜਦੋਂ ਕੰਨਾਂ ਵਿਚ ਅਵਾਜ਼ ਪਏਗੀ ਕਿ ਪਤੀ ਆ ਗਿਆ। ਇਹ ਹੈ "ਪਤੀਬ੍ਰਤਾ" ਧਰਮ ! ਇਹ ਹੈ ਕੋਮਲਤਾ ਨਾਲ, ਨਿਮਰਤਾ ਨਾਲ ਭਰਿਆ ਹੋਇਆ "ਪਤੀਬ੍ਰਤਾ ਧਰਮ"। ਜੋ ਆਪਣੇ ਪਤੀ ਦੀ ਉਡੀਕ ਵਿਚ ਬੈਠੀ ਹੋਈ ਹੈ ਕਿ ਉਹਦਾ ਪਤੀ ਆਵੇ ਤੇ ਉਹਦੇ ਕੰਨਾਂ ਵਿਚ ਅਵਾਜ਼ ਪਵੇ ਕਿ ਪਤੀ ਆ ਗਏ ਨੇ !

ਸੋ ਸਾਧ ਸੰਗਤ ਜੀ ! ਜਿੰਨੇ ਵੀ ਇਥੇ ਆਏ ਹੋ ਸਮੇਂ ਦੀ ਕੀਮਤ ਨੂੰ ਜਾਣਦੇ ਹੋਏ, ਅੱਜ ਝੋਲੀ ਭਰ ਕੇ ਜਾਣਾ ਕਿ ਵਾਹਿਗੁਰੂ ਦੇ ਨਾਮ ਦਾ ਧਨ ਕੀ ਹੈ ? ਹਰਿ ਦੇ ਨਾਮ ਦੀ ਅਰਾਧਨਾ ਕੀ ਹੈ ? ਜੇ ਵਾਹਿਗੁਰੂ ਦੇ ਨਾਮ ਦਾ, ਹਰਿ ਦੇ ਨਾਮ ਦੀ ਅਰਾਧਨਾ ਨਾਲ ਨਹੀਂ ਤਾਂ ਕਿਸੇ ਵੀ ਚੀਜ਼ ਨੇ ਨਾਲ ਨਹੀਂ ਜਾਣਾ। ਧਨ, ਜੋਬਨ ਵਰਗੀਆਂ ਜਿਨ੍ਹਾਂ ਚੀਜ਼ਾਂ ਤੇ ਅਸੀਂ ਮਾਣ ਕਰਦੇ ਹਾਂ, ਉਹਨਾਂ ਸਦਾ ਨਾਲ ਨਹੀਂ

ਰਹਿਣਾ। ਇਹ ਸਭ ਚੀਜ਼ਾਂ ਇਥੇ ਹੀ ਰਹਿ ਜਾਣੀਆਂ ਹਨ। ਇਸ ਲਈ ਵਾਹਿਗੁਰੂ ਦੇ ਨਾਮ ਦੇ ਧਨ ਨੂੰ ਜਾਣੋ, ਹਰਿ ਦੇ ਨਾਮ ਦੀ ਅਰਾਧਨਾ ਨੂੰ ਜਾਣੋ, ਪਾਪ ਤੇ ਪੁੰਨ ਵਿਚ ਅੰਤਰ ਜਾਣੋ, ਜਿਹਨੇ ਤੁਹਾਨੂੰ ਵਾਹਿਗੁਰੂ ਦੇ ਕੋਲ ਜਾਣ ਦਾ ਰਾਹ ਵਿਖਾਉਣਾ ਹੈ।

ਕਥਾ ਵਾਚਕਾਂ ਲਈ ਪ੍ਰਸਿੱਧ ਪੁਸਤਕਾਂ

ਗਿ. ਮਾਨ ਸਿੰਘ ਝੌਰ ਰਚਿਤ

1. ਨਾਮ ਖੁਮਾਰੀ
2. ਸਿੱਖ ਧਰਮ
3. ਈਸ਼ਵਰ ਭਗਤੀ
4. ਕਲਯੁਗ ਦਾ ਪ੍ਰਭਾਵ
5. ਸੱਚੀ ਕਿਰਤ

ਸੰਤਰੇਨ ਗਿਆਨੀ ਸੁਖਬੀਰ ਸਿੰਘ ਰਚਿਤ

1. ਕੁਦਰਤ ਦੀ ਕਲਾ (ਦੋ ਭਾਗ)
2. ਇਕ ਸੌ ਅੱਠ ਮਣਕੇ
3. ਗੁਰੂ ਦੀ ਕਲਾ
4. ਗੁਰਮਤਿ ਦੀ ਕਲਾ (ਪ੍ਰਸ਼ਨ-ਉੱਤਰ)
5. ਮਾਇਆ ਦੀ ਕਲਾ
6. ਮੌਤ ਦੀ ਕਲਾ
7. ਸ਼ਬਦ ਦੀ ਕਲਾ

ਕਥਾ ਵਾਚਕਾਂ ਲਈ ਕੁਝ ਹੋਰ ਪੁਸਤਕਾਂ

1. ਗਿਆਨ ਅੰਜਨੁ ਗੁਰਿ ਦੀਆ
   (ਗਿ. ਅਮਰੀਕ ਸਿੰਘ)
2. ਕਥਾ ਉਪਦੇਸ਼ ਸਾਗਰ
   (ਗਿ. ਭਗਤ ਸਿੰਘ)
3. ਗੁਰਵਾਕ ਚਾਨਣ
   (ਸੰਤ ਹਰੀ ਸਿੰਘ ਰੰਧਾਵੇ ਵਾਲੇ)
4. ਗੁਰਸ਼ਬਦ ਵੀਚਾਰ
   (ਗੁਰਦਰਸ਼ਨ ਸਿੰਘ ਸੋਢੀ)
5. ਸ੍ਰੀ ਗੁਰਮਤ ਸਾਖੀ ਪ੍ਰਮਾਣ
   (ਗਿਆਨੀ ਜੋਧ ਸਿੰਘ ਜੀ)
6. ਗੁਰ ਕਿਰਪਾ ਤੇ ਬੂਝੀਐ
   (ਡਾ. ਗੁਰਚਰਨ ਸਿੰਘ ਸੇਕ)
7. ਪ੍ਰਚਾਰਕ ਕਿਵੇਂ ਬਣੀਏ
   (ਨਿਰਮਲ ਸਿੰਘ ਨੂਰ)
8. ਤੇਰੀ ਓਟ ਪੂਰਨ ਗੋਪਾਲਾ
   (ਗੁਰਦਰਸ਼ਨ ਸਿੰਘ ਸੋਢੀ)
9. ਮੋਖਸ਼ ਮਾਰਗ *(ਸੇਵਾ ਸਿੰਘ)*
10. ਕੀਰਤਨ ਪ੍ਰਮਾਣ
    (ਰਾਗੀ ਮੇਹਰ ਸਿੰਘ)
11. ਬਵਿੰਜਾ ਲੈਕਚਰ
    (ਗਿ. ਸਰਦੂਲ ਸਿੰਘ)
12. ਦ੍ਰਿਸ਼ਟਾਂਤ ਸਾਗਰ
    (ਭਗਤ ਰਾਮ ਦਿੱਤਾ ਜੀ)
13. ਗੁਰਮੁਖ ਦਰਸ਼ਨ
    (ਸਿੰਘ ਸਾਹਿਬ ਗਿ. ਕਿਰਪਾਲ ਸਿੰਘ ਜੀ)
14. ਸਿੱਖ ਮੱਤ ਦਰਸ਼ਨ
    (ਸਿੰਘ ਸਾਹਿਬ ਗਿ. ਕਿਰਪਾਲ ਸਿੰਘ ਜੀ)
15. ਗੁਰਸਿੱਖੀ ਜੀਵਨ
    (ਸੁਰਿੰਦਰਜੀਤ ਸਿੰਘ 'ਪਾਲ')
16. ਮਨੁੱਖਤਾ ਦੇ ਉਸਰੱਈਏ
    (ਸੰਤ ਪ੍ਰੀਤਮ ਸਿੰਘ)
17. ਖਾਲਸਾ ਪ੍ਰਮਾਤਮ ਕੀ ਮੌਜ
    (ਮਾਸਟਰ ਬਲਵਿੰਦਰ ਸਿੰਘ)
18. ਗੁਰੂ ਤੇ ਗੁਰਬਾਣੀ
    (ਸੁਰਿੰਦਰਜੀਤ ਸਿੰਘ ਪਾਲ)
19. ਗੁਰੁਸਿੱਖਿਆ ਅਤੇ ਸਿੱਖੀ
    (ਡਾ. ਗੁਰਚਰਨ ਸਿੰਘ ਜ਼ੀਰਾ)
20. ਗੁਰੂ ਕੇ ਸ਼ੇਰ
    (ਡਾ. ਹਰਜਿੰਦਰ ਸਿੰਘ ਦਿਲਗੀਰ)
21. ਸਿੱਖ ਫਿਲਾਸਫ਼ੀ ਕੀ ਹੈ?
    (ਡਾ. ਹਰਜਿੰਦਰ ਸਿੰਘ ਦਿਲਗੀਰ)
22. ਬਾਬਾ ਮਹਾਂ ਹਰਿਨਾਮ ਸਿੰਘ
    ਜੀ ਭੁਚੋ ਵਾਲਿਆਂ ਦਾ ਸੰਖੇਪ ਜੀਵਨ

ਸ੍ਰੀ ਸਰਬਲੋਹ ਗ੍ਰੰਥ ਸਾਹਿਬ ਜੀ ਸਟੀਕ (ਦੋ ਭਾਗ)

ਸ੍ਰੀ ਸਰਬਲੋਹ ਗ੍ਰੰਥ ਸਾਹਿਬ ਇਕ ਅਲੌਕਿਕ ਅਤੇ ਅਮੋਲਕ ਰਚਨਾ ਹੈ, ਜਿਹੜੀ ਕਿ ਪਿਛਲੇ ਕਈ ਦਹਾਕਿਆਂ ਤੋਂ ਅਪ੍ਰਾਪਤ ਸੀ। ਇਕ ਪ੍ਰਾਚੀਨ ਖਰੜੇ ਨੂੰ ਲੈ ਕੇ ਉਸ ਦਾ ਸੁਖੈਨ ਪੰਜਾਬੀ ਵਿਚ ਟੀਕਾ ਕੀਤਾ ਗਿਆ ਹੈ, ਜਿਸ ਕਰਕੇ ਇਕ ਸਾਧਾਰਣ ਵਿਅਕਤੀ ਦੀ ਸਮਝ ਵਿਚ ਆ ਸਕੇ। **ਖ਼ਾਲਸਾ ਮੇਰੋ ਰੂਪ ਹੈ ਖ਼ਾਸ॥ ਖ਼ਾਲਸੇ ਮਹਿ ਹੌ ਕਰੌਂ ਨਿਵਾਸ॥** ਇਸ ਗ੍ਰੰਥ ਵਿਚ ਹੀ ਦਰਜ ਹੈ। ਇਸ ਗ੍ਰੰਥ ਵਿਚ ਖਾਲਸੇ ਦੀ ਮਹਿਮਾ ਅਤੇ ਵਾਹਿਗੁਰੂ ਸ਼ਬਦ ਦੀ ਵਿਆਖਿਆ ਤੇ ਅਨੇਕਾਂ ਰਾਗਾਂ ਤੇ ਭਾਸ਼ਾਵਾਂ ਦੀ ਗੁਰੂ ਜੀ ਨੇ ਵਰਤੋਂ ਕੀਤੀ ਹੋਈ ਹੈ, ਦਰਜ ਹੈ। ਦੋ ਭਾਗਾਂ ਵਿਚ ਸੰਪੂਰਨ

ਪ੍ਰਾਚੀਨ ਪੰਥ ਪ੍ਰਕਾਸ਼ (ਦੋ ਭਾਗ) *(ਰਤਨ ਸਿੰਘ ਭੰਗੂ)*

ਇਹ ਗ੍ਰੰਥ ਸ੍ਰੀ ਗੁਰੂ ਗੋਬਿੰਦ ਸਿੰਘ ਅਤੇ ਉਨ੍ਹਾਂ ਦੇ ਸਿੱਖਾਂ ਦੇ ਇਤਿਹਾਸ ਨੂੰ ਬੜੇ ਵਿਸਥਾਰ ਨਾਲ ਬਿਆਨ ਕਰਦਾ ਹੈ। ਬ੍ਰਿਜ ਭਾਸ਼ਾ ਵਿਚ ਲਿਖਿਆ ਹੋਣ ਕਰਕੇ ਆਮ ਵਿਅਕਤੀ ਦੀ ਸਮਝ ਵਿਚ ਨਹੀਂ ਸੀ ਆਉਂਦਾ। ਕਵੀ ਬੁੱਢਾ ਦਲ ਦੇ ਮੁਖੀ ਜੀ ਨੇ ਇਸ ਦੀ ਸਾਧਾਰਣ ਪੰਜਾਬੀ ਭਾਸ਼ਾ ਵਿਚ ਵਿਆਖਿਆ ਕੀਤੀ ਹੈ। ਇਹ ਗ੍ਰੰਥ ਦੋ ਭਾਗਾਂ ਵਿਚ ਪ੍ਰਾਪਤ ਹੈ।

ਸੁਨਹੁ ਸੰਤ ਪਿਆਰੇ *(ਗਿ. ਹਰਦੇਵ ਸਿੰਘ ਗਰੀਬ ਅਮਰੀਕਾ ਵਾਲੇ)*

ਗਿਆਨੀ ਜੀ ਪ੍ਰਸਿੱਧ ਕਥਾਕਾਰ ਹਨ, ਉਹ ਲੰਮੇ ਸਮੇਂ ਤੋਂ ਸਿੱਖ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਦੇ ਹਨ। ਉਨ੍ਹਾਂ ਦੇ ਚੋਣਵੇਂ ਲੈਕਚਰਾਂ ਨੂੰ ਇਸ ਪੁਸਤਕ ਵਿਚ ਇਕੱਠਾ ਕੀਤਾ ਗਿਆ ਹੈ ਤਾਂ ਕਿ ਨਵੀਂ ਪੀੜ੍ਹੀ ਉਨ੍ਹਾਂ ਦੇ ਦੁਰਲਭ ਵਿਚਾਰਾਂ ਨੂੰ ਪੜ੍ਹ ਕੇ ਆਤਮਿਕ ਰਸ ਮਾਣ ਸਕੇ। ਸਾਨੂੰ ਪੂਰਨ ਆਸ ਹੈ, ਕਿ ਇਹ ਪੁਸਤਕ ਸੁਹਜ ਗੂਹੜ ਗਿਆਨ ਖਜ਼ਾਨਾ ਹੀ ਨਹੀਂ ਖੋਲ੍ਹੇਗੀ ਬਲਕਿ ਨਵੇਂ ਕਲਾਕਾਰਾਂ ਦਾ ਮਾਰਗ ਦਰਸ਼ਨ ਵੀ ਕਰੇਗੀ।

ਦਾਰਸ਼ਨਿਕ ਯੋਧਾ ਗੁਰੂ ਗੋਬਿੰਦ ਸਿੰਘ *(ਡਾ. ਅਨੂਪ ਸਿੰਘ)*

ਗੁਰੂ ਗੋਬਿੰਦ ਸਿੰਘ ਜੀ ਦੀ ਸਖਸ਼ੀਅਤ ਇਕ ਅਜਿਹੇ ਮਹਾਂਸਾਗਰ ਵਾਂਗ ਹੈ ਜਿਸ ਦੀ ਥਾਹ ਪਾਉਣੀ ਕਿਸੇ ਮਨੁੱਖ ਦੇ ਵੱਸ ਵੀ ਨਹੀਂ। ਇਹ ਪੁਸਤਕ ਮਹਾਂਮਾਨਵ ਦੀ ਲਾਸਾਨੀ ਸਖਸ਼ੀਅਤ ਅਤੇ ਉਸ ਦੀ ਵਿਚਾਰਧਾਰਾ ਨੂੰ ਬਿਆਨ ਕਰਦੀ ਹੈ। ਲੇਖਕ ਨੇ ਗੁਰੂ ਸਾਹਿਬ ਦੇ ਜੀਵਨ ਅਤੇ ਰਚਨਾਵਾਂ ਵਿਚ ਜਿਹੜੀ ਲੋਕ-ਪੱਖੀ ਵਸਤੂ ਮੌਜੂਦ ਹੈ ਉਸਨੂੰ ਪਾਠਕਾਂ ਸਾਹਮਣੇ ਪੇਸ਼ ਕੀਤਾ ਹੈ।

ਸੱਚੀ ਕਿਰਤ